

ਪੰਜਾਬੀਆਂ ਦਾ ਹਰਮਨ ਪਿਆਰਾ ਅਖ਼ਬਾਰ

Website:www.janjagranlive.com

ਜਲੰਧਰ ਤੋਂ ਪ੍ਰਕਾਸ਼ਿਤ

# ਜਨ ਜਾਗਰਣ

R.N.I No. PUNPUN/2011/44547

Email- janjagran1988@gmail.com

Daily Jan Jagran Jalandhar



ਸਾਲ : 15 ਅੰਕ : 139 ਦਿਨ : ਮੰਗਲਵਾਰ ਮਿਤੀ : 20 ਮਈ, 2025 ਮੁੱਲ : 1.00 ਰੁਪਏ ਫੋਨ : 099998-89104 ਕੁੱਲ ਸਫੇ = 8


## ਹਾਈ ਕੋਰਟਾਂ ਦੇ ਸਾਰੇ ਸੇਵਾਮੁਕਤ ਜੱਜ ਪੂਰੀ ਤੇ ਬਰਾਬਰ ਪੈਨਸ਼ਨ ਦੇ ਹੱਕਦਾਰ: ਸੁਪਰੀਮ ਕੋਰਟ

ਨਵੀਂ ਦਿੱਲੀ, 19 ਮਈ (ਪੱਤਰ ਪ੍ਰੇਰਕ) ਸੁਪਰੀਮ ਕੋਰਟ ਨੇ ਅੱਜ ਇਕ ਅਹਿਮ ਫੈਸਲੇ ਵਿਚ ਕਿਹਾ ਕਿ ਵਧੀਕ ਜੱਜਾਂ ਸਣੇ ਹਾਈ ਕੋਰਟਾਂ ਦੇ ਸਾਰੇ ਜੱਜ ਪੂਰੀ ਪੈਨਸ਼ਨ ਤੇ ਸੇਵਾਮੁਕਤੀ ਲਾਭ ਲੈਣ ਦੇ ਹੱਕਦਾਰ ਹਨ। ਸਰਬਉੱਚ ਕੋਰਟ ਨੇ ਕਿਹਾ ਕਿ ਹਾਈ ਕੋਰਟਾਂ ਦੇ ਸਾਬਕਾ ਚੀਫ ਜਸਟਿਸਾਂ ਨੂੰ ਪੈਨਸ਼ਨ ਵਜੋਂ ਸਾਲਾਨਾ 15 ਲੱਖ ਰੁਪਏ ਮਿਲਣਗੇ। ਚੀਫ ਜਸਟਿਸ ਬੀਆਰ ਗਵਈ ਤੇ ਜਸਟਿਸ ਅਗਸਟੀਨ ਜੌਰਜ ਮਸੀਹ ਦੇ ਬੈਂਚ ਨੇ ਕਿਹਾ ਕਿ ਪੈਨਸ਼ਨ ਦੇਣ ਤੋਂ ਇਨਕਾਰ ਕਰਨਾ ਸੰਵਿਧਾਨ ਦੀ ਧਾਰਾ 14 ਤਹਿਤ ਬਰਾਬਰੀ ਦੇ ਅਧਿਕਾਰ ਦੀ ਉਲੰਘਣਾ ਹੈ। ਬੈਂਚ ਨੇ ਕਿਹਾ ਕਿ ਸਾਰਿਆਂ ਨੂੰ ਪੂਰੀ ਪੈਨਸ਼ਨ ਦਿੱਤੀ ਜਾਵੇਗੀ, ਭਾਵੇਂ ਉਨ੍ਹਾਂ ਦੀ ਨਿਯੁਕਤੀ ਕਦੋਂ ਹੋਈ ਹੋਵੇ ਅਤੇ ਉਹ ਵਧੀਕ ਜੱਜਾਂ ਵਜੋਂ ਸੇਵਾਮੁਕਤ ਹੋਏ ਹੋਣ ਜਾਂ ਬਾਅਦ ਵਿੱਚ ਸਥਾਈ ਕੀਤੇ ਗਏ ਹੋਣ। ਬੈਂਚ ਨੇ ਕਿਹਾ ਕਿ ਜੱਜਾਂ ਦੀ ਨਿਯੁਕਤੀ ਦੇ ਸਮੇਂ ਜਾਂ ਉਨ੍ਹਾਂ ਦੇ ਅਹੁਦੇ ਦੇ ਆਧਾਰ ’ਤੇ ਵਿਤਕਰਾ ਕਰਨਾ ਇਸ (ਬਰਾਬਰੀ ਦੇ) ਮੌਲਿਕ ਅਧਿਕਾਰ ਦੀ ਉਲੰਘਣਾ ਹੈ। ਸੀਜੇਆਈ ਨੇ ਫੈਸਲਾ ਸੁਣਾਉਂਦੇਹੋਏ



ਕਿਹਾ ਕਿ ਵਧੀਕ ਹਾਈ ਕੋਰਟ ਦੇ ਜੱਜ, ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ, ਦੇ ਪਰਿਵਾਰ ਵੀ ਸਥਾਈ ਜੱਜਾਂ ਦੇ ਪਰਿਵਾਰਾਂ ਵਾਂਗ ਹੀ ਪੈਨਸ਼ਨ ਅਤੇ ਸੇਵਾਮੁਕਤੀ ਲਾਭ ਦੇ ਹੱਕਦਾਰ ਹਨ। ਬੈਂਚ ਨੇ ਕਿਹਾ ਕਿ ਉਸ ਨੇ ਸੰਵਿਧਾਨ ਦੀ ਧਾਰਾ 200 ਦੀ ਜਾਂਚ ਕੀਤੀ ਹੈ ਜੋ ਸੇਵਾਮੁਕਤ ਹਾਈ ਕੋਰਟ ਦੇ ਜੱਜਾਂ ਨੂੰ ਅਦਾਇਗੀਯੋਗ ਪੈਨਸ਼ਨ ਨਾਲ ਸਬੰਧਤ ਹੈ। ਬੈਂਚ ਨੇ ਕਿਹਾ, “ਸਾਡਾ ਮੰਨਣਾ ਹੈ ਕਿ ਰਿਟਾਇਰਮੈਂਟ ਮਗਰੋਂ ਸੇਵਾਮੁਕਤੀ ਲਾਭ ਲਈ (ਹਾਈ ਕੋਰਟ ਦੇ) ਜੱਜਾਂ ਦਰਮਿਆਨ ਕਿਸੇ ਵੀ ਤਰ੍ਹਾਂ ਦੇ ਵਿਤਕਰਾ ਧਾਰਾ 14 ਦਾ ਉਲੰਘਣ ਹੋਵੇਗਾ। ਇਸ ਤਰ੍ਹਾਂ ਅਸੀਂ ਹਾਈ ਕੋਰਟ ਦੇ ਜੱਜਾਂ ਨੂੰ, ਫਿਰ ਚਾਹੇ ਉਹ ਕਿਸੇ ਵੀ ਸਮੇਂ ਸੇਵਾ ਵਿਚ ਆਏ ਹੋਣ, ਪੂਰੀ ਪੈਨਸ਼ਨ ਦਾ ਹੱਕਦਾਰ ਮੰਨਦੇ ਹਾਂ।” ਬੈਂਚ ਨੇ ਕਿਹਾ ਬਾਰ ’ਚੋਂ ਤਰੱਕੀ ਲੈ ਕੇ ਆਏ ਜੱਜਾਂ ਤੇ ਜ਼ਿਲ੍ਹਾ ਨਿਆਂਪਾਲਿਕਾ ’ਚੋਂ ਆਏ ਜੱਜਾਂ ਵਿਚ ਕੋਈ ਫ਼ਰਕ ਨਹੀਂ ਹੋਵੇਗਾ। ਬੈਂਚ ਨੇ ਕਿਹਾ ਕਿ ਨਵੇਂ ਪੈਨਸ਼ਨ ਯੋਜਨਾ ਅਧੀਨ ਆਉਣ ਵਾਲੇ ਲੋਕਾਂ ਨੂੰ ਬਰਾਬਰ ਪੈਨਸ਼ਨ ਮਿਲੇਗੀ। ਬੈਂਚ ਨੇ ਕਿਹਾ, “ਅਸੀਂ ਇਹ ਵੀ ਮੰਨਦੇ ਹਾਂ ਕਿ ਵਧੀਕ ਜੱਜ ਵਜੋਂ ਸੇਵਾਮੁਕਤ ਹੋਏ ਹਾਈ ਕੋਰਟ ਦੇ ਜੱਜਾਂ ਨੂੰ ਪੂਰੀ ਪੈਨਸ਼ਨ ਮਿਲੇਗੀ ਅਤੇ ਜੱਜਾਂ ਤੇ ਵਧੀਕ ਜੱਜਾਂ ਦਰਮਿਆਨ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਇਸ ਸ਼ਰਤ ਨਾਲ ਅਨਿਆਂ ਹੋਵੇਗਾ।” ਬੈਂਚ ਨੇ ਫੈਸਲੇ ਵਿਚ ਕਿਹਾ, “ਕੇਂਦਰ ਸਰਕਾਰ ਐਡੀਸ਼ਨਲ ਜੱਜਾਂ ਸਣੇ ਹਾਈ ਕੋਰਟਾਂ ਦੇ ਜੱਜਾਂ ਨੂੰ ਸਾਲਾਨਾ 13.50 ਲੱਖ ਰੁਪਏ ਦੀ ਪੂਰੀ ਪੈਨਸ਼ਨ ਦਾ ਭੁਗਤਾਨ ਕਰੇਗੀ।” ਸੁਪਰੀਮ ਕੋਰਟ ਦੇ ਤਫ਼ਸੀਲੀ ਫੈਸਲੇ ਦੀ ਅਜੇ ਉਡੀਕ ਹੈ। ਸੁਪਰੀਮ ਕੋਰਟ ਨੇ 28 ਜਨਵਰੀ ਨੂੰ ਉਨ੍ਹਾਂ ਸਾਰੀਆਂ ਪਟੀਸ਼ਨਾਂ ’ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ, ਜਿਸ ਵਿੱਚ ਜ਼ਿਲ੍ਹਾ ਨਿਆਂਪਾਲਿਕਾ ਅਤੇ ਹਾਈ ਕੋਰਟ ਵਿੱਚ ਸੇਵਾ ਦੀ ਮਿਆਦ ਨੂੰ ਧਿਆਨ ਵਿੱਚ ਰੱਖਦੇ ਹੋਏ ਪੈਨਸ਼ਨ ਦੇ ਮੁੜ ਨਿਰਧਾਰਨ ਸਬੰਧੀ ਇੱਕ ਪਟੀਸ਼ਨ ਵੀ ਸ਼ਾਮਲ ਸੀ।

## ਪਾਕਿਸਤਾਨ ਨੇ ਪਰਮਾਣੂ ਹਮਲੇ ਦਾ ਕੋਈ ਸੰਕੇਤ ਨਹੀਂ ਦਿੱਤਾ: ਭਾਰਤ

### ਵਿਦੇਸ਼ ਸਕੱਤਰ ਵੱਲੋਂ ਭਾਰਤ ਤੇ ਪਾਕਿਸਤਾਨ ਦੇ ਸਾਂਝੇ ਫੈਸਲੇ ਨਾਲ ਫੌਜੀ ਕਾਰਵਾਈ ਬੰਦ ਹੋਣ ਦਾ ਦਾਅਵਾ; ਸੰਸਦੀ ਪੈਨਲ ਨੂੰ ਦਿੱਤੀ ਜਾਣਕਾਰੀ

ਨਵੀਂ ਦਿੱਲੀ, 19 ਮਈ (ਪੱਤਰ ਪ੍ਰੇਰਕ) ਭਾਰਤ ਦੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਅੱਜ ਸੰਸਦੀ ਕਮੇਟੀ ਨੂੰ ਦੱਸਿਆ ਕਿ ਇਸਲਾਮਾਬਾਦ ਵੱਲੋਂ ਪ੍ਰਮਾਣੂ ਹਮਲੇ ਬਾਰੇ ਕੋਈ ਸੰਕੇਤ ਨਹੀਂ ਦਿੱਤਾ ਗਿਆ। ਇਨ੍ਹਾਂ ਦੋਵਾਂ ਦੇਸ਼ਾਂ ਦਰਮਿਆਨ ਹਮੇਸ਼ਾ ਰਵਾਇਤੀ ਤੌਰ ’ਤੇ ਹੀ ਟਕਰਾਅ ਹੁੰਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਫੌਜੀ ਕਾਰਵਾਈ ਰੋਕਣ ਦਾ ਫੈਸਲਾ ਦੋਵਾਂ ਦੇਸ਼ਾਂ ਦਾ ਸੀ। ਇਸ ਮੌਕੇ ਕੁਝ ਸੰਸਦ ਮੈਂਬਰਾਂ ਨੇ ਪੁੱਛਿਆ ਕਿ ਕੀ ਪਾਕਿਸਤਾਨ ਨੇ ਸੰਘਰਸ਼ ਵਿਚ ਚੀਨੀ ਪਲੇਟਫਾਰਮਾਂ ਦੀ ਵਰਤੋਂ ਕੀਤੀ ਹੈ। ਇਸ ਮੀਟਿੰਗ ਵਿਚ ਕਾਂਗਰਸ ਦੇ ਸੰਸਦ ਮੈਂਬਰ ਸ਼ਸ਼ੀ ਥਰੂਰ, ਟੀਐਮਸੀ ਦੇ ਅਭਿਸ਼ੇਕ ਬੈਨਰਜੀ, ਕਾਂਗਰਸ ਦੇ ਰਾਜੀਵ ਸ਼ੁਕਲਾ ਅਤੇ ਦੀਪੇਂਦਰ ਹੁੱਡਾ, ਏ ਆਈ ਐਮ ਆਈ ਐਮ ਦੇ ਮੁਖੀ ਅਸਦੂਦੀਨ ਓਵਾਇਸੀ ਅਤੇ ਭਾਜਪਾ ਦੇ ਅਪਰਾਜਿਤਾ ਸਣੇ ਕਈ ਸੰਸਦ ਮੈਂਬਰਾਂ ਨੇ ਹਿੱਸਾ ਲਿਆ। ਇਸ ਤੋਂ ਇਕ ਦਿਨ



ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਸੀ ਕਿ ਦੇਸ਼ ਵਿੱਚ ਬਣੀਆਂ ਬ੍ਰਹਮੋਸ ਮਿਜ਼ਾਈਲਾਂ ਨੇ ਪਾਕਿਸਤਾਨ ਦੇ ਹਵਾਈ ਟਿਕਾਣਿਆਂ ਨੂੰ ਨਸ਼ਟ ਕਰ ਦਿੱਤਾ ਜਦਕਿ ਚੀਨ ਤੋਂ ਉਧਾਰ ਲਈ ਗਈ ਉਸ ਦੀ ਹਵਾਈ ਰੱਖਿਆ ਪ੍ਰਣਾਲੀ ਵਰਤੋਂ ਵਿੱਚ ਹੀ ਨਹੀਂ ਲਿਆਂਦੀ ਜਾ ਸਕੀ। ਉਨ੍ਹਾਂ ਕਿਹਾ ਕਿ ਅਪਰੇਸ਼ਨ ਸਿੰਧੂਰ ਨੇ ਦੁਨੀਆ ਅੱਗੇ ਪਾਕਿਸਤਾਨ ਦੇ ਅਤਿਵਾਦ ਬਾਰੇ ਝੂਠ ਦਾ ਪਰਦਾਫਾਸ਼ ਕੀਤਾ। ਸ਼ਾਹ ਨੇ ਕਿਹਾ ਕਿ ਜਿੱਥੇ ਪਹਿਲਾਂ ਸਰਜੀਕਲ ਸਟ੍ਰਾਈਕ ਅਤੇ ਹਵਾਈ ਹਮਲੇ ਮਕਬੂਜ਼ਾ ਕਸ਼ਮੀਰ ਤੱਕ ਸੀਮਿਤ ਸਨ, ਉੱਧਰ ਭਾਰਤ ਨੇ ਅਪਰੇਸ਼ਨ ਸਿੰਧੂਰ ਦੌਰਾਨ ਪਾਕਿਸਤਾਨ ਦੀ ਸਰਹੱਦ ਪਾਰ ਕਰ ਕੇ 100 ਕਿਲੋਮੀਟਰ ਅੰਦਰ ਦਾਖ਼ਲ ਹੋ ਕੇ ਅਤਿਵਾਦੀਆਂ ਅਤੇ ਉਨ੍ਹਾਂ ਦੇ ਟਿਕਾਣਿਆਂ ਦਾ ਖਾਤਮਾ ਕੀਤਾ।

## ਅਮਰੀਕਾ ਵੱਲੋਂ ਭਾਰਤ ਦੀਆਂ ਗ਼ੈਰਕਾਨੂੰਨੀ ਇਮੀਗ੍ਰੇਸ਼ਨ ਏਜੰਸੀਆਂ ’ਤੇ ਵੀਜ਼ਾ ਪਾਬੰਦੀਆਂ

ਵਾਸ਼ਿੰਗਟਨ, 19 ਮਈ (ਪੱਤਰ ਪ੍ਰੇਰਕ)-ਅਮਰੀਕਾ ਨੇ ਸੰਯੁਕਤ ਰਾਜ ਅਮਰੀਕਾ ਵਿੱਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦੀ ਸਹੂਲਤ ਦੇਣ ਵਾਲੀਆਂ ਭਾਰਤ ਦੀ ਟਰੈਵਲ ਏਜੰਸੀਆਂ ’ਤੇ ਵੀਜ਼ਾ ਪਾਬੰਦੀਆਂ ਲਗਾਈਆਂ ਹਨ। ਇਹ ਏਜੰਸੀਆਂ ਗੈਰਕਾਨੂੰਨੀ ਢੰਗ ਨਾਲ ਭਾਰਤ ਤੋਂ ਕਈ ਨੌਜਵਾਨਾਂ ਨੂੰ ਅਮਰੀਕਾ ਭੇਜਦੀਆਂ ਸਨ ਤੇ ਉਨ੍ਹਾਂ ਤੋਂ ਮੋਟੀਆਂ ਰਕਮਾਂ ਵਸੂਲਦੀਆਂ ਸਨ ਤੇ ਇਸ ਦੇ ਇਵਜ਼ ਵਿਚ ਨੌਜਵਾਨਾਂ ਦੀ ਜ਼ਿੰਦਗੀ ਨੂੰ ਖਤਰੇ ਵਿਚ ਪਾ ਕੇ ਅਮਰੀਕਾ ਭੇਜਿਆ ਜਾਂਦਾ ਸੀ। ਵਿਦੇਸ਼ ਵਿਭਾਗ ਨੇ ਕਿਹਾ ਕਿ ਉਨ੍ਹਾਂ ਦੀ ਇਮੀਗ੍ਰੇਸ਼ਨ ਨੀਤੀ ਦਾ ਉਦੇਸ਼ ਨਾ ਸਿਰਫ਼ ਵਿਦੇਸ਼ੀ ਨਾਗਰਿਕਾਂ ਨੂੰ ਸੰਯੁਕਤ ਰਾਜ ਵਿੱਚ ਗੈਰਕਾਨੂੰਨੀ ਪਰਵਾਸ ਦੇ ਖ਼ਤਰਿਆਂ ਬਾਰੇ ਸੂਚਿਤ ਕਰਨਾ ਹੈ, ਸਗੋਂ ਗੈਰਕਾਨੂੰਨੀ ਇਮੀਗ੍ਰੇਸ਼ਨ ਦੇ ਸਾਧਨਾਂ ਸਮੇਤ ਸਾਡੇ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਨੂੰ ਜਵਾਬਦੇਹ ਬਣਾਉਣਾ ਹੈ।

## ਸਿੰਗਾਪੁਰ ਵਿੱਚ ਕਰੋਨਾ ਦੇ ਕੇਸ ਵਧੇ

ਸਿੰਗਾਪੁਰ, 19 ਮਈ (ਪੱਤਰ ਪ੍ਰੇਰਕ)-ਸਿੰਗਾਪੁਰ, ਚੀਨ, ਹਾਂਗਕਾਂਗ ਤੇ ਥਾਈਲੈਂਡ ਵਿੱਚ ਕਰੋਨਾ ਦੇ ਕੇਸ ਲਗਾਤਾਰ ਵਧ ਰਹੇ ਹਨ। ਇਹ ਪਤਾ ਲੱਗਿਆ ਹੈ ਕਿ ਪਹਿਲੀ ਤੋਂ 19 ਮਈ ਦਰਮਿਆਨ ਇੱਥੇ ਤਿੰਨ ਹਜ਼ਾਰ ਮਰੀਜ਼ ਸਾਹਮਣੇ ਆਏ ਹਨ। ਇਸ ਤੋਂ ਪਹਿਲਾਂ ਅਪਰੈਲ ਵਿਚ ਇਹ ਗਿਣਤੀ 11 ਹਜ਼ਾਰ ਦੇ ਕਰੀਬ ਸੀ ਤੇ ਇਸ ਵਿਚ 28 ਫੀਸਦੀ ਦਾ ਵਾਧਾ ਹੋਇਆ ਹੈ। ਦੂਜੇ ਪਾਸੇ ਥਾਈਲੈਂਡ ਤੇ ਚੀਨ ਵਿਚ ਵੀ ਕਰੋਨਾ ਦੇ ਕੇਸਾਂ ਕਾਰਨ ਚੌਕਸੀ ਦੇ ਹੁਕਮ ਦਿੱਤੇ ਗਏ ਹਨ। ਇਸ ਤੋਂ ਇਲਾਵਾ ਭਾਰਤ ਦੀ ਬੌਲੀਵੁਡ ਦੀ ਅਦਾਕਾਰਾ ਸ਼ਿਲਪਾ ਸ਼ਿਰੌਡਕਰ ਨੂੰ ਵੀ ਕਰੋਨਾ ਹੋ ਗਿਆ ਹੈ ਤੇ ਉਸ ਨੇ ਸੋਸ਼ਲ ਮੀਡੀਆ ’ਤੇ ਪੋਸਟ ਅਪਲੋਡ ਕਰ ਕੇ ਆਪਣੇ ਕਰੋਨਾ ਪਾਜ਼ੇਟਿਵ ਹੋਣ ਦੀ ਜਾਣਕਾਰੀ ਸਾਂਝੀ ਕੀਤੀ ਗਈ ਹੈ। ਇਸ ਤੋਂ ਬਾਅਦ ਬੌਲੀਵੁਡ ਦੇ ਹੋਰ ਅਦਾਕਾਰਾਂ ਨੇ ਉਸ ਦੇ ਜਲਦੀ ਸਿਹਤਯਾਬ ਹੋਣ ਦੀ ਕਾਮਨਾ ਕੀਤੀ ਹੈ।

## ਪੰਜਾਬ ਵਿੱਚ ਝੋਨੇ ਦੀ ਬਿਜਾਈ ਦੌਰਾਨ 8 ਘੰਟੇ ਮਿਲੇਗੀ ਬਿਜਲੀ


ਚੰਡੀਗੜ੍ਹ, 19 ਮਈ (ਪੱਤਰ ਪ੍ਰੇਰਕ)-ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਝੋਨੇ ਦੀ ਬਿਜਾਈ ਦੌਰਾਨ ਅੱਠ ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇਗੀ। ਇਸ ਲਈ ਪੰਜਾਬ ਨੂੰ ਤਿੰਨ ਜ਼ੋਨਾਂ ਵਿੱਚ ਵੰਡਿਆ ਗਿਆ ਹੈ। ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਪੰਜਾਬ ਵਿੱਚ 15 ਮਈ ਤੋਂ ਝੋਨੇ ਦੀ ਸਿੱਧੀ ਬਿਜਾਈ ਸ਼ੁਰੂ ਹੋ ਚੁੱਕੀ ਹੈ ਤੇ ਸਬੰਧਤ ਖੇਤਰਾਂ ਨੂੰ ਰੋਜ਼ਾਨਾ ਅੱਠ ਘੰਟੇ ਬਿਜਲੀ ਦਿੱਤੀ ਜਾ ਰਹੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ 1 ਜੂਨ ਤੋਂ ਕੌਮਾਂਤਰੀ ਸਰਹੱਦ ਨਾਲ ਲੱਗਦੇ ਖੇਤਰਾਂ ਅਤੇ ਨਹਿਰੀ ਸਿੰਜਾਈ ਵਾਲੇ ਖੇਤਰਾਂ ਵਿੱਚ ਬਿਜਾਈ ਦੀ ਆਗਿਆ ਦਿੱਤੀ ਗਈ ਹੈ। ਇਸ ਵਿੱਚ ਫਰੀਦਕੋਟ, ਬਠਿੰਡਾ, ਫਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਸ਼ਾਮਲ ਹਨ। 5 ਜੂਨ ਤੋਂ ਗੁਰਦਾਸਪੁਰ, ਪਠਾਨਕੋਟ, ਤਰਨ ਤਾਰਨ, ਅੰਮ੍ਰਿਤਸਰ, ਰੂਪਨਗਰ, ਐੱਸਏਐੱਸ ਨਗਰ (ਮੁਹਾਲੀ), ਫਤਿਹਗੜ੍ਹ ਸਾਹਿਬ ਅਤੇ ਹੁਸ਼ਿਆਰਪੁਰ ਵਿੱਚ ਬਿਜਾਈ ਸ਼ੁਰੂ ਕੀਤੀ ਜਾਵੇਗੀ।

## ਮੰਡੀ ਦੇ ਪੰਡੋਹ ਡੈਮ ’ਤੇ ਪਾਣੀ ਦਾ ਪੱਧਰ ਵਧਿਆ, ਮੌਸਮ ਵਿਭਾਗ ਵੱਲੋਂ ਅਲਰਟ ਜਾਰੀ

ਸ਼ਿਮਲਾ, 19 ਮਈ (ਪੱਤਰ ਪ੍ਰੇਰਕ)-ਮੰਡੀ ਜ਼ਿਲ੍ਹੇ ਵਿਚ ਪੰਡੋਹ ਡੈਮ ਦੇ ਅਧਿਕਾਰੀਆਂ ਨੇ ਸੋਮਵਾਰ ਨੂੰ ਆਮ ਲੋਕਾਂ ਅਤੇ ਸੈਲਾਨੀਆਂ ਨੂੰ ਬਿਆਸ ਦਰਿਆ ਦੇ ਕੰਢੇ ਨਾ ਜਾਣ ਦੀ ਚੇਤਾਵਨੀ ਦਿੱਤੀ ਹੈ, ਕਿਉਂਕਿ ਪਾਣੀ ਦਾ ਪੱਧਰ ਵਧਣ ਕਾਰਨ ਡੈਮ ਦੇ ਗੇਟ ਕਦੇ ਵੀ ਖੋਲ੍ਹੇ ਜਾ ਸਕਦੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਮੰਡੀ ਜ਼ਿਲ੍ਹੇ ਦੇ ਕੁਝ ਹਿੱਸਿਆਂ ਵਿਚ ਸੋਮਵਾਰ ਨੂੰ ਹਨੇਰੀ ਅਤੇ ਤੂਫ਼ਾਨ ਕਾਰਨ ਨੁਕਸਾਨ ਹੋਇਆ ਹੈ, ਜਦੋਂ ਕਿ ਮੰਡੀ ਅਤੇ ਸ਼ਿਮਲਾ ਵਿਚ ਭਾਰੀ ਬੱਦਲ ਛਾਏ ਰਹੇ। ਉਨ੍ਹਾਂ ਕਿਹਾ ਮੌਸਮ ਨੂੰ ਦੇਖਦੇ ਹੋਏ ਡੈਮ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਲਾਹੌਲ ਅਤੇ ਸਪੀਤੀ ਜ਼ਿਲ੍ਹੇ ਦੇ ਉਦੈਪੁਰ ਉਪ ਮੰਡਲ ਵਿਚ ਅਚਾਨਕ ਆਏ ਹੜ੍ਹ ਕਾਰਨ ਸੰਸਾਰੀ-ਕਿਲਾੜ-ਟਿੰਡੀ-ਥਿਰੋਟ ਮਾਰਗ ਪ੍ਰਭਾਵਿਤ ਹੋਣ ਕਾਰਨ ਰੁਕ ਗਿਆ ਹੈ। ਉਧਰ ਪੁਲੀਸ ਨੇ ਲੋਕਾਂ ਨੂੰ ਇਸ ਸੜਕ ’ਤੇ ਸਫ਼ਰ ਕਰਨ ਤੋਂ ਬਚਣ ਦੀ ਸਲਾਹ ਜਾਰੀ ਕੀਤੀ ਹੈ। ਇਸ ਦੇ ਨਾਲ ਹੀ ਮੌਸਮ ਵਿਭਾਗ ਨੇ ਸੋਮਵਾਰ ਨੂੰ ਉਨਾ ਅਤੇ ਸ਼ਿਮਲਾ ਜ਼ਿਲ੍ਹਿਆਂ ਵਿਚ ਵੱਖ-ਵੱਖ ਥਾਵਾਂ ’ਤੇ ਹਲਕੀ ਤੋਂ ਦਰਮਿਆਨੀ ਬਾਰਿਸ਼, ਬਿਜਲੀ ਲਿਸ਼ਕਣ, ਗੜੇ ਪੈਣ ਅਤੇ 40 ਤੋਂ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲ ਸੰਬੰਧੀ ’ਔਰੇਂਜ ਅਲਰਟ’ ਜਾਰੀ ਕੀਤਾ ਹੈ। ਇਸ ਤੋਂ ਇਲਾਵਾ ਬਿਲਾਸਪੁਰ, ਮੰਡੀ, ਕੁੱਲੂ, ਹਮੀਰਪੁਰ, ਸੋਲਨ ਅਤੇ ਸਿਰਮੌਰ ਜ਼ਿਲ੍ਹਿਆਂ ਵਿਚ ਵੱਖ-ਵੱਖ ਥਾਵਾਂ ’ਤੇ ਹਲਕੀ ਤੋਂ ਦਰਮਿਆਨੀ ਬਾਰਿਸ਼, ਬਿਜਲੀ ਲਿਸ਼ਕਣ ਅਤੇ 30 ਤੋਂ 40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾ ਚੱਲਣ ਸੰਬੰਧੀ ’ਯੈਲੋ ਅਲਰਟ’ ਜਾਰੀ ਕੀਤਾ ਹੈ।

## ਜੈਸ਼ੰਕਰ ਮੁੜ ਰਾਹੁਲ ਗਾਂਧੀ ਦੇ ਨਿਸ਼ਾਨੇ ’ਤੇ, ਕਿਹਾ ਵਿਦੇਸ਼ ਮੰਤਰੀ ਦੀ ਚੁੱਪੀ ‘ਨਿੰਦਣਯੋਗ’

ਨਵੀਂ ਦਿੱਲੀ, 19 ਮਈ (ਪੱਤਰ ਪ੍ਰੇਰਕ) ਕਾਂਗਰਸ ਆਗੂ ਰਾਹੁਲ ਗਾਂਧੀ ਨੇ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ’ਤੇ ਅੱਜ ਨਵੇਂ ਸਿਰਿਓਂ ਹੱਲਾ ਬੋਲਦਿਆਂ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਤਹਿਤ ਫੌਜੀ ਕਾਰਵਾਈ ਬਾਰੇ ਪਾਕਿਸਤਾਨ ਨੂੰ ਅਗਾਊਂ ਦੱਸਣ ਮਗਰੋਂ ਇਸ ਫੌਜੀ ਟਕਰਾਅ ਦੌਰਾਨ ਭਾਰਤ ਦੇ ਨੁਕਸਾਨੇ ਗਏ ਜਹਾਜ਼ਾਂ ਦੀ ਗਿਣਤੀ ਬਾਰੇ ਜੈਸ਼ੰਕਰ ਦੀ ‘ਚੁੱਪੀ’ ‘ਨਿੰਦਣਯੋਗ’ ਹੈ। ਕਾਂਗਰਸ ਆਗੂ ਨੇ ਇਸ ਤੋਂ ਪਹਿਲਾਂ ਵੀ ਇਸ ਮੁੱਦੇ ‘ਤੇ ਸਰਕਾਰ ‘ਤੇ ਨਿਸ਼ਾਨਾ ਸੇਧਿਆ ਸੀ। ਗਾਂਧੀ ਨੇ ਦਾਅਵਾ ਕੀਤਾ ਸੀ ਕਿ ਭਾਰਤ ਨੇ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ (ਪੀਓਕੇ) ਵਿੱਚ ਦਹਿਸ਼ਤੀ ਟਿਕਾਣਿਆਂ ’ਤੇ ਫੌਜੀ ਹਮਲਿਆਂ ਤੋਂ ਪਹਿਲਾਂ ਪਾਕਿਸਤਾਨ ਨੂੰ ਸੂਚਿਤ ਕੀਤਾ ਸੀ। ਗਾਂਧੀ ਨੇ ਐਕਸ ’ਤੇ ਇਕ ਪੋਸਟ ਵਿਚ ਕਿਹਾ, “ਵਿਦੇਸ਼ ਮੰਤਰੀ ਦੀ ਚੁੱਪੀ ਸਿਰਫ਼ ਦੱਸ ਹੀ ਨਹੀਂ ਰਹੀ, ਬਲਕਿ ਇਹ



ਨਿੰਦਣਯੋਗ ਹੈ। ਲਿਹਾਜ਼ਾ ਮੈਂ ਇਕ ਵਾਰ ਫਿਰ ਪੁੱਛਦਾ ਹਾਂ: ਸਾਡੇ ਕਿੰਨੇ ਭਾਰਤੀ ਜਹਾਜ਼ ਨੁਕਸਾਨੇ ਗਏ ਕਿਉਂਕਿ ਪਾਕਿਸਤਾਨ ਨੂੰ (ਇਨ੍ਹਾਂ ਹਮਲਿਆਂ ਬਾਰੇ) ਪਹਿਲਾਂ ਹੀ ਪਤਾ ਸੀ?” ਗਾਂਧੀ ਨੇ ਕਿਹਾ, “ਇਹ ਕੋਈ ਭੁੱਲ ਨਹੀਂ ਸੀ। ਇਹ ਇੱਕ ਅਪਰਾਧ ਸੀ। ਅਤੇ ਦੇਸ਼ ਸੱਚਾਈ ਦਾ ਹੱਕਦਾਰ ਹੈ।” ਗਾਂਧੀ ਨੇ ਪਹਿਲਾਂ ਜੈਸ਼ੰਕਰ ਦੀ ਬਿਨਾਂ ਤਰੀਕ ਵਾਲੀ ਵੀਡੀਓ ਕਲਿੱਪ ਸਾਂਝੀ ਕੀਤੀ ਸੀ ਅਤੇ ਲਿਖਿਆ ਸੀ, “ਸਾਡੇ ਹਮਲੇ ਦੀ ਸ਼ੁਰੂਆਤ ਤੋਂ ਪਹਿਲਾਂ ਪਾਕਿਸਤਾਨ ਨੂੰ ਇਸ ਬਾਰੇ ਸੂਚਿਤ ਕਰਨਾ ਅਪਰਾਧ ਸੀ। ਵਿਦੇਸ਼ ਮੰਤਰੀ ਨੇ ਜਨਤਕ ਤੌਰ ’ਤੇ ਮੰਨਿਆ ਹੈ ਕਿ 7+9 (ਭਾਰਤ ਸਰਕਾਰ) ਨੇ ਇਹ ਕੀਤਾ ਸੀ।” ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਨੇ ਪੁੱਛਿਆ ਸੀ, “ਇਸ ਨੂੰ ਕਿਸ ਨੇ ਅਧਿਕਾਰਤ ਕੀਤਾ? ਨਤੀਜੇ ਵਜੋਂ ਸਾਡੀ ਹਵਾਈ ਸੈਨਾ ਨੇ ਕਿੰਨੇ ਜਹਾਜ਼ ਗੁਆਏ।” ਵਿਦੇਸ਼ ਮੰਤਰਾਲੇ ਨੇ ਗਾਂਧੀ ਦੇ ਇਨ੍ਹਾਂ ਦਾਅਵਿਆਂ ਨੂੰ ‘ਪੂਰੀ ਤਰ੍ਹਾਂ ਗਲਤ ਪੇਸ਼ਕਾਰੀ’ ਦੱਸਿਆ ਸੀ।

## ਹਰਿਮੰਦਰ ਸਾਹਿਬ ’ਤੇ ਹਮਲੇ ਬਾਰੇ ਬਿਆਨ ’ਤੇ ਵਿਸ਼ਵਾਸ ਨਹੀਂ: ਮੁੱਖ ਸਕੱਤਰ ਐੱਸਜੀਪੀਸੀ

ਅੰਮ੍ਰਿਤਸਰ, 19 ਮਈ (ਪੱਤਰ ਪ੍ਰੇਰਕ)- ਪਾਕਿਸਤਾਨ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਕੀਤੇ ਜਾਣ ਸਬੰਧੀ ਭਾਰਤੀ ਫੌਜ ਵੱਲੋਂ ਕੀਤੇ ਖੁਲਾਸੇ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਆਖਿਆ ਕਿ ਉਹ ਅਜਿਹੇ ਕਿਸੇ ਵੀ ਬਿਆਨ ਤੇ ਵਿਸ਼ਵਾਸ ਨਹੀਂ ਕਰਦੇ ਹਨ। ਉਨ੍ਹਾਂ ਕਿਹਾ ਕਿ ਚਾਹੇ ਭਾਰਤੀ ਫੌਜ ਹੋਵੇ ਜਾਂ ਪਾਕਿਸਤਾਨੀ ਫੌਜ ਗੁਰੂ ਘਰ ਤੇ ਹਮਲੇ ਬਾਰੇ ਸੋਚ ਨਹੀਂ ਸਕਦੀ। ਇਹ ਅਜਿਹਾ ਸਥਾਨ ਹੈ, ਜਿੱਥੋਂ ਲੋਕਾਂ ਨੂੰ ਜੀਵਨ ਮਿਲਦਾ ਹੈ, ਖੁਸ਼ੀਆਂ ਅਤੇ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਭਾਰਤੀ ਫੌਜ ਦੇ ਇਸ ਦਾਅਵੇ ਨੂੰ ਖਾਰਜ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਇਸ ਤੇ ਵਿਸ਼ਵਾਸ ਹੀ ਨਹੀਂ ਕਰਦੇ। ਮੁੱਖ ਸਕੱਤਰ ਨੇ ਕਿਹਾ ਕਿ ਇਸ ਮਾਮਲੇ ਬਾਰੇ ਸੰਗਤ ਦੇ ਮਨ ਵਿੱਚ ਨਾ ਕੋਈ ਦੁਵਿਧਾ ਹੈ ਅਤੇ ਨਾ ਹੀ ਕੋਈ ਤੌਖਲਾ ਹੈ। ਸੰਗਤ ਪਹਿਲਾਂ ਵਾਂਗ ਹੀ ਵੱਡੀ ਗਿਣਤੀ ਵਿਚ ਗੁਰੂ ਘਰ ਵਿਖੇ ਨਤਮਸਤਕ ਹੋਣ ਲਈ ਪੁੱਜ ਰਹੀ ਹੈ। ਹਰਿਆਣਾ ਦੇ ਇਕ ਵਿਅਕਤੀ ਵੱਲੋਂ ਸਿੱਖ ਜਰਨੈਲਾਂ ਬਾਰੇ ਬਣਾਈਆਂ ਵੀਡੀਓਜ਼ ਬਾਰੇ ਉਨ੍ਹਾਂ ਕਿਹਾ ਕਿ ਸਿੱਖ ਜਰਨੈਲਾਂ ਬਾਰੇ ਫਿਲਮਾਂਕਣ ਕਰਨ ਤੇ ਰੋਕ ਹੈ। ਸਿੱਖ ਜਰਨੈਲਾਂ ਬਾਰੇ ਕਿਸੇ ਵੀ ਕਿਸਮ ਦਾ ਗਲਤ ਪ੍ਰਚਾਰ ਨਹੀਂ ਕਰਨਾ ਚਾਹੀਦਾ। ਇਸ ਤੇ ਉਨ੍ਹਾਂ ਚੇਤਾਵਨੀ ਦਿੱਤੀ ਹੈ ਕਿ ਅਜਿਹਾ ਕਰਨ ਵਾਲਿਆਂ ਖ਼ਿਲਾਫ਼ ਸ਼੍ਰੋਮਣੀ ਕਮੇਟੀ ਕਾਨੂੰਨੀ ਕਾਰਵਾਈ ਕਰੇਗੀ।

## ਪ੍ਰੋ. ਜਗਦੀਪ ਸਿੰਘ ਬਣੇ ਪੰਜਾਬੀ ’ਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ

ਪਟਿਆਲਾ, 19 ਮਈ (ਚਰਨਜੀਤ ਸਿੰਘ ਚੰਨੀ)-ਪੰਜਾਬ ਸਰਕਾਰ ਨੇ ਪ੍ਰੋ. ਜਗਦੀਪ ਸਿੰਘ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਵਾਈਸ ਚਾਂਸਲਰ ਨਿਯੁਕਤ ਕਰ ਦਿੱਤਾ ਹੈ ਤੇ ਇਸ ਸਬੰਧੀ ਹੁਕਮ ਅੱਜ ਪ੍ਰਿੰਸੀਪਲ ਸਕੱਤਰ ਵਿਵੇਕ ਪ੍ਰਤਾਪ ਸਿੰਘ ਨੇ ਜਾਰੀ ਕੀਤੇ ਤੇ ਵੀਸੀ ਦੇ ਅਹੁਦੇ ਦੀ ਮਿਆਦ ਤਿੰਨ ਸਾਲ ਰੱਖੀ ਗਈ ਹੈ। ਜ਼ਿਕਰਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦਾ ਅਹੁਦਾ ਕਾਫੀ ਸਮੇਂ ਤੋਂ ਖਾਲੀ ਪਿਆ ਸੀ। ਇਸ ਤੋਂ ਪਹਿਲਾਂ ਵਾਲੇ ਵਾਈਸ ਚਾਂਸਲਰ ਡਾ. ਅਰਵਿੰਦ ਵੀ ਆਇਸ਼ਰ ਸੰਸਥਾ ਨਾਲ ਸਬੰਧਤ ਰਹੇ ਹਨ। ਦੱਸਣਯੋਗ ਹੈ ਕਿ ਇਸ ਵੇਲੇ ਪੰਜਾਬੀ ਯੂਨੀਵਰਸਿਟੀ ਵਿਚ ਜੀਐਨਡੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਕੋਲ ਵਾਧੂ ਚਾਰਜ ਹੈ। ਪ੍ਰੋ. ਜਗਦੀਪ ਸਿੰਘ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਐਜੂਕੇਸ਼ਨ ਐਂਡ ਰਿਸਰਚ, ਮੁਹਾਲੀ ਦੇ ਰਜਿਸਟਰਾਰ



ਹਨ। ਆਈਆਈਐਸਈਆਰ ਮੁਹਾਲੀ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਪੰਜਾਬ ਸਰਕਾਰ ਦੇ ਉੱਚ ਸਿੱਖਿਆ ਵਿਭਾਗ ਵਿੱਚ ਡਾਇਰੈਕਟਰ (ੳ), ਐਡੀਸ਼ਨਲ ਡਾਇਰੈਕਟਰ, ਡਿਪਟੀ ਡਾਇਰੈਕਟਰ ਅਤੇ ਚੀਫ਼ ਵਿਜੀਲੈਂਸ ਅਫ਼ਸਰ ਵਜੋਂ ਵੱਖ-ਵੱਖ ਅਹੁਦਿਆਂ ’ਤੇ ਸੇਵਾ ਨਿਭਾਈ। ਉਹ ਚਾਰ ਸਾਲ ਕੇਂਦਰੀ ਯੂਨੀਵਰਸਿਟੀ ਆਫ਼ ਪੰਜਾਬ ਦੇ ਰਜਿਸਟਰਾਰ ਰਹੇ, ਜਿੱਥੇ ਉਨ੍ਹਾਂ ਨੇ ਪ੍ਰੀਖਿਆਵਾਂ ਕੰਟਰੋਲਰ ਅਤੇ ਵਿੱਤ ਅਫ਼ਸਰ ਵਜੋਂ ਵੀ ਸੇਵਾ ਨਿਭਾਈ। ਜਦੋਂ ਭਾਰਤ ਸਰਕਾਰ ਦੁਆਰਾ ਆਈਆਈਐਸਈਆਰ ਮੁਹਾਲੀ ਦੇ ਪ੍ਰੋਜੈਕਟ ਦਾ ਐਲਾਨ ਕੀਤਾ ਗਿਆ, ਤਾਂ ਉਨ੍ਹਾਂ ਨੂੰ ਪੰਜਾਬ ਸਰਕਾਰ ਵਲੋਂ ਪ੍ਰੋਜੈਕਟ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ। ਇਸ ਤੋਂ ਬਾਅਦ ਉਹ ਆਇਸ਼ਰ ਮੁਹਾਲੀ ਨਾਲ ਕੋਆਰਡੀਨੇਟਰ ਅਤੇ ਸਹਾਇਕ ਫੈਕਲਟੀ (2007-2012) ਵਜੋਂ ਜੁੜੇ ਰਹੇ। ਪ੍ਰੋ. ਸਿੰਘ ਨੇ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਵਿੱਚ ਬਾਇਓਟੈਕਨਾਲੋਜੀ ਦੇ ਸਲਾਹਕਾਰ ਵਜੋਂ ਵੀ ਸੇਵਾ ਨਿਭਾਈ। ਜੀਵ ਵਿਗਿਆਨ ਵਿੱਚ ਪੀਐਚ.ਡੀ. ਪ੍ਰੋ. ਸਿੰਘ ਨੇ ਅਣੂ ਜੀਵ ਵਿਗਿਆਨ ਵਿੱਚ ਪੋਸਟ-ਡਾਕਟਰੇਟ ਕੀਤੀ ਹੈ।

## ਸੇਬੀ ਵੱਲੋਂ ਮੇਹੁਲ ਚੋਕਸੀ ਨੂੰ ਦੋ ਕਰੋੜ ਰੁਪਏ ਅਦਾ ਕਰਨ ਲਈ ਨੋਟਿਸ

### ਪੰਦਰਾਂ ਦਿਨਾਂ ’ਚ ਅਦਾਇਗੀ ਨਾ ਕਰਨ ’ਤੇ ਬੈਂਕ ਖਾਤੇ ਤੇ ਸੰਪਤੀ ਜਾਮ ਕਰਨ ਦੀ ਚਿਤਾਵਨੀ


ਨਵੀਂ ਦਿੱਲੀ, 19 ਮਈ (ਪੱਤਰ ਪ੍ਰੇਰਕ) ਸ਼ੇਅਰ ਬਾਜ਼ਾਰ ਦੀ ਨਿਗਰਾਨ ਸੰਸਥਾ ਸੇਬੀ ਨੇ ਭਗੌੜੇ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਨੂੰ ਗੀਤਾਂਜਲੀ ਜੈੱਮਸ ਲਿਮਟਿਡ ਦੇ ਸ਼ੇਅਰਾਂ ’ਚ ਨਿਯਮਾਂ ਦੀ ਉਲੰਘਣਾ ਕਰਨ ਦੇ ਮਾਮਲੇ ’ਚ 2.1 ਕਰੋੜ ਰੁਪਏ ਅਦਾ ਕਰਨ ਦਾ ਨੋਟਿਸ ਭੇਜਿਆ ਹੈ। ਉਨ੍ਹਾਂ ਕਿਹਾ ਕਿ ਜੇ 15 ਦਿਨਾਂ ’ਚ ਰਕਮ ਦੀ ਅਦਾਇਗੀ ਨਾ ਕੀਤੀ ਗਈ ਤਾਂ ਉਸ ਦੀ ਸੰਪਤੀ ਅਤੇ ਬੈਂਕ ਖ਼ਾਤੇ ਜਾਮ ਕਰ ਦਿੱਤੇ ਜਾਣਗੇ।

ਸੇਬੀ ਵਲੋਂ ਇਹ ਡਿਮਾਂਡ ਨੋਟਿਸ ਉਦੋਂ ਜਾਰੀ ਹੋਇਆ ਹੈ ਜਦੋਂ ਚੋਕਸੀ ਨੇ ਜਨਵਰੀ 2022 ’ਚ ਲਗਾਇਆ ਗਿਆ ਜੁਰਮਾਨਾ ਅਦਾ ਨਾ ਕੀਤਾ। ਭਾਰਤੀ ਜਾਂਚ ਏਜੰਸੀਆਂ ਵੱਲੋਂ ਹਵਾਲਗੀ ਦੀ ਅਪੀਲ ਕੀਤੇ ਜਾਣ ਮਗਰੋਂ ਚੋਕਸੀ ਨੂੰ ਪਿਛਲੇ ਮਹੀਨੇ ਬੈਲਜੀਅਮ ’ਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਚੋਕਸੀ ਅਤੇ ਉਸ ਦੇ ਰਿਸ਼ਤੇਦਾਰ ਨੀਰਵ ਮੋਦੀ ’ਤੇ ਪੰਜਾਬ ਨੈਸ਼ਨਲ ਬੈਂਕ ਨਾਲ 14 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਠੱਗੀ ਮਾਰਨ ਦਾ ਦੋਸ਼ ਹੈ। ਭਾਰਤੀ ਜਾਂਚ ਏਜੰਸੀਆਂ ਵੱਲੋਂ ਹਵਾਲਗੀ ਦੀ ਅਪੀਲ ਮਗਰੋਂ ਭਗੌੜੇ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਨੂੰ ਬੈਲਜੀਅਮ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਚੋਕਸੀ ਪੰਜਾਬ ਨੈਸ਼ਨਲ ਬੈਂਕ ਨਾਲ 13,000 ਕਰੋੜ ਰੁਪਏ ਦੀ ਬੈਂਕ ਕਰਜ਼ਾ ‘ਧੋਖਾਧੜੀ’ ਕੇਸ ਵਿਚ ਜਾਂਚ ਏਜੰਸੀਆਂ ਨੂੰ ਲੋੜੀਂਦਾ ਹੈ। ਚੋਕਸੀ ਦੇ ਭਤੀਜੇ ਹੀਰਾ ਕਾਰੋਬਾਰੀ



ਨੀਰਵ ਮੋਦੀ ਤੋਂ ਬਾਅਦ ਇਸ ਕੇਸ ਦੇ ਦੂਜੇ ‘ਮੁੱਖ ਸ਼ੱਕੀ’ ਵਿਰੁੱਧ ਕਾਰਵਾਈ ਸ਼ਨਿੱਚਰਵਾਰ ਨੂੰ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਅਤੇ ਐੱਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਦਾਇਰ ਹਵਾਲਗੀ ਬੇਨਤੀ ਦੇ ਅਧਾਰ ’ਤੇ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਹੀਰਾ ਕਾਰੋਬਾਰੀ 2018 ਵਿਚ ਭਾਰਤ ਛੱਡਣ ਮਗਰੋਂ ਐਂਟੀਗਾ ਵਿਚ ਰਹਿ ਰਿਹਾ ਸੀ ਤੇ ਮੈਡੀਕਲ ਇਲਾਜ ਲਈ ਉਥੇ ਗਿਆ ਸੀ। ਚੋਕਸੀ ਦੀ ਗ੍ਰਿਫ਼ਤਾਰੀ ਲਈ ਜਾਰੀ ਇੰਟਰਪੋਲ ਰੈੱਡ ਨੋਟਿਸ ਕੁਝ ਸਮਾਂ ਪਹਿਲਾਂ ‘ਵਾਪਸ’ ਲੈ ਲਿਆ ਗਿਆ ਸੀ ਅਤੇ ਭਾਰਤੀ ਏਜੰਸੀਆਂ ਉਦੋਂ ਤੋਂ ਉਸ ਦੀ ਪੈੜ ਨੱਪਦਿਆਂ ਹਵਾਲਗੀ ਰੂਟ ਰਾਹੀਂ ਕਾਬੂ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਸਨ।

ਭਾਰਤੀ ਏਜੰਸੀਆਂ ਨੇ 2018 ਤੇ 2021 ਵਿੱਚ ਮੁੰਬਈ ਦੀ ਵਿਸ਼ੇਸ਼ ਅਦਾਲਤ ਵੱਲੋਂ ਜਾਰੀ ਕੀਤੇ ਗਏ ਘੱਟੋ-ਘੱਟ ਦੋ ਗ੍ਰਿਫ਼ਤਾਰੀ ਵਾਰੰਟ ਹਵਾਲਗੀ ਬੇਨਤੀ ਵਜੋਂ ਆਪਣੇ ਬੈਲਜੀਅਨ ਹਮਰੁਤਬਾ ਨਾਲ ਸਾਂਝੇ ਕੀਤੇ ਹਨ। ਸੀਬੀਆਈ ਅਤੇ ਈਡੀ ਨੇ ਚੋਕਸੀ, ਮੋਦੀ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਕਰਮਚਾਰੀਆਂ, ਬੈਂਕ ਅਧਿਕਾਰੀਆਂ ਅਤੇ ਹੋਰਾਂ ਖਿਲਾਫ਼ 2018 ਵਿੱਚ ਮੁੰਬਈ ’ਚ ਪੰਜਾਬ ਨੈਸ਼ਨਲ ਬੈਂਕ (ਪੀਐਨਬੀ) ਦੀ ਬ੍ਰੈਡੀ ਹਾਊਸ ਸ਼ਾਖਾ ਵਿੱਚ ਕਥਿਤ ਕਰਜ਼ਾ ਧੋਖਾਧੜੀ ਦੇ ਦੋਸ਼ ਤਹਿਤ ਕੇਸ ਦਰਜ ਕੀਤਾ ਸੀ। ਐਫਆਈਆਰ ਵਿਚ ਦੋਸ਼ ਲਗਾਇਆ ਗਿਆ ਸੀ ਕਿ ਚੋਕਸੀ, ਉਸ ਦੀ ਫਰਮ ਗੀਤਾਂਜਲੀ ਜੈੱਮਜ਼ ਅਤੇ ਹੋਰਾਂ ਨੇ ‘ਕੁਝ ਬੈਂਕ ਅਧਿਕਾਰੀਆਂ ਨਾਲ ਮਿਲ ਕੇ ਪੀਐਨਬੀ ਨਾਲ ਧੋਖਾਧੜੀ ਕੀਤੀ। ਧੋਖਾਧੜੀ ਨਾਲ ਐਲਓਯੂ (ਅੰਡਰਟੈਕਿੰਗ ਲੈਟਰ) ਜਾਰੀ ਕਰਵਾ ਕੇ ਅਤੇ ਨਿਰਧਾਰਤ ਪ੍ਰਕਿਰਿਆ ਦੀ ਪਾਲਣਾ ਕੀਤੇ ਬਿਨਾਂ ਐਫਐਲਸੀ (ਵਿਦੇਸ਼ੀ ਕ੍ਰੈਡਿਟ ਪੱਤਰ) ਵਧਾ ਕੇ ਬੈਂਕ ਨੂੰ ਗਲਤ ਨੁਕਸਾਨ ਪਹੁੰਚਾਇਆ।’ ਸੀਬੀਆਈ ਨੇ ਇਸ ਮਾਮਲੇ ਵਿੱਚ ਚੋਕਸੀ ਵਿਰੁੱਧ ਘੱਟੋ-ਘੱਟ ਦੋ ਚਾਰਜਸ਼ੀਟ ਦਾਇਰ ਕੀਤੀਆਂ ਸਨ ਜਦੋਂ ਕਿ ਈਡੀ ਨੇ ਇਸ ਤਰ੍ਹਾਂ ਦੀਆਂ ਤਿੰਨ ਸ਼ਿਕਾਇਤਾਂ ਦਾਇਰ ਕੀਤੀਆਂ ਹਨ।

# ਸਰਕਾਰੀ ਪ੍ਰਾਇਮਰੀ ਸਕੂਲ 'ਚ ਕਮਰਿਆਂ ਦੀ ਨੀਂਹ ਰੱਖੀ



ਸ਼ਹਿਣਾ, 19 ਮਈ (ਪੱਤਰ ਪ੍ਰੇਰਕ)–ਬਲਵੰਤ ਗਾਰਗੀ ਸਰਕਾਰੀ ਪ੍ਰਾਇਮਰੀ ਸਕੂਲ (ਮੁੰਡੇ) ਸ਼ਹਿਣਾ ਵਿੱਚ 40 ਲੱਖ ਰੁਪਏ ਦੀ ਗਰਾਂਟ ਨਾਲ (ਸਕੂਲ ਆਫ਼ ਹੈਪੀਨੈੱਸ) ਬਣਨ ਵਾਲੇ ਅਧੁਨਿਕ ਕਮਰਿਆਂ ਦਾ ਨੀਂਹ ਪੱਥਰ ਅੱਜ ਸਰਪੰਚ ਨਾਜਮ ਸਿੰਘ ਅਤੇ ਪੁੱਤਰੀ ਪਾਠਸ਼ਾਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸਿੱਧੂ ਨੇ ਸਾਂਝੇ ਤੌਰ 'ਤੇ ਕੀਤਾ। ਇਸ ਗਰਾਂਟ ਨਾਲ ਸਕੂਲ 'ਚ ਤਿੰਨ ਕਮਰੇ, ਇੱਕ ਹਾਲ ਅਤੇ ਇੱਕ ਸਟੇਜ ਬਣਨੀ ਹੈ। ਸਰਪੰਚ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਦੀ ਕਾਇਆ ਕਲਪ ਕੀਤੀ ਹੈ। ਉਨ੍ਹਾਂ ਕਿਹਾ ਕਿ ਕਸਬੇ ਸ਼ਹਿਣਾ ਵਿੱਚ ਭਰਵਾਂ ਵਿਕਾਸ ਹੋ ਰਿਹਾ ਹੈ। 20 ਤੋਂ ਵੱਧ ਗਲੀਆਂ 'ਚ ਇੰਟਰਲਾਕ ਟਾਈਲਾਂ ਲਾਈਆਂ ਗਈਆਂ ਹਨ। ਸਰਪੰਚ ਨਾਜਮ ਸਿੰਘ ਨੇ ਕਿਹਾ ਕਿ ਕਸਬੇ ਸ਼ਹਿਣਾ ਦੇ 4 ਸਰਕਾਰੀ ਸਕੂਲਾਂ 'ਚ ਲੱਖਾਂ ਰੁਪਏ ਦੀ ਲਾਗਤ ਨਾਲ ਕਮਰੇ, ਪੀਣ ਵਾਲੇ ਪਾਣੀ ਅਤੇ ਕੰਪਿਊਟਰ ਆਦਿ ਦੀਆਂ ਸੁਵਿਧਾਵਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਜਲਦੀ ਹੀ ਸਪੋਰਟਸ ਅਕੈਡਮੀ ਵੀ ਬਣਾਈ ਜਾ ਰਹੀ ਹੈ। ਇਸ ਮੌਕੇ ਕੁਲਵੰਤ ਸਿੰਘ ਸਿੱਧੂ, ਡਾਕਟਰ ਅਨਿਲ ਗਰਗ, ਸਰਕਾਰੀ ਪ੍ਰਾਇਮਰੀ ਗਰਲਜ਼ ਸਕੂਲ ਦੇ ਹੈੱਡ ਮਾਸਟਰ ਜਗਸੀਰ ਸਿੰਘ, ਪੰਚ ਮਨਪ੍ਰੀਤ ਸਿੰਘ ਪੀਤਾ ਆਦਿ ਹਾਜ਼ਰ ਸਨ। ਸਕੂਲ ਕਮੇਟੀ ਵੱਲੋਂ ਪਤਵੰਤਿਆਂ ਅਤੇ ਗ੍ਰਾਮ ਪੰਚਾਇਤ ਦਾ ਸਨਮਾਨ ਸਨਮਾਨ ਕੀਤਾ ਗਿਆ।

# ਮੋਗਾ: ਜ਼ਮੀਨਾਂ ਦੇ ਕੁਲੈਕਟਰ ਰੇਟਾਂ 'ਚ ਭਾਰੀ ਵਾਧਾ

ਮੋਗਾ, 19 ਮਈ (ਪੱਤਰ ਪ੍ਰੇਰਕ)–ਪੰਜਾਬ ਸਰਕਾਰ ਨੇ ਸੂਬੇ 'ਚ ਜ਼ਮੀਨਾਂ ਦੇ ਕੁਲੈਕਟਰ ਰੇਟ ਵਧਾ ਦਿੱਤੇ ਹਨ। ਪ੍ਰਾਪਰਟੀ ਦਾ ਕੰਮ ਕਰਨ ਵਾਲੇ ਇਸ ਵਾਧੇ ਤੋਂ ਨਾਖ਼ੁਸ਼ ਹਨ ਕਿਉਂਕਿ ਉਨ੍ਹਾਂ ਨੂੰ ਖ਼ਦਸ਼ਾ ਹੈ ਕਿ ਇਸ ਫ਼ੈਸਲੇ ਕਾਰਨ ਵੇਚ-ਵੱਟਤ ਘਟੇਗੀ। ਇਸ ਤੋਂ ਇਲਾਵਾ ਲੋਕਾਂ ਲਈ ਹੁਣ ਨਵੇਂ ਘਰ, ਪਲਾਟ ਅਤੇ ਜ਼ਮੀਨਾਂ ਦੀ ਖ਼ਰੀਦੋ-ਫ਼ਰੋਖ਼ਤ ਕਰਨੀ ਮਹਿੰਗਾ ਸੌਦਾ ਬਣ ਗਿਆ ਹੈ। ਕੁਲੈਕਟਰ ਰੇਟ ਵੱਧਣ ਨਾਲ ਸੂਬੇ ਦੀ ਵਿੱਤੀ ਹਾਲਤ ਨੂੰ ਤਾਂ ਹੁਲਾਰਾ ਮਿਲੇਗਾ ਪਰ ਇਸ ਨਾਲ ਲੋਕਾਂ 'ਤੇ ਬੋਝ ਪਵੇਗਾ। ਮੱਧ ਵਰਗੀ ਪਰਿਵਾਰਾਂ ਲਈ ਹੁਣ ਘਰ ਲਈ ਥਾਂ ਖਰੀਦਣ ਦਾ ਸੁਪਨਾ ਹੋਰ ਮਹਿੰਗਾ ਹੋ ਗਿਆ ਹੈ। ਡਿਪਟੀ ਕਮਿਸ਼ਨਰ ਸਾਗਰ ਸੇਤੀਆ ਦੀ ਪ੍ਰਧਾਨਗੀ ਹੇਠ ਜ਼ਮੀਨੀ ਕੁਲੈਕਟਰ ਰੇਟ ਵਧਾਉਣ ਸਬੰਧੀ ਮਾਲ ਵਿਭਾਗ ਦੇ ਅਧਿਕਾਰੀਆਂ ਦੀਆਂ ਮੀਟਿੰਗ 'ਚ ਪਿਛਲੇ ਨਿਰਧਾਰਤ ਕੁਲੈਕਟਰ ਰੇਟਾਂ ਤੋਂ 30 ਤੋਂ 50 ਫੀਸਦੀ ਦਾ ਵਾਧਾ ਕਰ ਕੇ ਭਲਕੇ ਸੋਮਵਾਰ 19 ਮਈ ਤੋਂ ਲਾਗੂ




ਕਰਨ ਲਈ ਹਦਾਇਤਾਂ ਦਿੱਤੀਆਂ ਹਨ। ਡੀਸੀ ਨੇ ਕਿਹਾ ਕਿ ਮਾਰਕੀਟ ਵਿੱਚ ਜੋ ਜ਼ਮੀਨ ਦੀ ਅਸਲ ਕੀਮਤ ਹੈ, ਉਸ ਨਾਲੋਂ ਕੁਲੈਕਟਰ ਰੇਟ ਹਾਲੇ ਵੀ ਬਹੁਤ ਘੱਟ ਹਨ। ਕੁਲੈਕਟਰ ਰੇਟਾਂ ਵਿੱਚ ਵਾਧਾ ਤੈਅ ਕਰਨ ਸਮੇਂ ਜ਼ਮੀਨ ਦੀ ਲੋਕੇਸ਼ਨ ਵੀ ਅਹਿਮ ਭੂਮਿਕਾ ਨਿਭਾਉਂਦੀਹੈ। ਜੇਕਰ ਕੋਈ ਖੇਤਰ ਜ਼ਿਆਦਾ ਵਿਕਸਿਤ ਹੋ ਰਿਹਾ ਤਾਂ ਉੱਥੇ ਕੁਲੈਕਟਰ ਰੇਟ ਨੂੰ ਜ਼ਿਆਦਾ ਵਧਾਇਆ ਜਾ ਸਕਦਾ ਹੈ। ਇਥੇ ਜ਼ਿਲ੍ਹੇ ਵਿਚ ਪਹਿਲਾਂ ਜਿਨ੍ਹਾਂ ਖੇਤੀਬਾੜੀ ਜ਼ਮੀਨਾਂ ਦਾ ਕੁਲੈਕਟਰ ਰੇਅ 10 ਤੋਂ 12 ਲੱਖ ਪ੍ਰਤੀ ਏਕੜ ਸੀ ਉਹ ਹੁਣ 15 ਲੱਖ ਰੁਪਏ ਪ੍ਰਤੀ ਏਕੜ ਹੋ ਗਿਆ ਹੈ। ਇਸ ਨਾਲ ਹੁਣ ਖਤੀਬਾੜੀ ਜ਼ਮੀਨ ਦੀ ਰਜਿਸਟਰੀ ਪ੍ਰਤੀ ਏਕੜ 25 ਤੋਂ 50 ਹਜ਼ਾਰ ਰੁਪਏ ਮਹਿੰਗੀ ਹੋ ਗਈ ਹੈ। ਖੇਤੀਬਾੜੀ ਜਾਇਦਾਦ, ਰਿਹਾਇਸ਼ੀ, ਵਪਾਰਕ ਤੇ ਉਦਯੋਗਿਕ ਜ਼ਮੀਨ ਲਈ ਕੁਲੈਕਟਰ ਰੇਟ ਵੱਖਰੇ ਤੌਰ 'ਤੇ ਤੈਅ ਕੀਤੇ ਗਏ ਹਨ। ਸੂਬਾ ਸਰਕਾਰ ਨੇ ਖੇਤੀ ਜ਼ਮੀਨਾਂ ਦੀਆਂ ਅਸਮਾਨ ਨੂੰ ਛੂਹ ਰਹੀਆਂ ਕੀਮਤਾਂ ਦੇ ਮੱਦੇਨਜ਼ਰ 8 ਮਹੀਨੇ ਪਹਿਲਾਂ ਹੀ 23 ਸਤੰਬਰ 2024 ਨੂੰ ਜ਼ਮੀਨਾਂ ਦੇ ਕੁਲੈਕਟਰ ਰੇਟ ਵਿੱਚ 10 ਤੋਂ 15 ਫ਼ੀਸਦੀ ਵਾਧਾ ਕੀਤਾ ਸੀ। ਰੀਅਲ ਅਸਟੇਟ ਕਾਰੋਬਾਰੀਆਂ ਦਾ ਕਹਿਣਾ ਹੈ ਕਿ ਸਰਾਕਾਰ ਦਾ ਇਹ ਫ਼ੈਸਲਾ ਰੀਅਲ ਅਸਟੇਟ ਕਾਰੋਬਾਰ ਨੂੰ ਮੰਦੀ ਦੀ ਮਾਰ ਵੱਲ ਲਿਜਾਣ ਵਾਲਾ ਅਤੇ ਇਸ ਫ਼ੈਸਲੇ ਨੇ ਲੋਕਾਂ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ। ਹਾਲਾਂਕਿ ਪ੍ਰਸ਼ਾਸਨਿਕ ਅਧਿਕਾਰੀ ਇਸ ਨੂੰ ਰੂਟੀਨ ਵਾਧਾ ਦੱਸ ਰਹੇ ਹਨ। ਅਧਿਕਾਰੀਆਂ ਮੁਤਾਬਕ ਪਿੰਡਾਂ ਅਤੇ ਸ਼ਹਿਰਾਂ ਵਿੱਚ ਜਾਇਦਾਦ ਦੇ ਭਾਅ ਅਸਮਾਨੀ ਚੜ੍ਹ ਗਏ ਹਨ ਅਤੇ ਉਸ ਲਿਹਾਜ਼ ਨਾਲ ਕੁਲੈਕਟਰ ਰੇਟ ਨਹੀਂ ਵਧੇ ਹਨ। ਦੱਸਣਾ ਬਣਦਾ ਹੈ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਮੇਂ ਖੇਤੀਬਾੜੀ, ਰਿਹਾਇਸ਼ੀ ਜ਼ਮੀਨਾਂ ਦੇ ਭਾਅ 'ਚ ਇੰਨਾਂ ਗਿਰਵਾਟ ਆਈ ਸੀ ਕਿ ਸਰਕਾਰ ਦੇ ਮਾਲੀਏ ਦਾ ਟੀਚਾ ਵੀ ਪੂਰਾ ਨਹੀਂ ਸੀ ਹੁੰਦਾ ਅਤੇ ਦੋ ਵਾਰ ਜ਼ਮੀਨਾਂ ਦੇ ਕੁਲੈਕਟਰ ਰੇਟ ਘੱਟ ਕਰਨੇ ਪਏ ਸਨ।

# ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਦਾ ਸਨਮਾਨ



ਕੋਟਕਪੂਰਾ, 19 ਮਈ (ਪੱਤਰ ਪ੍ਰੇਰਕ)–ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਦੀ ਸੁਖਪ੍ਰੀਤ ਕੌਰ ਨੇ 96.7 ਫੀਸਦੀ ਅੰਕ ਪ੍ਰਾਪਤ ਕਰਕੇ ਪੰਜਾਬ ਦੀ ਮੈਰਿਟ ਵਿੱਚ 21ਵਾਂ ਸਥਾਨ ਅਤੇ ਸਕੂਲ ਮੈਰਿਟ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਸਕੂਲ ਪ੍ਰਬੰਧਕਾਂ ਨੇ ਸਕੂਲ ਦਾ ਵਧੀਆ ਨਤੀਜਾ ਰਹਿਣ 'ਤੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਸਾਰੇ ਵਿਦਿਆਰਥੀਆਂ ਦਾ ਸਨਮਾਨ ਕੀਤਾ। ਸਕੂਲ ਪ੍ਰਿੰਸੀਪਲ ਸੋਮਾ ਦੇਵੀ ਨੇ ਦੱਸਿਆ ਕਿ ਦਸਮੇਸ਼ ਮਿਸ਼ਨ ਸਕੂਲ ਹਰੀ ਨੌਂ ਦੇ 65 ਵਿਦਿਆਰਥੀਆਂ ਵਿੱਚੋਂ 14 ਵਿਦਿਆਰਥੀਆਂ ਨੇ 90 ਫੀਸਦੀ ਤੋਂ ਉੱਪਰ, 15 ਵਿਦਿਆਰਥੀਆਂ ਨੇ 80 ਫੀਸਦੀ ਤੋਂ ਉੱਪਰ ਅਤੇ ਬਾਕੀ ਸਾਰੇ ਵਿਦਿਆਰਥੀਆਂ ਨੇ ਵੀ ਵਧੀਆ ਅੰਕ ਪ੍ਰਾਪਤ ਕਰਕੇ ਆਪਣੇ ਮਾਪਿਆਂ, ਸਕੂਲ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ। ਡਾਇਰੈਕਟਰ ਪ੍ਰਿੰਸੀਪਲ ਸੁਰਿੰਦਰ ਕੌਰ ਅਤੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ ਨੇ ਦੱਸਿਆ ਕਿ ਸਕੂਲ ਦੀ ਮੈਰਿਟ ਵਿੱਚ ਗੁਰਸ਼ਰਨਦੀਪ ਸਿੰਘ ਨੇ 95.2 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਜਸਪ੍ਰੀਤ ਕੌਰ ਅਤੇ ਗੁਰਲੀਨ ਕੌਰ ਨੇ 94.9 ਫੀਸਦੀ ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਿਲ ਕੀਤਾ। ਪ੍ਰਬਧਕਾਂ ਨੇ ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ।

## ਦਸ ਕਿਲੋਮੀਟਰ ਮੈਰਾਥਨ 'ਚ ਗੁਰਪ੍ਰੀਤ ਧਾਲੀਵਾਲ ਦੀ ਚਾਂਦੀ

ਤਪਾ ਮੰਡੀ, 19 ਮਈ (ਪੱਤਰ ਪ੍ਰੇਰਕ)–ਤਪਾ ਦੇ ਗੁਰਪ੍ਰੀਤ ਸਿੰਘ ਧਾਲੀਵਾਲ ਨੇ ਨਿਊਜ਼ੀਲੈਂਡ ਦੇ ਹੈਸਟਿੰਗ ਸ਼ਹਿਰ 'ਚ 10 ਕਿਲੋਮੀਟਰ ਮੈਰਾਥਨ 'ਚ ਭਾਗ ਲਿਆ। ਇਸ ਮੈਰਾਥਨ 'ਚ ਪੰਜਾਬੀਆਂ ਸਮੇਤ ਹੋਰਨਾਂ ਮੁਲਕਾਂ ਦੇ 2200 ਦੇ ਕਰੀਬ ਦੌੜਾਕਾਂ ਨੇ ਹਿੱਸਾ ਲਿਆ। ਇਸ 10 ਕਿਲੋਮੀਟਰ ਦੌੜ ਵਿੱਚ ਤਪਾ ਦੇ ਜੰਮਪਲ ਗੁਰਪ੍ਰੀਤ ਸਿੰਘ ਧਾਲੀਵਾਲ ਨੇ ਪੰਜਾਬੀਆਂ ਦਾ ਨਾਮ ਉੱਚਾ ਕੀਤਾ ਹੈ। ਉਨ੍ਹਾਂ ਮੈਰਾਥਨ 56 ਮਿੰਟ 24 ਸਕਿੰਟ 'ਚ ਤੈਅ ਕੀਤੀ ਅਤੇ ਦੂਸਰੇ ਸਥਾਨ 'ਤੇ ਆ ਕੇ ਚਾਂਦੀ ਦਾ ਤਗ਼ਮਾ ਆਪਣੇ ਨਾਮ ਕੀਤਾ ਜਿਸ ਨੂੰ ਲੈ ਕੇ



ਸ੍ਰੀ ਧਾਲੀਵਾਲ ਦੇ ਪਰਿਵਾਰਕ ਮੈਂਬਰ ਬਹੁਤ ਖੁਸ਼ ਹਨ। ਉਨ੍ਹਾਂ ਦੇ ਪਿਤਾ ਬੰਤ ਸਿੰਘ ਨੇ ਦੱਸਿਆ ਕਿ ਨਿਊਜ਼ੀਲੈਂਡ 'ਚ ਜਾ ਕੇ ਵੀ ਉਹ ਖੇਡਾਂ ਨਾਲ ਜੁੜੇ ਰਹੇ ਅਤੇ ਪੰਜਾਬ ਪੁਲੀਸ 'ਚੋਂ ਸੇਵਾਮੁਕਤ ਹੋ ਕੇ ਉਹ ਨਿਊਜ਼ੀਲੈਂਡ ਚਲੇ ਗਏ ਸਨ।

## ਨਸ਼ਿਆਂ ਖ਼ਿਲਾਫ਼ ਮੁਹਿੰਮ ਤਹਿਤ 35 ਕੇਸ ਦਰਜ; 48 ਮੁਲਜ਼ਮ ਗ੍ਰਿਫ਼ਤਾਰ

ਸੰਗਰੂਰ, 19 ਮਈ (ਪੱਤਰ ਪ੍ਰੇਰਕ)–ਸੰਗਰੂਰ ਜ਼ਿਲ੍ਹਾ ਪੁਲੀਸ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪਿਛਲੇ ਇੱਕ ਹਫ਼ਤੇ ਦੌਰਾਨ ਨਸ਼ਿਆਂ ਵਿਰੁੱਧ 35 ਕੇਸ ਦਰਜ ਕਰਕੇ 48 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿੰਨ੍ਹਾਂ ਕੋਲੋਂ 219 ਗ੍ਰਾਮ ਹੈਰੋਇਨ, 63 ਕਿਲੋ ਭੁੱਕੀ ਚੂਰਾ ਪੋਸਤ, 770 ਨਸ਼ੀਲੀਆਂ ਗੋਲੀਆਂ ਅਤੇ 6 ਨਸ਼ੀਲੀਆਂ ਸ਼ੀਸ਼ੀਆਂ ਤੋਂ ਇਲਾਵਾ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਹੈ। ਜ਼ਿਲ੍ਹਾ ਪੁਲੀਸ ਮੁਖੀ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਬੀਤੀ 10 ਤੋਂ 16 ਮਈ ਤੱਕ ਡਰੱਗ ਦੇ 20 ਕੇਸ ਦਰਜ ਕਰਕੇ 29 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਕੋਲੋਂ 219 ਗ੍ਰਾਮ ਹੈਰੋਇਨ, 63 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ, 770 ਨਸ਼ੀਲੀਆਂ ਗੋਲੀਆਂ ਅਤੇ 06 ਨਸ਼ੀਲੀਆਂ ਸ਼ੀਸ਼ੀਆਂ ਬਰਾਮਦ ਕਰਵਾਈਆਂ ਗਈਆਂ। ਸ਼ਰਾਬ ਦਾ ਧੰਦਾ ਕਰਨ ਵਾਲਿਆਂ ਖ਼ਿਲਾਫ਼ 15 ਮੁਕੱਦਮੇ ਦਰਜ ਕਰ ਕੇ 19 ਮੁਲਜ਼ਮਾਂ ਨੂੰ ਕਾਬੂ ਕਰ ਕੇ 63 ਲਿਟਰ ਸ਼ਰਾਬ ਠੇਕਾ ਦੇਸੀ, 58.500 ਲਿਟਰ ਸ਼ਰਾਬ ਨਾਜਾਇਜ਼, 09 ਲਿਟਰ ਸ਼ਰਾਬ ਅੰਗਰੇਜ਼ੀ ਅਤੇ 1695 ਲਿਟਰ ਲਾਹਣ ਬਰਾਮਦ ਕਰਵਾਈ ਗਈ। ਇਸ ਤੋਂ ਇਲਾਵਾ ਜੂਆ ਐਕਟ ਤਹਿਤ 03 ਮੁਕੱਦਮੇ ਦਰਜ ਕਰ ਕੇ 12 ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਕੇ 21,870/-ਰੁਪਏ ਬਰਾਮਦ ਕਰਵਾਏ ਗਏ। ਜ਼ਿਲ੍ਹਾ ਪੁਲੀਸ ਮੁਖੀ ਨੇ ਆਮ ਲੋਕਾਂ ਨੂੰ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ਮੋਹਤਵਰਾਂ ਨਾਲ ਮੀਟਿੰਗਾਂ ਕਰਕੇ ਆਮ ਪਬਲਿਕ ਨੂੰ ਨਸ਼ਿਆਂ ਖ਼ਿਲਾਫ਼ ਜਾਗਰੂਕ ਕੀਤਾ ਜਾ ਰਿਹਾ ਹੈ ਇਸ ਅਰਸੇ ਦੌਰਾਨ ਗਜ਼ਟਿਡ ਅਫਸਰਾਂ ਵੱਲੋਂ 17 ਪਿੰਡਾਂ/ਸ਼ਹਿਰਾਂ ਵਿੱਚ ਆਮ ਪਬਲਿਕ ਨਾਲ ਮੀਟਿੰਗਾਂ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਤੇ ਆਮ ਪਬਲਿਕ ਨੂੰ ਨਸ਼ੇ ਦਾ ਧੰਦਾਂ ਕਰਨ ਵਾਲੇ ਸਮੱਗਲਰਾਂ ਸਬੰਧੀ ਪੁਲੀਸ ਨੂੰ ਇਤਲਾਹਾਂ ਦੇਣ ਲਈ ਪ੍ਰੇਰਿਆ ਗਿਆ।

## ਕੈਂਪ ਵਿੱਚ 70 ਮਰੀਜ਼ਾਂ ਦੀ ਜਾਂਚ

ਲਹਿਰਾਗਾਗਾ, 19 ਮਈ (ਪੱਤਰ ਪ੍ਰੇਰਕ)–ਬੇਸਹਾਰਾ ਜੀਵ ਜੰਤੂ ਵੈਲਫੇਅਰ ਸੁਸਾਇਟੀ ਅਤੇ ਜੈ ਮਹਾਂਕਾਲੀ ਮੰਦਿਰ ਕਮੇਟੀ ਵਲੋਂ ਪ੍ਰਧਾਨ ਰਾਕੇਸ਼ ਬਾਂਸਲ (ਆਰਕੇ) ਅਤੇ ਰਾਜ ਸ਼ਰਮਾ ਦੀ ਪ੍ਰਧਾਨਗੀ ਵਿੱਚ ਗਰਗ ਲੈਬ ਲਹਿਰਾਗਾਗਾ ਦੇ ਸਹਿਯੋਗ ਨਾਲ ਚੈਰੀਟੇਬਲ ਮੈਡੀਕਲ ਕੈਂਪ ਅਤੇ ਦਵਾਈਆਂ ਦੀ ਮੁਫ਼ਤ ਵੰਡ ਕੀਤੀ ਗਈ। ਇਸ ਮੌਕੇ ਮੁਨੀਸ਼ ਗਰਗ, ਉਨ੍ਹਾਂ ਦੇ ਪੁੱਤਰ ਅਰਸ਼ ਗਰਗ ਨੇ ਆਪਣੇ ਪਰਿਵਾਰ ਨਾਲ ਮੁੱਖ ਮਹਿਮਾਨ ਵਜੋਂ ਹਾਜ਼ਰੀ ਲਗਵਾਈ। ਕੈਂਪ ਵਿੱਚ ਡਾ. ਆਸਥਾ ਸਿੰਗਲਾ ਅਤੇ ਡਾ. ਕਾਰਤਿਕ ਜੈਨ ਨੇ 70 ਮਰੀਜ਼ਾਂ ਦਾ ਚੈੱਕਅਪ ਕੀਤਾ ਅਤੇ ਮੁਫ਼ਤ ਦਵਾਈਆਂ ਦਿੱਤੀਆਂ।

## ਨਸ਼ਿਆਂ ਨੇ ਲਈ ਪਿੰਡ ਬਖੋਪੀਰ ਦੇ ਨੌਜਵਾਨ ਦੀ ਜਾਨ

ਭਵਾਨੀਗੜ੍ਹ, 19 ਮਈ (ਪੱਤਰ ਪ੍ਰੇਰਕ)–ਪੰਜਾਬ ਸਰਕਾਰ ਨੇ ਭਾਵੇਂ ਪੂਰੇ ਪੰਜਾਬ ਵਿੱਚ 'ਯੁੱਧ ਨਸ਼ਿਆਂ ਵਿਰੁੱਧ' (ਰੁ 1ਪ 4ਗਚਪਤ) ਮੁਹਿੰਮ ਛੇੜੀ ਹੋਈ ਹੈ, ਪਰ ਤਾਂ ਵੀ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਨੌਜਵਾਨਾਂ ਦੀਆਂ ਮੌਤਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਇਸੇ ਤਰ੍ਹਾਂ ਇੱਥੋਂ ਨੇੜਲੇ ਪਿੰਡ ਬਖੋਪੀਰ ਵਿਖੇ ਬੀਤੀ ਸ਼ਾਮ ਨੌਜਵਾਨ ਮਨਪ੍ਰੀਤ ਸਿੰਘ (24) ਨਸ਼ਿਆਂ ਦੀ ਭੇਟ ਚੜ੍ਹ ਗਿਆ। ਅੱਜ ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਨੇ ਬਹੁਤ ਹੀ ਗਮਗੀਨ ਮਾਹੌਲ ਵਿਚ ਮਨਪ੍ਰੀਤ ਸਿੰਘ ਦਾ ਸਸਕਾਰ ਕਰ ਦਿੱਤਾ। ਇਸ ਸਬੰਧੀ ਪਿੰਡ ਦੇ ਸਾਬਕਾ ਸਰਪੰਚ ਕੁਲਵੰਤ ਸਿੰਘ ਨੇ ਦੱਸਿਆ ਕਿ ਮਨਪ੍ਰੀਤ ਸਿੰਘ ਬਹੁਤ ਮਿਲਣਸਾਰ ਨੌਜਵਾਨ ਸੀ, ਪਰ ਪੰਜਾਬ ਵਿੱਚ ਚੱਲ ਰਹੇ ਨਸ਼ਿਆਂ ਦੇ ਮਾਰੂ ਰੁਝਾਨ ਦੀ ਦਲਦਲ ਵਿੱਚ ਹੋਰਨਾਂ ਨੌਜਵਾਨਾਂ ਵਾਂਗ ਹੀ ਫਸ ਗਿਆ ਅਤੇ ਅਖੀਰ ਆਪਣੀ ਜ਼ਿੰਦਗੀ ਤੋਂ ਹੱਥ ਧੋ ਬੈਠਾ। ਪਿੰਡ ਵਾਸੀਆਂ ਨੇ ਦੱਸਿਆ ਕਿ ਬੀਤੀ ਸ਼ਾਮ ਮਨਪ੍ਰੀਤ ਸਿੰਘ ਆਪਣੇ ਘਰ ਦੇ ਬਾਹਰ ਬਣੀ ਫਲੱਸ਼ ਵਿੱਚ ਮ੍ਰਿਤਕ ਹਾਲਤ ਵਿੱਚ ਪਿਆ ਮਿਲਿਆ। ਉਸ ਦੀ ਬਾਂਹ 'ਤੇ ਲਗਾਇਆ ਹੋਇਆ ਨਸ਼ੇ ਦਾ ਟੀਕਾ ਵੀ ਉਸੇ ਤਰ੍ਹਾਂ ਬਾਂਹ 'ਤੇ ਲੱਗਿਆ ਹੋਇਆ ਸੀ। ਮਨਪ੍ਰੀਤ ਸਿੰਘ ਦੇ ਪਿਤਾ ਹਰਪ੍ਰੀਤ ਸਿੰਘ ਕੁੱਝ ਸਾਲ ਪਹਿਲਾਂ ਮੌਤ ਹੋ ਗਈ ਸੀ ਅਤੇ ਹੁਣ ਉਹ ਆਪਣੀ ਮਾਂ ਕੋਲ ਹੀ ਰਹਿੰਦਾ ਸੀ।



### ਸਾਹਿਤ ਸਿਰਜਣਾ ਮੰਚ ਵੱਲੋਂ ਸਾਹਿਤਕ ਸਮਾਗਮ

ਭਵਾਨੀਗੜ੍ਹ, 19 ਮਈ (ਪੱਤਰ ਪ੍ਰੇਰਕ)–ਸਾਹਿਤ ਸਿਰਜਣਾ ਮੰਚ ਭਵਾਨੀਗੜ੍ਹ ਵੱਲੋਂ ਅੱਜ ਸਰਕਾਰੀ ਪ੍ਰਾਇਮਰੀ ਸਕੂਲ (ਕੁੜੀਆਂ) ਭਵਾਨੀਗੜ੍ਹ ਵਿੱਚ ਮਈ ਦਿਵਸ ਨੂੰ ਸਮਰਪਿਤ ਅਨੋਖ ਸਿੰਘ ਵਿਰਕ ਦੀ ਪ੍ਰਧਾਨਗੀ ਹੇਠ ਸਾਹਿਤਕ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਗੁਰਮੁਖ ਸਿੰਘ ਦਿਲਬਰ ਵੱਲੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਕਵੀ ਦਰਬਾਰ ਦੌਰਾਨ ਬਹਾਦਰ ਸਿੰਘ ਧੌਲਾ, ਬੱਲੀ ਬਲਜਿੰਦਰ ਈਲਵਾਲ, ਸਰਬਜੀਤ ਸੰਗਰੂਰਵੀ, ਗੁਰੀ ਚੰਦੜ, ਅਭਿਜੀਤ, ਹਰਵੀਰ ਸਿੰਘ ਬਾਗੀ, ਪਵਨ ਕੁਮਾਰ ਹੋਸੀ, ਬਲਜੀਤ ਸਿੰਘ ਬਾਂਸਲ, ਉਮੇਸ਼ ਘਈ, ਗੁਰਸੇਵਕ ਸਿੰਘ ਰਾਜਪੁਰਾ, ਰਾਜਵਿੰਦਰ ਸਿੰਘ ਨਦਾਮਪੁਰ ਅਤੇ ਬਾਲ ਪਾਠਕ ਗੁਰਮਨ ਸਿੰਘ ਰਾਜਪੁਰਾ ਨੇ ਆਪਣੀਆਂ ਉੱਚ ਪਾਏ ਦੀਆਂ ਰਚਨਾਵਾਂ ਪੇਸ਼ ਕੀਤੀਆਂ। ਮੰਚ ਸੰਚਾਲਨ ਗੁਰਜੰਟ ਬੀਂਬੜ ਵੱਲੋਂ ਕੀਤਾ ਗਿਆ। ਅਖੀਰ ਵਿੱਚ ਮੰਚ ਦੇ ਪ੍ਰਧਾਨ ਕੁਲਵੰਤ ਸਿੰਘ ਖਨੌਰੀ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

## ਮੂਨਕ, ਵਜੀਦਪੁਰ ਤੇ ਕੜੈਲ ਨੂੰ ਚਾਰ ਦਹਾਕਿਆਂ ਮਗਰੋਂ ਮਿਲੇਗਾ ਨਹਿਰੀ ਪਾਣੀ

### ਮੂਨਕ 'ਚ ਛੱਪੜ ਦੇ ਪਾਣੀ ਓਵਰਫਲੋਅ ਹੋਣ ਦੀ ਮੁਸ਼ਕਲ ਤੋਂ ਵੀ ਮਿਲੇਗੀ ਨਿਜਾਤ

ਸੈਣੀਮੂਨਕ, 19 ਮਈ (ਪੱਤਰ ਪ੍ਰੇਰਕ)–ਮੂਨਕ ਬਰਾਂਚ ਦੇ ਟੇਲ ਪੋਰਸ਼ਨ ਪ੍ਰਾਜੈਕਟ ਤਹਿਤ ਮੂਨਕ ਬ੍ਰਾਂਚ ਦਾ ਟੇਲ ਪੋਰਸ਼ਨ, ਜਿਸ ਦੀ ਕੁੱਲ ਲੰਬਾਈ 6855



ਦੀ ਕਰੀਬ 1.09 ਕਰੋੜ ਰੁਪਏ ਦੀ ਲਾਗਤ ਨਾਲ ਕੀਤੀ ਜਾਣ ਵਾਲੀ ਮੁੜ ਉਸਾਰੀ ਦਾ ਨੀਂਹ ਪੱਥਰ ਮੂਨਕ ਵਿੱਚ ਰੱਖਣ ਮੌਕੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਇਸ ਪ੍ਰਾਜੈਕਟ ਦੇ ਪੂਰੇ ਹੋਣ ਨਾਲ ਮੂਨਕ, ਵਜੀਦਪੁਰ ਤੇ ਕੜੈਲ ਦੇ ਕਰੀਬ 2588 ਏਕੜ ਰਕਬੇ ਨੂੰ ਲਗਭਗ 38 ਸਾਲਾਂ ਬਾਅਦ ਨਹਿਰੀ ਪਾਣੀ ਮਿਲੇਗਾ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਫੁੱਟ ਹੈ, ਦੀ ਮੁੜ ਉਸਾਰੀ ਦਾ ਕੰਮ ਕਰਵਾਇਆ ਜਾਣਾ ਹੈ। ਉਨ੍ਹਾਂ ਦੱਸਿਆ ਕਿ ਮੂਨਕ ਬ੍ਰਾਂਚ ਦੀ ਉਸਾਰੀ ਦਾ ਕੰਮ 2016 ਵਿੱਚ ਸ਼ੁਰੂ ਕਰਵਾਇਆ ਗਿਆ ਸੀ ਪਰ ਇਸ ਦਾ ਟੇਲ ਪੋਰਸ਼ਨ ਕੋਰਟ ਕੇਸਾਂ ਕਰ ਕੇ ਲਗਭਗ ਨੌਂ ਸਾਲ ਬੀਤਣ ਮਗਰੋਂ ਵੀ ਪੂਰਾ ਨਹੀਂ ਹੋ ਸਕਿਆ। ਸਰਕਾਰ ਦੀ ਚੰਗੀ ਪਲੈਨਿੰਗ ਸਦਕਾ ਲਿਟਿਗੇਸ਼ਨ ਦੇ ਸਾਰੇ ਮਸਲੇ ਨਿਬੇੜ ਕੇ ਇਹ ਕੰਮ ਦੁਬਾਰਾ ਸ਼ੁਰੂ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਜਿਹੜੀ ਜਗ੍ਹਾ ਨਹਿਰੀ ਵਿਭਾਗ ਦੀ ਹੈ ਅਤੇ ਜਿੱਥੇ ਲੋਕਾਂ ਵੱਲੋਂ ਮਾਈਨਰ ਬਣਾਉਣ ਦੀ ਸਹਿਮਤੀ ਹੈ, ਉਸ ਥਾਂ 'ਤੇ ਕੰਕਰੀਟ ਲਾਈਨਿੰਗ ਕੀਤੀ ਜਾਵੇਗੀ ਅਤੇ ਜਿਸ ਥਾਂ 'ਤੇ ਨਹਿਰੀ ਵਿਭਾਗ ਦੀ ਜਗ੍ਹਾ ਨਹੀਂ ਹੈ, ਉੱਥੇ ਅੰਡਰਗਰਾਊਂਡ ਪਾਈਪਲਾਈਨ ਪਾਈ ਜਾਵੇਗੀ। ਗੋਇਲ ਨੇ ਦੱਸਿਆ ਕਿ ਬਰਸਾਤ ਦੇ ਦਿਨਾਂ ਵਿੱਚ ਮੂਨਕ ਬ੍ਰਾਂਚ ਦਾ ਸਾਰਾ ਪਾਣੀ ਮੂਨਕ ਸ਼ਹਿਰ ਦੇ ਛੱਪੜ ਵਿੱਚ ਭਰ ਜਾਂਦਾ ਸੀ ਅਤੇ ਛੱਪੜ ਦਾ ਪਾਣੀ ਓਵਰਫਲੋਅ ਹੋ ਕੇ ਮੇਨ ਰੋਡ ਅਤੇ ਲੋਕਾਂ ਦੇ ਘਰਾਂ ਵਿੱਚ ਵੀ ਵੜ ਜਾਂਦਾ ਸੀ। ਇਸ ਕੰਮ ਦੇ ਮੁਕੰਮਲ ਹੋਣ ਨਾਲ ਪਾਣੀ ਛੱਪੜ ਵਿੱਚ ਪੈਣ ਤੋਂ ਬੰਦ ਹੋ ਜਾਵੇਗਾ ਅਤੇ ਮੂਨਕ ਸ਼ਹਿਰ ਵਾਸੀਆਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ। ਇਸ ਮੌਕੇ ਜਗਸੀਰ ਮਲਾਣਾ, ਅਰੁਣ ਜਿੰਦਲ, ਮਿਠੂ ਸੈਣੀ, ਐੱਸਡੀਓ ਅੰਮ੍ਰਿਤਪਾਲ ਸਿੰਘ, ਜੇਈ ਸਾਹਿਲ ਕੁਮਾਰ ਅਤੇ ਪੀਏ ਰਾਕੇਸ਼ ਕੁਮਾਰ ਹਾਜ਼ਰ ਸਨ।

# ਗੁਰਮੀਤ ਕੌਰ ਬਣੀ ਲਖਮੀਰ ਕੇ ਉਤਾੜ ਦੀ ਸਰਪੰਚ



ਮਮਦੋਟ, 19 ਮਈ (ਪੱਤਰ ਪ੍ਰੇਰਕ)–ਬਲਾਕ ਮਮਦੋਟ ਦੀ ਚਰਚਿਤ ਗਰਾਮ ਪੰਚਾਇਤ ਲਖਮੀਰ ਕੇ ਉਤਾੜ ਦੇ ਸਰਪੰਚ ਦੀ ਚੋਣ ਲਈ ਅੱਜ ਵੋਟਾਂ ਪਾਈਆਂ ਗਈਆਂ। ਕੁੱਲ 624 ਵੋਟਾਂ ਵਾਲੀ ਇਸ ਗਰਾਮ ਪੰਚਾਇਤ ਦੀਆਂ ਸ਼ਾਮ ਤੱਕ ਕੁੱਲ 561 ਵੋਟਾਂ ਪੋਲ ਹੋਈਆਂ, ਜਿਨ੍ਹਾਂ ਵਿੱਚੋਂ ਗੁਰਮੀਤ ਕੌਰ ਨੂੰ 348 ਅਤੇ ਉਸਦੀ ਵਿਰੋਧੀ ਉਮੀਦਵਾਰ ਰਣਜੀਤ ਕੌਰ ਨੂੰ 201 ਵੋਟਾਂ ਹਾਸਲ ਹੋਈਆਂ। ਇਸ ਤਰ੍ਹਾਂ ਇੱਕ ਹੋਰ ਉਮੀਦਵਾਰ ਕੁਸ਼ੱਲਿਆ ਰਾਣੀ ਨੂੰ 11 ਵੋਟਾਂ ਅਤੇ 1 ਵੋਟ ਨੋਟਾ ਨੂੰ ਪਈ। 147 ਵੋਟਾਂ ਦੇ ਫ਼ਰਕ ਨਾਲ ਗੁਰਮੀਤ ਕੌਰ ਪਤਨੀ ਬਲਵੀਰ ਸਿੰਘ ਪਿੰਡ ਦੀ ਸਰਪੰਚ ਚੁਣੀ ਗਈ। ਗੁਰਮੀਤ ਕੌਰ ਦੀ ਜਿੱਤ ਤੋਂ ਬਾਅਦ ਉਸ ਦੇ ਸਮਰੱਥਕਾਂ ਵੱਲੋਂ ਲੱਡੂ ਵੰਡ ਕੇ ਅਤੇ ਢੋਲ ਵਜਾ ਕੇ ਖੁਸ਼ੀ ਸਾਂਝੀ ਕੀਤੀ ਗਈ। ਜ਼ਿਕਰਯੋਗ ਹੈ ਕਿ ਪਹਿਲਾਂ ਵੀ 2 ਵਾਰ ਇਸ ਗਰਾਮ ਪੰਚਾਇਤ ਦੀ ਚੋਣ ਪੋਲਿੰਗ ਬੂਥ ਦੇ ਬਾਹਰ ਧਰਨਾ ਦਿੱਤੇ ਜਾਣ ਕਾਰਨ ਰੱਦ ਹੋ ਗਈ ਸੀ, ਜੋ ਹੁਣ ਧਰਨਾਕਾਰੀਆਂ ਦੀ ਮੰਗ ਅਨੁਸਾਰ ਗਰਾਮ ਪੰਚਾਇਤ ਵਿੱਚੋਂ ਕੱਟੀਆਂ ਗਈਆਂ 441 ਸ਼ਾਮਲ ਕੀਤੇ ਜਾਣ ਤੋਂ ਬਾਅਦ ਅਮਨ ਸ਼ਾਂਤੀ ਨਾਲ ਇਹ ਚੋਣ ਨੇਪਰੇ ਚੜ੍ਹੀ ਹੈ, ਜਿਸ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਨੇ ਵੀ ਸੁੱਖ ਦਾ ਸਾਹ ਲਿਆ ਹੈ। ਇਸ ਮੌਕੇ ਗੁਰਮੇਲ ਸਿੰਘ ਸੁਆਮੀ, ਨਿਹਾਲ ਸਿੰਘ ਨੰਬਰਦਾਰ, ਬਲਵੀਰ ਸਿੰਘ, ਰਸ਼ਪਾਲ ਸਿੰਘ ਸੁਆਮੀ, ਚੰਨਾ ਸਿੰਘ, ਗੁਰਮੇਜ ਸਿੰਘ ਮੈਂਬਰ ਪੰਚਾਇਤ, ਹਰਪ੍ਰੀਤ ਸਿੰਘ ਹੈਪੀ ਪੱਤਰ, ਬਲਵਿੰਦਰ ਸਿੰਘ, ਜੋਗਿੰਦਰ ਸਿੰਘ ਹਲਵਾਈ, ਅਮਰਜੀਤ ਸਿੰਘ ਸੋਢੀ, ਪੂਰਨ ਸਿੰਘ, ਹੀਰਾ ਸਨ।

## ਮੋਗਾ 'ਚ ਪੁਲੀਸ ਦੀ ਨਿਹੰਗ ਬਾਣੇ 'ਚ ਆਏ ਤਿੰਨ ਨੌਜਵਾਨਾਂ ਨਾਲ ਤਿੱਖੀ ਝੜਪ

ਮੋਗਾ, 19 ਮਈ (ਪੱਤਰ ਪ੍ਰੇਰਕ)–ਕੋਟਕਪੂਰਾ ਬਾਈਪਾਸ ਉੱਤੇ ਇਥੇ ਲੰਘੀ ਦੇਰ ਸ਼ਾਮ ਇੱਕ ਹੋਟਲ ਦੇ ਬਾਹਰ ਨਿਹੰਗ ਬਾਣੇ 'ਚ ਆਏ ਤਿੰਨ ਨੌਜਵਾਨਾਂ ਦੀ ਪੁਲੀਸ ਮੁਲਾਜ਼ਮਾਂ ਨਾਲ ਤਿੱਖੀ ਝੜਪ ਹੋਣ ਦੀ ਵੀਡੀਓ ਵਾਇਰਲ (ੜਜ਼ਗ; ੜਜ਼ਦਕਰ) ਹੋ ਰਹੀ ਹੈ। ਵਾਇਰਲ ਵੀਡੀਓ ਵਿਚ ਪੁਲੀਸ ਤੇ ਨਿਹੰਗ ਗੁੱਥਮ-ਗੁੱਥਾ ਹੋ ਰਹੇ ਹਨ। ਸਿਟੀ ਪੁਲੀਸ ਦਾ ਦਾਅਵਾ ਹੈ ਕਿ ਮੁਲਜ਼ਮ ਹੋਟਲ ਮਾਲਕ ਤੋਂ ਫਿਰੌਤੀ ਦੇਣ ਲਈ ਦਬਾਅ ਬਣਾ ਰਹੇ ਸਨ। ਡੀਐੱਸਪੀ ਸਿਟੀ ਰਵਿੰਦਰ ਸਿੰਘ ਤੇ ਥਾਣਾ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਤਿੰਨੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਿਨ੍ਹਾਂ ਦੀ ਪਛਾਣ ਜਗਰਾਜ ਸਿੰਘ ਪਿੰਡ ਜਲਾਲਾਬਾਦ ਪੂਰਬੀ, ਸ਼ੇਰ ਸਿੰਘ ਉਰਫ ਮਨਮੋਹਨ ਸਿੰਘ ਵਾਸੀ ਕੋਠੇ ਸ਼ੇਰ ਜੰਗ, ਜਗਰਾਉਂਅਤੇ ਕੁਲਵਿੰਦਰ ਸਿੰਘ ਪਿੰਡ ਸਫ਼ੀਪੁਰ ਥਾਣਾ ਸਿੱਧਵਾਂ ਬੇਟ, ਜਗਰਾਉਂਵਜੋਂ ਹੋਈ ਹੈ। ਪੁਲੀਸ ਮੁਤਾਬਕ ਸੁਮਿਤ ਕੁਮਾਰ ਵਾਸੀ ਮੋਗਾ ਦੇ ਬਿਆਨ ਉੱਤੇ ਕੇਸ ਦਰਜ ਕੀਤਾ ਗਿਆ ਹੈ। ਸ਼ਿਕਾਇਤ ਕਰਤਾ ਮੁਤਾਬਕ ਉਸ ਦੇ ਦੋਸਤ ਸਾਜਨ ਨੇ ਕੋਟਕਪੂਰਾ ਬਾਈਪਾਸ ਉੱਤੇ ਹੋਟਲ ਠੇਕੇ ਉੱਤੇ ਲਿਆ ਹੋਇਆ



ਹੈ। ਉਹ ਆਪਣੇ ਦੋਸਤ ਕੋਲ ਗਿਆ ਸੀ। ਇਸ ਦੌਰਾਨ ਮਹਿੰਦਰਾ ਐਕਸਯੂਵੀ ਗੱਡੀ ਉੱਤੇ ਆਏ ਮੁਲਜ਼ਮਾਂ ਨੇ ਪੈਸਿਆਂ ਦੀ ਮੰਗ ਕੀਤੀ ਅਤੇ ਲੜਾਈ ਝਗੜਾ ਕਰਨ ਲੱਗ ਪਏ। ਇਸ ਦੌਰਾਨ ਮੁਲਜ਼ਮਾਂ ਨੇ ਉਸਦਾ ਰਿਵਾਲਵਰ ਖੋਹ ਲਿਆ। ਇਤਲਾਹ ਮਿਲਣ 'ਤੇ ਪੁਲੀਸ ਮੌਕੇ ਉੱਤੇ ਪੁੱਜ ਗਈ ਤੇ ਮੁਲਜ਼ਮਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਪੁਲੀਸ ਨਾਲ ਉਲਝ ਪਏ ਅਤੇ ਹਵਾ ਵਿਚ ਤਲਵਾਰਾਂ ਲਹਿਰਾਈਆਂ। ਪੁਲੀਸ ਨੇ ਬੜੀ ਮੁਸ਼ਕੱਤ ਨਾਲ ਮੁਲਜ਼ਮਾਂ ਨੂੰ ਕਾਬੂ ਕੀਤਾ। ਪੁਲੀਸ ਨੇ ਦਾਅਵਾ ਕੀਤਾ ਕਿ ਮੁਲਜ਼ਮਾਂ ਨੇ ਪੁੱਛਗਿੱਛ ਵਿਚ ਮੰਨਿਆ ਕਿ ਉਹ ਹੋਰ ਵੀ ਦੁਕਾਨਦਾਰਾਂ ਤੋਂ ਡਰਾ ਧਮਕਾ ਕੇ ਜਬਰੀ ਵਸੂਲੀ ਦਾ ਧੰਦਾ ਕਰਦੇ ਹਨ। ਮੁਲਜ਼ਮਾਂ ਤੇ ਪੁਲੀਸ ਦਰ ਮਿਆਨ ਹੱਥੋਪਾਈ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ।

### ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ

ਲਹਿਰਾਗਾਗਾ , 19 ਮਈ (ਪੱਤਰ ਪ੍ਰੇਰਕ)–ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਅੱਜ ਹਲਕਾ ਲਹਿਰਾਗਾਗਾ ,ਪਿੰਡਾਂ ਅਲੀਸ਼ੇਰ, ਕਾਲੀਆਂ, ਰਾਮਪੁਰਾ ਜਵਾਹਰ ਵਾਲਾ, ਗੋਬਿੰਦਪੁਰਾ ਜਵਾਹਰ ਵਾਲਾ ਵਿੱਚ ਨਸ਼ਾ ਮੁਕਤੀ ਯਾਤਰਾ ਅਧੀਨ ਰੱਖਿਆ ਕਮੇਟੀਆਂ ਨਾਲ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਮੀਟਿੰਗਾਂ ਕੀਤੀਆਂ। ਉਨ੍ਹਾਂ ਲੋਕਾਂ, ਖਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ। ਇਸ ਦੌਰਾਨ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਵੀ ਬਾਰੇ ਜਾਗਰੂਕ ਕੀਤਾ ਗਿਆ। ਕੈਬਨਿਟ ਮੰਤਰੀ ਨੇ ਦੱਸਿਆ ਕਿ ਨਸ਼ਾ ਵੇਚਣ ਅਤੇ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਸਰਕਾਰ ਦੀ ਤਰਜੀਹ ਹੈ ਕਿ ਹਰ ਪਿੰਡ ਅਤੇ ਹਰ ਗਲੀ ਨੂੰ ਨਸ਼ਾ ਮੁਕਤ ਕੀਤਾ ਜਾਵੇ।

# ਭਾਜਪਾ ਵੱਲੋਂ ਮਾਨਸਾ 'ਚ ਵਿਸ਼ਾਲ ਤਿਰੰਗਾ ਯਾਤਰਾ

### ਅਤਿਵਾਦ ਖ਼ਿਲਾਫ਼ ਲੜਨ ਵਾਲੀਆਂ ਭਾਰਤੀ ਫੌਜਾਂ ਦੀ ਸ਼ਲਾਘਾ



ਮਾਨਸਾ, 19 ਮਈ (ਪੱਤਰ ਪ੍ਰੇਰਕ)–ਭਾਜਪਾ ਦੀ ਮਾਨਸਾ ਜ਼ਿਲ੍ਹਾ ਇਕਾਈ ਵੱਲੋਂ ਅੱਜ ਇਥੇ ਸ਼ਹਿਰ ਵਿੱਚ ਵਿਸ਼ਾਲ ਤਿਰੰਗਾ ਯਾਤਰਾ ਕੀਤੀ ਗਈ, ਜਿਸ ਦਾ ਮੁੱਖ ਉਦੇਸ਼ ਮੁਲਕ ਦੇ ਬਹਾਦਰ ਸੈਨਿਕਾਂ ਨੂੰ ਉਨ੍ਹਾਂ ਦੇ ਸਰਵਉੱਚ ਸਨਮਾਨ ਨਾਲ ਨਿਵਾਜਣਾ ਅਤੇ ਦੇਸ਼ ਵੱਲੋਂ ਅਤਿਵਾਦ ਵਿਰੁੱਧ ਲੜ ਰਹੀਆਂ ਭਾਰਤੀ ਫੌਜਾਂ ਦੀ ਸ਼ਲਾਘਾ ਕਰਨਾ ਸੀ। ਇਹ ਯਾਤਰਾ ਭਾਜਪਾ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਜਗਦੀਪ ਸਿੰਘ ਨਕੱਈ ਦੀ ਅਗਵਾਈ ਹੇਠ ਕੱਢੀ ਗਈ। ਸ਼ਹਿਰ ਦੇ ਬਾਰਾਂ ਹੱਟਾਂ ਚੌਕ ਤੋਂ ਸ਼ੁਰੂ ਹੋਈ ਇਹ ਸ਼ਾਨਦਾਰ ਤਿਰੰਗਾ ਯਾਤਰਾ ਮਾਨਸਾ ਦੇ ਮੁੱਖ ਬਾਜ਼ਾਰਾਂ ਵਿੱਚ ਗਈ। ਹੱਥਾਂ ਵਿੱਚ ਤਿਰੰਗੇ ਝੰਡੇ ਲਹਿਰਾਉਂਦੇਹੋਏ ਵੱਡੀ ਗਿਣਤੀ ਵਿੱਚ ਨੌਜਵਾਨਾਂ, ਬਜ਼ੁਰਗਾਂ, ਮਹਿਲਾਵਾਂ ਅਤੇ ਬੱਚਿਆਂ ਨੇ ਇਸ ਯਾਤਰਾ ਵਿੱਚ ਵਧ-ਚੜ੍ਹਕੇ ਹਿੱਸਾ ਲਿਆ। ਯਾਤਰਾ ਦੌਰਾਨ ਲੋਕਾਂ ਨੇ ਭਾਰਤੀ ਸੈਨਾ ਦੇ ਜਜ਼ਬੇ ਅਤੇ ਪਾਕਿਸਤਾਨ ਵਿੱਚ ਅੱਤਵਾਦੀ ਟਿਕਾਣਿਆਂ 'ਤੇ ਕੀਤੇ ਗਏ ਸਫਲ ਹਮਲੇ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਭਾਜਪਾ ਨੇਤਾ ਜਗਦੀਪ ਸਿੰਘ ਨਕੱਈ ਨੇ ਕਿਹਾ ਕਿ ਭਾਰਤੀ ਸੈਨਾ ਦੇ ਅਨਮੋਲ ਯੋਗਦਾਨ ਨੂੰ ਸਲਾਹਿਆ ਅਤੇ ਦੇਸ਼ ਵਾਸੀਆਂ ਨੂੰ ਇੱਕਜੁਟ ਹੋਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ ਦਾ ਸੱਦਾ ਦਿੱਤਾ। ਉਨ੍ਹਾਂ ਅਤਿਵਾਦ ਵਿਰੁੱਧ ਭਾਰਤੀ ਫੌਜ ਦੀ ਕਾਰਵਾਈ ਦੀ ਸ਼ਲਾਘਾ ਕੀਤੀ। ਇਸ ਮੌਕੇ ਜਰਨਲ ਸਕੱਤਰ ਦਿਆਲ ਸੋਢੀ, ਰਾਕੇਸ਼ ਜੈਨ, ਮਨਦੀਪ ਸਿੰਘ ਮਾਨ, ਸਤੀਸ਼ ਕੁਮਾਰ, ਬੱਬੀ ਦਾਨੇਵਾਲੀਆ, ਅਮਰਿੰਦਰ ਸਿੰਘ ਕਾਕਾ, ਮੰਜੂ ਬਾਂਸਲ ਨੇ ਵੀ ਸੰਬੋਧਨ ਕੀਤਾ।

# ਸ਼ਹੀਦ ਅਗਨੀਵੀਰ ਅਕਾਸ਼ਦੀਪ ਦੇ ਪਰਿਵਾਰ ਦੀ ਬਾਂਹ ਫੜੇ ਸਰਕਾਰ: ਢਿੱਲੋਂ

### ਸਾਬਕਾ ਵਿਧਾਇਕ ਨੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ



ਕੋਟਕਪੂਰਾ, 19 ਮਈ (ਪੱਤਰ ਪ੍ਰੇਰਕ)–ਪਿੰਡ ਚਹਿਲ ਦੇ ਸ਼ਹੀਦ ਅਗਨੀਵੀਰ ਅਕਾਸ਼ਦੀਪ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਪਹੁੰਚੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਸ਼ਹੀਦ ਦੇ ਪਰਿਵਾਰ ਦੀ ਬਾਂਹ ਫੜਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਨ੍ਹਾਂ ਨੂੰ ਫੌਜੀ ਸ਼ਹੀਦਾਂ ਵਾਲੀਆਂ ਸਾਰੀਆਂ ਸਹੂਲਤਾਂ ਦੇਵੇ। ਜ਼ਿਕਰਯੋਗ ਹੈ ਕਿ ਵੀਰਵਾਰ ਨੂੰ ਸ੍ਰੀਨਗਰ ਵਿੱਚ ਗੋਲੀ ਲੱਗਣ ਕਾਰਨ ਪਿੰਡ ਚਹਿਲ ਦੇ ਬਲਵਿੰਦਰ ਸਿੰਘ ਦਾ 22 ਸਾਲ ਪੁੱਤਰ ਅਗਨੀਵੀਰ ਅਕਾਸ਼ਦੀਪ ਸਿੰਘ ਸ਼ਹੀਦ ਹੋ ਗਿਆ ਸੀ ਅਤੇ ਸ਼ੁੱਕਰਵਾਰ ਨੂੰ ਉਸ ਦੀ ਲਾਸ਼ ਇਥੇ ਲਿਆ ਕੇ ਫੌਜੀ ਸਨਮਾਨਾਂ ਨਾਲ ਸਸਕਾਰ ਕੀਤਾ ਗਿਆ ਹੈ ਪਰ ਹਾਲੇ ਤੱਕ ਪਰਿਵਾਰ ਨੂੰ ਅਗਨੀਵੀਰ ਜਾਂ ਫੌਜੀ ਸ਼ਹੀਦਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਵਿੱਚੋਂ ਕੋਈ ਵੀ ਸਹੂਲਤ ਦਾ ਐਲਾਨ ਨਹੀਂ ਕੀਤਾ ਗਿਆ। ਕੁਸ਼ਲਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਉਹ ਪਰਿਵਾਰ ਨੂੰ ਮਿਲੇ ਹਨ ਤੇ ਪਰਿਵਾਰ ਦਾ ਦੁੱਖ ਦੇਖਿਆ ਨਹੀਂ ਜਾ ਰਿਹਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸੀ ਪੰਜਾਬ ਦੇ ਅਗਨੀਵੀਰਾਂ ਨੂੰ ਉਹ ਫੌਜੀ ਸ਼ਹੀਦਾਂ ਵਾਲੀਆਂ ਸਹੂਲਤਾਂ ਦੇਣਗੇ ਪਰ ਫਰੀਦਕੋਟ ਦੇ ਇਸ ਅਗਨੀਵੀਰ ਪ੍ਰਤੀ ਹਾਲੇ ਤੱਕ ਦੋਵੇਂ ਸਰਕਾਰਾਂ ਦਾ ਰਵੱਈਆਂ ਬੇਰੁਖੀ ਵਾਲਾ ਹੀ ਹੈ।

# ਕੋਟ ਈਸੇ ਖਾਂ ਦੀ ਸਲੋਸ਼ਨ ਪੈਕਿੰਗ ਫੈਕਟਰੀ ਸਬੰਧੀ ਨਵੇਂ ਖ਼ੁਲਾਸੇ

ਧਰਮਕੋਟ, 19 ਮਈ (ਪੱਤਰ ਪ੍ਰੇਰਕ)–ਲੰਘੀ ਸ਼ਾਮ ਅੱਗ ਦੀ ਲਪੇਟ ਵਿੱਚ ਆਈ ਕੋਟ ਈਸੇ ਖਾਂ ਦੀ ਕੈਮੀਕਲ ਫੈਕਟਰੀ ਬਾਰੇ ਹੈਰਾਨੀਜਨਕ ਖ਼ੁਲਾਸੇ ਹੋਏ ਹਨ। ਮਿਲੀ ਜਾਣਕਾਰੀ ਮੁਤਾਬਕ ਇਕ ਘਰ ਵਿਚ ਚਲਾਈ ਜਾ ਰਹੀ ਇਸ ਫੈਕਟਰੀ ਅੰਦਰ ਕੈਮੀਕਲਾਂ ਦੇ ਮਿਸ਼ਰਣ ਨਾਲ ਸਲੋਸ਼ਨ ਤਿਆਰ ਕਰਕੇ ਉਨ੍ਹਾਂ ਦੀ ਇੱਥੇ ਪੈਕਿੰਗ (ਸਲੋਸ਼ਨ ਪੈਕਿੰਗ) ਕੀਤੀ ਜਾ ਰਹੀ ਸੀ। ਫੈਕਟਰੀ ਅੰਦਰ ਅੱਗ ਲੱਗਣ ਸਮੇਂ 50 ਦੇ ਕਰੀਬ ਤਰਲ ਪਦਾਰਥ ਕੈਮੀਕਲ ਦੇ ਡਰੰਮ ਭਰੇ ਪਏ ਹੋਏ ਸਨ। ਮੁਹੱਲਾ ਵਾਸੀਆਂ ਮੁਤਾਬਕ ਇਹ ਧੰਦਾ ਲੰਘੇ ਕਈ ਵਰ੍ਹਿਆਂ ਤੋਂ ਚੱਲ ਰਿਹਾ ਸੀ। ਇਸ ਸੰਘਣੀ ਆਬਾਦੀ ਵਾਲੇ ਖੇਤਰ ਵਿੱਚ ਉਕਤ ਫੈਕਟਰੀ ਨੂੰ ਚਲਾਉਣ ਲਈ ਜੇ ਮਨਜ਼ੂਰੀ ਵੀ ਮਿਲੀ ਹੈ ਤਾਂ ਉਹ ਵੀ ਸੁਆਲਾਂ ਦੇ ਘੇਰੇ ਹੇਠ ਆ ਗਈ ਹੈ। ਫੈਕਟਰੀ ਦੇ ਮਾਲਕ ਨੇ ਲੁਧਿਆਣਾ ਵਿਖੇ ਆਪਣਾ ਹੈਡਕੁਆਰਟਰ ਬਣਾਇਆ ਹੋਇਆ ਹੈ। ਬੇਸ਼ੱਕ ਫੈਕਟਰੀ ਦੀ ਪ੍ਰਮਾਣਕਤਾ ਬਾਰੇ ਅਜੇ ਕੋਈ ਠੋਸ ਜਾਣਕਾਰੀ ਨਹੀਂ ਮਿਲ ਸਕੀ ਹੈ, ਲੇਕਿਨ ਲਾਏ ਜਾ ਰਹੇ ਅਨੁਮਾਨ ਅਨੁਸਾਰ ਸੰਘਣੀ ਆਬਾਦੀ ਵਾਲੇ ਖੇਤਰ ਵਿੱਚ ਇਸ ਨੂੰ ਚਲਾਉਣਾ ਗੈਰਕਾਨੂੰਨੀ ਹੋ ਸਕਦਾ ਹੈ। ਹਲਕੇ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਵੀ ਬੀਤੀ ਸ਼ਾਮ ਅੱਗ ਲੱਗਣ ਤੋਂ ਬਾਅਦ ਫੈਕਟਰੀ ਉੱਤੇ ਉਂਗਲ ਉਠਾਉਂਦਿਆਂਅਧਿਕਾਰੀਆਂ ਨੂੰ ਇਸ



ਦੀ ਜਾਂਚ-ਪੜਤਾਲ ਦੇ ਨਿਰਦੇਸ਼ ਦਿੱਤੇ ਸਨ। ਅਗਨੀ ਕਾਂਡ ਵਿਚ ਜਿੱਥੇ ਫੈਕਟਰੀ ਪੂਰੀ ਤਰ੍ਹਾਂ ਸੜ ਕੇ ਰਾਖ ਹੋ ਗਈ, ਉੱਥੇ ਇਮਾਰਤ ਦੇ ਮਾਲਕ ਅਮਰੀਕ ਸਿੰਘ ਦੇ ਬਿਲਕੁਲ ਨਜ਼ਦੀਕੀ ਘਰ ਨੂੰ ਵੀ ਭਾਰੀ ਨੁਕਸਾਨ ਪੁੱਜਾ ਹੈ। ਮਿਲੀ ਜਾਣਕਾਰੀ ਮੁਤਾਬਕ ਫੈਕਟਰੀ ਦਾ ਮਾਲਕ ਅਜੇ ਤੱਕ ਵੀ ਪਰਦੇ ਪਿੱਛੇ ਹੈ। ਸਿਵਲ ਪ੍ਰਸ਼ਾਸਨ ਅਤੇ ਪੁਲੀਸ ਦਾ ਕੋਈ ਵੀ ਅਧਿਕਾਰੀ ਇਸ ਸਬੰਧੀ ਨਾ ਤਾਂ ਕੋਈ ਜਾਣਕਾਰੀ ਮੁਹੱਈਆ ਕਰਵਾ ਰਹੇ ਹੈ ਅਤੇ ਨਾ ਹੀ ਹੋਏ ਨੁਕਸਾਨ ਦੇ ਵੇਰਵੇ ਸਾਂਝੇ ਕਰ ਰਿਹਾ ਹੈ। ਸੂਤਰਾਂ ਮੁਤਾਬਕ ਅੱਗ ਲੱਗਣ ਤੋਂ ਪਹਿਲਾਂ ਫੈਕਟਰੀ ਅੰਦਰ ਇਕ ਮਹਿਲਾ ਮੁਲਾਜ਼ਮ ਭੱਠੀ ਉੱਤੇ ਕੈਮੀਕਲਾਂ ਦਾ ਮਿਸ਼ਰਣ ਤਿਆਰ ਕਰ ਰਹੀ ਸੀ। ਜਦੋਂ ਉਸਨੂੰ ਭੱਠੀ ਦੀ ਅੱਗ ਭੜਕਦੀ ਦਿਸੀ ਤਾਂ ਉਹ ਉੱਥੋਂ ਬਾਹਰ ਵੱਲ ਨੂੰ ਭੱਜ ਨਿਕਲੀ ਤੇ ਇਸ ਤੋਂ ਬਾਅਦ ਅੱਗ ਦੇ ਭਾਂਬੜ ਸ਼ੁਰੂ ਹੋ ਗਏ। ਜਾਣਕਾਰੀ ਮੁਤਾਬਕ ਅੱਗ 'ਤੇ ਕਾਬੂ ਪਾਉਣ ਲਈ ਧਰਮਕੋਟ, ਮੋਗਾ, ਬਾਘਾਪੁਰਾਣਾ, ਜ਼ੀਰਾ ਆਦਿ ਦੇ ਫਾਇਰ ਸਟੇਸ਼ਨਾਂ ਤੋਂ ਸਹਾਇਤਾ ਲਈ ਗਈ। ਥਾਣਾ ਮੁਖੀ ਗੁਰਵਿੰਦਰ ਸਿੰਘ ਭੁੱਲਰ ਨੇ ਸਪੰਰਕ ਕਰਨ ਉੱਤੇ ਸਿਰਫ ਇੰਨਾ ਹੀ ਦੱਸਿਆ ਕਿ ਉਹ ਫੈਕਟਰੀ ਦੀ ਪ੍ਰਮਾਣਕਤਾ ਬਾਰੇ ਜਾਣਕਾਰੀ ਇਕੱਠੀ ਕਰ ਰਹੇ ਹਨ ਤੇ ਇਸ ਤੋਂ ਬਾਅਦ ਹੀ ਕੁਝ ਦੱਸ ਸਕਦੇ ਹਨ। ਪੁਲੀਸ ਨੇ ਮੁੱਢਲੀ ਤਫਤੀਸ਼ ਤੋਂ ਬਾਅਦ ਫੈਕਟਰੀ ਦੇ ਮਾਲਕ ਬਲਰਾਜ ਧੀਰ ਅਤੇ ਇਮਾਰਤ ਦੇ ਮਾਲਕ ਅਮਰੀਕ ਸਿੰਘ ਵਿਰੁੱਧ ਮੁਕੱਦਮਾ ਦਰਜ ਕੀਤਾ ਹੈ। ਉਪ ਮੰਡਲ ਪੁਲੀਸ ਅਧਿਕਾਰੀ ਰਮਨਦੀਪ ਸਿੰਘ ਨੇ ਦੱਸਿਆ ਕਿ ਉਕਤ ਫੈਕਟਰੀ ਵਿਰੁੱਧ ਨਿਯਮਾਂ ਦੀ ਅਣਦੇਖੀ ਕਰਨ ਅਤੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਖ਼ਤਰੇ ਵਿਚ ਪਾਉਣ ਦੇ ਦੋਸ਼ਾਂ ਤਹਿਤ ਥਾਣਾ ਕੋਟ ਈਸੇ ਖਾਂ ਵਿਚ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲੀਸ ਨੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਆਰੰਭ ਦਿੱਤੀ ਹੈ। ਥਾਣਾ ਮੁਖੀ ਗੁਰਵਿੰਦਰ ਸਿੰਘ ਭੁੱਲਰ ਸਾਰੇ ਮਾਮਲੇ ਨੂੰ ਦੇਖ ਰਹੇ ਹਨ। ਉਨ੍ਹਾਂ ਦੱਸਿਆ ਕਿ ਜੇਕਰ ਕੋਈ ਹੋਰ ਵਿਅਕਤੀ ਵੀ ਇਸ ਵਿਚ ਸ਼ਾਮਲ ਪਾਇਆ ਗਿਆ ਤਾਂ ਉਸ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਫਿਲਹਾਲ ਦੋਸ਼ੀ ਪੁਲੀਸ ਦੀ ਗ੍ਰਿਫਤ ਤੋਂ ਬਾਹਰ ਹਨ ਅਤੇ ਉਨ੍ਹਾਂ ਨੂੰ ਜਲਦ ਹੀ ਕਾਬੂ ਕਰ ਲਿਆ ਜਾਵੇਗਾ।

# ਵਧੀਆ ਕਾਰਗੁਜ਼ਾਰੀ ਬਦਲੇ ਵਣ ਰੇਂਜ ਅ.ਫਸਰ ਦਾ ਸਨਮਾਨ



ਮਾਨਸਾ, 19 ਮਈ (ਪੱਤਰ ਪ੍ਰੇਰਕ)–ਉਕਾਵ ਫੈਡਰੇਸ਼ਨ ਅਤੇ ਐਂਟੀ ਕਰੱਪਸ਼ਨ ਵੈਲਫੇਅਰ ਸੁਸਾਇਟੀ ਵੱਲੋਂ ਵਣ ਰੇਂਜ ਅਫ਼ਸਰ ਬੁਢਲਾਡਾ ਹਰਦਿਆਲ ਸਿੰਘ ਨੂੰ ਵਧੀਆ ਕਾਰਗੁਜ਼ਾਰੀ ਅਤੇ ਲੋਕ ਮਿਲਣੀ ਬਦਲੇ ਸਨਮਾਨ ਕੀਤਾ ਗਿਆ। ਸੁਸਾਇਟੀ ਦੇ ਪ੍ਰਧਾਨ ਵਿਕਾਸ ਵਰਮਾ ਨੇ ਦੱਸਿਆ ਕਿ ਸੰਸਥਾ ਵੱਲੋਂ ਦਫ਼ਤਰਾਂ ਵਿੱਚ ਵਧੀਆ ਪਬਲਿਕ ਡੀਲਿੰਗ ਅਤੇ ਚੰਗੀ ਕਾਰਗੁਜ਼ਾਰੀ ਕਰਨ ਵਾਲੇ ਅਫਸਰਾਂ ਅਤੇ ਮੁਲਾਜ਼ਮਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ, ਜੋ ਕਿ ਇਹ ਪ੍ਰਕਿਰਿਆ ਪੂਰੇ ਪੰਜਾਬ ਵਿੱਚ ਚੱਲ ਰਹੀ ਹੈ। ਇਸਦੇ ਮੱਦੇਨਜ਼ਰ ਮਾਨਸਾ ਵਿਖੇ ਇਹ ਸਨਮਾਨ ਸਮਾਰੋਹ ਰੱਖਿਆ ਗਿਆ ਸੀ। ਵਣ ਰੇਂਜ ਅਫ਼ਸਰ ਹਰਦਿਆਲ ਸਿੰਘ ਨੇ ਕਿਹਾ ਕਿ ਉਸਦੀ ਦਿਲੋਂ ਤਮੰਨਾ ਹੈ ਕਿ ਵੱਧ ਤੋਂ ਵੱਧ ਪਬਲਿਕ ਨੂੰ ਸਹਿਯੋਗ ਦਿੱਤਾ ਜਾਵੇਗਾ ਅਤੇ ਸਹਿਯੋਗ ਪਬਲਿਕ ਦਾ ਲਈਏ। ਉਨ੍ਹਾਂ ਕਿਹਾ ਕਿ ਇਹੀ ਸੋਚ ਨੂੰ ਮੱਦੇਨਜ਼ਰ ਰੱਖਦੇ ਹੋਏ, ਉਨ੍ਹਾਂ ਦੀ ਪੂਰੀ ਟੀਮ ਹਮੇਸ਼ਾ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਹੂਲਤ ਅਤੇ ਸਰਕਾਰ ਦੀ ਹਦਾਇਤਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਹਰ ਕੰਮ ਕਰਦੇ ਹਨ। ਇਸ ਮੌਕੇ ਨੱਥੂ ਰਾਮ, ਪ੍ਰਦੀਪ ਵਰਮਾ, ਰਾਜਵੀਰ ਵਰਮਾ, ਗੁਰਪ੍ਰੀਤ ਸਿੰਘ, ਮਲਕੀਤ ਸਿੰਘ, ਗੁਰਪ੍ਰੀਤ ਸਿੰਘ, ਗੁਰਵਿੰਦਰ ਕੌਰ, ਰਘਬੀਰ ਸਿੰਘ, ਜਸਵਿੰਦਰ ਸਿੰਘ ਤੇ ਹੋਰ ਮੌਜੂਦ ਸਨ।

# ਬਠਿੰਡਾ ਦੀ ਤਰਜ਼ 'ਤੇ ਜਗਰਾਉਂ ਕਾਂਗਰਸ 'ਚ ਅਨੁਸ਼ਾਸਨੀ ਕਾਰਵਾਈ ਦੀ ਮੰਗ



ਜਗਰਾਉਂ, 19 ਮਈ (ਪੱਤਰ ਪ੍ਰੇਰਕ)- ਸੀਨੀਅਰ ਕਾਂਗਰਸੀ ਆਗੂ ਇੰਜਨੀਅਰ ਜਗਦੀਪ ਸਿੰਘ ਨੇ ਮੰਗ ਕੀਤੀ ਹੈ ਕਿ ਜਿਸ ਤਰ੍ਹਾਂ ਕਾਂਗਰਸ ਨੇ ਬਠਿੰਡੇ ਦੇ ਅੱਠ ਕੌਂਸਲਰਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਹੈ ਉਸੇ ਤਰਜ 'ਤੇ ਜਗਰਾਉਂ ਦੇ ਉਨ੍ਹਾਂ ਕੌਂਸਲਰਾਂ ਤੇ ਕਾਂਗਰਸੀ ਆਗੂਆਂ ਖ਼ਿਲਾਫ਼ ਵੀ ਬਿਨਾਂ ਦੇਰੀ ਕਾਰਵਾਈ ਹੋਣੀ ਚਾਹੀਦੀ ਹੈ ਜਿਹੜੇ ਪਾਰਟੀ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਵਿੱਚ ਨਿਯਮ ਸਾਰਿਆਂ ਲਈ ਇਕ ਹਨ। ਬਠਿੰਡੇ ਵਿੱਚ ਤਾਂ ਪੰਜ ਸਾਲ ਲਈ ਕੱਢੇ ਕੌਂਸਲਰਾਂ ਨੇ ਹਾਲੇ ਓਨਾ ਨੁਕਸਾਨ ਨਹੀਂ ਪਹੁੰਚਾਇਆ ਸੀ ਜਿੰਨਾ ਜਗਰਾਉਂ ਵਿੱਚ ਇਹ ਲੋਕ ਪਾਰਟੀ ਦਾ ਕਰ ਚੁੱਕੇ ਹਨ। ਰਾਹੁਲ ਗਾਂਧੀ ਕਾਫੀ ਸਮੇਂ ਤੋਂ ਪਾਰਟੀ ਅੰਦਰ 'ਸਲੀਪਰ ਸੈੱਲ' ਹੋਣ ਦੀ ਗੱਲ ਕਰਦੇ ਹੋਏ ਇਨ੍ਹਾਂ ਦੀ ਪਛਾਣ ਕਰਕੇ ਬਾਹਰ ਕਰਨ 'ਤੇ ਜ਼ੋਰ ਦਿੰਦੇ ਆ ਰਹੇ ਹਨ। ਇਸ ਲਈ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੂੰ ਅਪੀਲ ਹੈ ਕਿ ਜਗਰਾਉਂ ਦੀ ਕਾਂਗਰਸ ਪਾਰਟੀ ਵਿਚਲੇ 'ਸਲੀਪਰ ਸੈੱਲ' ਪਛਾਣ ਕੇ ਬਾਹਰ ਕੱਢੇ ਜਾਣ। ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਇੰਜਨੀਅਰ ਜਗਦੀਪ ਸਿੰਘ ਨੇ ਕਿਹਾ ਕਿ ਉਹ ਸੋਮਵਾਰ ਨੂੰ ਇਸ ਬਾਰੇ ਇੰਚਾਰਜ ਤੇ ਪ੍ਰਧਾਨ ਦੋਹਾਂ ਨੂੰ ਇਕ ਪੱਤਰ ਵੀ ਲਿਖ ਰਹੇ ਹਨ। ਉਨ੍ਹਾਂ ਕਿਹਾ ਕਿ ਜਗਰਾਉਂ ਹਲਕਾ ਸ਼ੁਰੂ ਤੋਂ ਕਾਂਗਰਸ ਪੱਖੀ ਰਿਹਾ ਹੈ ਪਰ ਆਪਸੀ ਧੜੇਬੰਦੀ ਤੇ ਗੱਦਾਰੀ ਕਰਕੇ ਕਾਂਗਰਸ ਦਾ ਨੁਕਸਾਨ ਹੋਇਆ ਹੈ। ਹੁਣ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਕਾਂਗਰਸ ਦੇ ਕੌਂਸਲਰ ਹਾਕਮ ਧਿਰ ਦੇ ਨਾਲ ਤੁਰਦੇ ਫਿਰਦੇ ਨਜ਼ਰ ਆਏ। ਇਸ ਦੇ ਬਾਵਜੂਦ ਇਨ੍ਹਾਂ ਖ਼ਿਲਾਫ਼ ਕਾਰਵਾਈ ਕਰਨ ਵਿੱਚ ਢਿੱਲ ਵਰਤੀ ਗਈ ਜਿਸ ਦਾ ਨਤੀਜਾ ਇਹ ਹੋਇਆ ਕਿ ਇਨ੍ਹਾਂ ਵਿੱਚੋਂ ਕੁਝ ਤਾਂ 'ਆਪ' ਵਿੱਚ ਸ਼ਾਮਲ ਹੀ ਹੋ ਗਏ। ਜੇਕਰ ਇਨ੍ਹਾਂ ਨੂੰ ਸਮੇਂ ਸਿਰ ਬਾਹਰ ਦਾ ਰਸਤਾ ਦਿਖਾਇਆ ਹੁੰਦਾ ਤਾਂ ਕਾਂਗਰਸ ਦੀ ਸ਼ਾਨ ਵਿੱਚ ਹੀ ਵਾਧਾ ਹੋਣਾ ਸੀ। ਉਨ੍ਹਾਂ ਕਿਹਾ ਕਿ ਹਾਲੇ ਵੀ ਮੌਕਾ ਹੈ ਤੇ ਜਿਹੜੇ ਕਾਂਗਰਸ ਵਿੱਚ ਰਹਿ ਪਿੱਠ ਵਿੱਚ ਛੁਰਾ ਮਾਰਨ ਵਾਲਾ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਬਿਨਾਂ ਦੇਰੀ ਕਾਂਗਰਸ ਵਿੱਚੋਂ ਕੱਢਿਆ ਜਾਵੇ।

# ਘਰਾਚੋਂ ਸਕੂਲ ਦਾ ਨਤੀਜਾ ਸ਼ਾਨਦਾਰ

ਭਵਾਨੀਗੜ੍ਹ, 19 ਮਈ (ਪੱਤਰ ਪ੍ਰੇਰਕ)- ਇੱਥੋਂ ਨੇੜਲੇ ਪਿੰਡ ਘਰਾਚੋਂ ਦੇ ਗੁਰੂ ਰਾਮਦਾਸ ਸੀਨੀਅਰ ਸੈਕੰਡਰੀ ਸਕੂਲ ਦੀ ਦਸਵੀਂ ਸ਼੍ਰੇਣੀ ਦਾ ਨਤੀਜਾ 100 ਫੀਸਦੀ ਰਿਹਾ ਹੈ। ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਘੁਮਾਣ, ਸਕੱਤਰ ਜਸਵੰਤ ਸਿੰਘ ਅਤੇ ਵਾਈਸ ਚੇਅਰਮੈਨ ਤੇਜਿੰਦਰ ਸਿੰਘ ਨੇ ਦੱਸਿਆ ਕਿ ਬੋਰਡ ਵੱਲੋਂ ਲਈਆਂ ਗਈਆਂ ਦਸਵੀਂ ਦੀਆਂ ਪ੍ਰੀਖਿਆਵਾਂ ਵਿੱਚ ਇਸ ਸਕੂਲ ਦੀ ਵਿਦਿਆਰਥਣ ਸਮਨਦੀਪ ਕੌਰ ਨੇ 95.07 ਫੀਸਦੀ, ਜਸਮੀਨ ਕੌਰ ਪੁੱਤਰੀ ਨੇ 93.85 ਫੀਸਦੀ, ਜਸਕਰਨਪ੍ਰੀਤ ਸਿੰਘ ਨੇ 93.23 ਫੀਸਦੀ, ਬਬਲਪ੍ਰੀਤ ਕੌਰ ਨੇ 92.92 ਫੀਸਦੀ, ਨਵਰੀਤ ਕੌਰ ਨੇ 91.84 ਫੀਸਦੀ, ਹਰਮਨਜੋਤ ਸਿੰਘ ਨੇ 91.84 ਫੀਸਦੀ, ਪ੍ਰਭਜੋਤ ਸਿੰਘ ਨੇ 91.53 ਫੀਸਦੀ, ਲੋਕੇਸ਼ ਨੇ 91.15 ਫੀਸਦੀ ਅੰਕ ਹਾਸਲ ਕੀਤੇ ਹਨ। ਸਕੂਲ ਪ੍ਰਿੰਸੀਪਲ ਉਰਮਿਲਾ ਸ਼ਰਮਾ ਨੇ ਮੋਹਰੀ ਰਹੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾ ਕੇ ਹੌਸਲਾ ਅਫ਼ਜ਼ਾਈ ਕੀਤੀ।

# ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਦਾ ਸੰਸਦ ਰਤਨ ਐਵਾਰਡ ਨਾਲ ਹੋਵੇਗਾ ਸਨਮਾਨ

## ਜਲੰਧਰ ਤੋਂ ਐੱਮਪੀ ਚੰਨੀ ਸਣੇ 17 ਸੰਸਦ ਮੈਂਬਰਾਂ ਦੀ ਵੱਕਾਰੀ ਐਵਾਰਡ ਲਈ ਚੋਣ

ਚੰਡੀਗੜ੍ਹ, 19 ਮਈ (ਪੱਤਰ ਪ੍ਰੇਰਕ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਮੌਜੂਦਾ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਸਣੇ 17 ਐੱਮਪੀ'ਜ਼ ਨੂੰ ਮਾਣਮੱਤੇ ਸੰਸਦ ਰਤਨ ਐਵਾਰਡ 2025 ਨਾਲ ਸਨਮਾਨਿਤ ਕੀਤਾ ਜਾਵੇਗਾ। ਇਹ ਪੁਰਸਕਾਰ ਸੰਸਦੀ ਕਾਰਜਾਂ ਵਿੱਚ ਸ਼ਾਨਦਾਰ ਯੋਗਦਾਨ ਨੂੰ ਮਾਨਤਾ ਦਿੰਦਾ ਹੈ, ਜਿਸ ਵਿੱਚ ਵਿਚਾਰ ਚਰਚਾ ਵਿੱਚ ਹਿੱਸਾ ਲੈਣਾ, ਸਵਾਲ ਪੁੱਛਣੇ ਅਤੇ ਵਿਧਾਨਕ ਸਰਗਰਮੀਆਂ ਵਿੱਚ ਸ਼ਮੂਲੀਅਤ ਸ਼ਾਮਲ ਹਨ। ਚੰਨੀ ਖੇਤੀਬਾੜੀ ਬਾਰੇ ਸਥਾਈ ਕਮੇਟੀ ਦੇ ਚੇਅਰਪਰਸਨ ਹਨ। ਉਨ੍ਹਾਂ ਦੀ ਕਿਸਾਨੀ ਮੁੱਦਿਆਂ ਨੂੰ ਉਜਾਗਰ ਕਰਨ ਅਤੇ ਠੋਸ ਖੇਤੀਬਾੜੀ ਸੁਧਾਰਾਂ ਦੀ ਤਜਵੀਜ਼ ਰੱਖਣ ਲਈ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਪ੍ਰਾਈਮ ਪੁਆਇੰਟ ਫਾਊਂਡੇਸ਼ਨ ਵੱਲੋਂ ਸਥਾਪਿਤ ਸੰਸਦ ਰਤਨ ਪੁਰਸਕਾਰ, ਸੰਸਦੀ



ਪ੍ਰਦਰਸ਼ਨ ਦੀ ਡੇਟਾ-ਅਧਾਰਤ ਸਮੀਖਿਆਂ 'ਤੇ ਅਧਾਰਤ ਹਨ। ਜੇਤੂਆਂ ਦੀ ਚੋਣ ਪੱਛੜੇ ਵਰਗਾਂ ਬਾਰੇ ਕੌਮੀ ਕਮਿਸ਼ਨ ਦੇ ਚੇਅਰਮੈਨ ਹੰਸਰਾਜ ਅਹੀਰ ਦੀ ਪ੍ਰਧਾਨਗੀ ਵਾਲੀ ਜਿਊਰੀ ਕਮੇਟੀ ਵੱਲੋਂ ਕੀਤੀ ਗਈ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਪੁਰਸਕਾਰ ਉਨ੍ਹਾਂ ਸੰਸਦ ਮੈਂਬਰਾਂ ਨੂੰ ਸਨਮਾਨਿਤ ਕਰਦਾ ਹੈ ਜਿਨ੍ਹਾਂ ਨੇ ਭਾਰਤ ਦੇ ਜਮਹੂਰੀ ਅਮਲ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਇਸ ਵੱਕਾਰੀ ਪੁਰਸਕਾਰ ਲਈ ਚੁਣੇ ਹੋਰਨਾਂ ਐੱਮਪੀ'ਜ਼ ਵਿਚ ਸਮਿਤਾ ਵਾਘ (ਭਾਜਪਾ), ਅਰਵਿੰਦ ਸਾਵੰਤ (ਸ਼ਿਵ ਸੈਨਾ ਯੂਬੀਟੀ), ਨਰੇਸ਼ ਗਣਪਤ ਮਹਸਕੇ (ਸ਼ਿਵ ਸੈਨਾ), ਵਰਸ਼ਾ ਗਾਇਕਵਾੜ (ਕਾਂਗਰਸ), ਮੇਧਾ ਕੁਲਕਰਨੀ (ਭਾਜਪਾ), ਪ੍ਰਵੀਨ ਪਟੇਲ (ਭਾਜਪਾ), ਰਵੀ ਕਿਸ਼ਨ (ਭਾਜਪਾ), ਨਿਸ਼ੀਕਾਂਤ ਦੂਬੇ (ਭਾਜਪਾ), ਬਿਦਯੁਤ ਬਾਰਨ ਮਹਾਤੋ (ਭਾਜਪਾ), ਪੀਪੀ ਚੌਧਰੀ (ਭਾਜਪਾ), ਮਦਨ ਰਾਠੌਰ (ਭਾਜਪਾ), ਸੀਐਨ ਅੰਨਾਦੁਰਾਈ (ਡੀਐਮਕੇ), ਦਿਲੀਪ ਸੈਕੀਆ (ਭਾਜਪਾ), ਭਰਤਹਰੀ ਮਹਿਤਾਬ(ਭਾਜਪਾ), ਸੁਪ੍ਰਿਆ ਸੂਲੇ (ਐੱਨਸੀਪੀ ਐੱਸਪੀ), ਐੱਨਕੇ ਪ੍ਰੇਮਚੰਦਰਨ (ਆਰਐੱਸਪੀ) ਸ਼ਾਮਲ ਹਨ।

# ਆਕਸਫੋਰਡ ਸੀਨੀਅਰ ਸਕੂਲ ਵਿੱਚ ਨਿਵੇਸ਼ ਸਮਾਗਮ



ਪਾਇਲ, 19 ਮਈ (ਪੱਤਰ ਪ੍ਰੇਰਕ)- ਇੱਥੇ ਆਕਸਫੋਰਡ ਸੀਨੀਅਰ ਸਕੂਲ ਵਿੱਚ ਅੱਜ ਨਿਵੇਸ਼ ਸਮਾਗਮ ਕਰਵਾਇਆ ਗਿਆ। ਪ੍ਰਧਾਨ ਕਿਰਨਪ੍ਰੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਨਿਵੇਸ ਸਮਾਰੋਹ ਸਕੂਲ ਦੇ ਸਭ ਤੋਂ ਮਹੱਤਵਪੂਰਨ ਸਮਾਗਮਾਂ ਵਿੱਚੋਂ ਇੱਕ ਹੈ ਕਿਉਂਕਿ ਸਭ ਇਸ ਗੱਲ ਤੋਂ ਭਲੀਭਾਂਤੀ ਜਾਣੂ ਹਨ ਕਿ ਵਿਦਿਆਰਥੀ ਹੀ ਸਾਡਾ ਆਉਣ ਵਾਲਾ ਭਵਿੱਖ ਹਨ। ਇਸ ਸਮਾਰੋਹ ਨੂੰ ਮੁੱਖ ਰੱਖਦੇ ਹੋਏ ਇਸ ਦਿਨ ਦੀ ਸ਼ੁਰੂਆਤ ਮੁੱਖ ਮਹਿਮਾਨ ਚੇਅਰਮੈਨ ਨਿਰਮਲ ਸਿੰਘ ਧਾਲੀਵਾਲ, ਨਵਨੀਤ ਕੌਰ ਮਾਨ, ਹਰਜੋਤ ਕੌਰ, ਸਕੂਲ ਦੇ ਮੁੱਖ ਅਧਿਆਪਕ ਵਿਜੇ ਕਪੂਰ ਦੇ ਸਵਾਗਤ ਨਾਲ ਕੀਤੀ ਗਈ। ਉਸ ਤੋਂ ਬਾਅਦ ਗਿਆਨ ਅਤੇ ਵਿੱਦਿਆ ਦੀ ਦੇਵੀ ਸਰਸਵਤੀ ਮਾਤਾ ਨੂੰ ਫੁੱਲ ਭੇਂਟ ਕੀਤੇ ਗਏ। ਇਸ ਉਪਰੰਤ ਸਕੂਲ ਦੇ ਪ੍ਰਤੀਨਿਧੀ ਵਿਦਿਆਰਥੀ ਗੁਰਸਿਮਰਨ ਸਿੰਘ ਤੂਰ ਅਤੇ ਪ੍ਰਤੀਨਿਧੀ ਵਿਦਿਆਰਥਣ ਬਵਨੀਤ ਕੌਰ ਉਪ ਮੁਖੀ ਵਿਦਿਆਰਥੀ ਰਾਧੇ ਵੈਦ ਅਤੇ ਉਪ-ਮੁਖੀ ਵਿਦਿਆਰਥਣ ਨਵਰੀਤ ਕੌਰ ਧਾਲੀਵਾਲ ਨੂੰ ਬੈਜ ਦਿੱਤੇ ਗਏ।

# ਪੰਜਾਬ ਦੇ ਮੁੱਖ ਮੰਤਰੀ ਨੇ ਰਾਜਨੀਤੀ ਖਾਤਰ ਮਨੁੱਖਤਾ ਨੂੰ ਤਿਆਗਿਆ: ਸੈਣੀ

## ਪਾਣੀ ਦੇ ਮਾਮਲੇ 'ਤੇ ਰਾਜਨੀਤੀ ਕਰਨ ਦੇ ਦੋਸ਼;ਹਰ ਘਰ ਨੂੰ ਪਾਣੀ ਮੁਹੱਈਆ ਕਰਵਾਉਣ ਦਾ ਸੰਕਲਪ ਦੁਹਰਾਇਆ

ਸ਼ਾਹਬਾਦ ਮਾਰਕੰਡਾ/ ਕੁਰੂਕਸ਼ੇਤਰ, 19 ਮਈ (ਪੱਤਰ ਪ੍ਰੇਰਕ) ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਸਾਡੇ ਬਹਾਦਰ ਸੈਨਿਕਾਂ ਨੇ ਜਿਸ ਹਿੰਮਤ, ਸਮਰਪਣ ਤੇ ਅਨੁਸ਼ਾਸਨ ਨਾਲ ਅਪਰੇਸ਼ਨ ਸਿੰਧੂਰ ਨੂੰ ਅੰਜਾਮ ਦਿੱਤਾ, ਉਸ ਨਾਨ ਇਹ ਸਿਰਫ ਇਕ ਫੌਜੀ ਅਪਰੇਸ਼ਨ ਹੀ ਨਹੀਂ ਬਣਿਆ, ਸਗੋਂ ਸਾਡੇ ਕੌਮੀ ਮਾਣ ਦਾ ਵੀ ਪ੍ਰਤੀਕ ਵੀ ਬਣ ਗਿਆ ਹੈ। ਮੁੱਖ ਮੰਤਰੀ ਨੇ ਇਹ ਵਿਚਾਰ ਅੱਜ ਲਾਡਵਾ ਹਲਕੇ ਦੇ ਪਿੰਡ ਬੁਹਾਵੀ ਵਿਚ ਤਿਰੰਗਾ ਯਾਤਰਾ ਤੋਂ ਪਹਿਲਾਂ ਲੋਕਾਂ ਨੂੰ ਸੰਬੋਧਨ ਕਰਦਿਆਂ ਕਹੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਰਾਜਨੀਤੀ ਨੂੰ ਪਹਿਲ ਦੇ ਕੇ ਮਨੁੱਖਤਾ ਨੂੰ ਭੁੱਲ ਗਏ ਹਨ। ਦੇਸ਼ ਵਿਚ ਮੀਂਹ ਦਾ ਪਾਣੀ ਇਕ ਕੁਦਰਤੀ ਸਰੋਤ ਹੈ ਤੇ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਮਨੁੱਖੀ ਆਧਾਰ 'ਤੇ ਹਰ ਘਰ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਈਏ। ਮੁੱਖ ਮੰਤਰੀ ਨੇ ਇਕ ਸੁਆਲ ਦੇ ਜੁਆਬ ਵਿਚ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬ ਵਾਸੀਆਂ ਦਾ ਸ਼ੋਸ਼ਣ ਕੀਤਾ ਹੈ। ਅਜਿਹੇ ਰਾਜਨੀਤਕ ਪ੍ਰਬੰਧ ਕਾਰਨ ਪੰਜਾਬ ਦੇ ਨੌਜਵਾਨਾਂ, ਕਿਸਾਨਾਂ, ਔਰਤਾਂ ਤੇ ਉਦਯੋਗਿਕ ਖੇਤਰ ਵਿਚ ਕੰਮ ਕਰਨ ਵਾਲੇ ਨਾਗਰਿਕਾਂ ਨੂੰ ਸਹੂਲਤਾਂ ਨਹੀਂ ਮਿਲ ਰਹੀਆਂ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਵਿਚ ਭਾਜਪਾ ਦੀ ਸਰਕਾਰ ਬਣੇਗੀ।



# ਦੋ ਕਿਲੋ ਭੁੱਕੀ ਚੂਰਾ ਬਰਾਮਦ

ਸ਼ੇਰਪੁਰ, 19 ਮਈ (ਪੱਤਰ ਪ੍ਰੇਰਕ)-ਪੰਜਾਬ ਸਰਕਾਰ ਤੇ ਪੰਜਾਬ ਪੁਲੀਸ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਐੱਸਐੱਚਓ ਗੁਰਪਾਲ ਸਿੰਘ ਦੀਆਂ ਹਦਾਇਤਾਂ 'ਤੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਇੱਕ ਵਿਅਕਤੀ ਕੋਲੋਂ ਦੋ ਕਿੱਲੋ ਭੁੱਕੀ ਚੂਰਾ ਬਰਾਮਦ ਕੀਤਾ ਹੈ।

ਇਸ ਸਬੰਧੀ ਪੁਲੀਸ ਨੇ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਦਿੱਤੀ ਹੈ। ਪੁਲੀਸ ਵੱਲੋਂ ਜਾਰੀ ਬਿਆਨ ਅਨੁਸਾਰ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਤੇ ਪੁਲੀਸ ਪਾਰਟੀ ਨੂੰ ਦੌਰਾਨ-ਏ-ਗਸ਼ਤ ਮੁਖਬਰ ਖਾਸ ਦੀ ਇਤਲਾਹ ਤਹਿਤ ਬੱਬੂ ਸਿੰਘ ਵਾਸੀ ਪੱਤੀ ਖਲੀਲ ਨੂੰ ਕਾਬੂ ਕਰ ਲਿਆ ਅਤੇ ਮੁਲਜ਼ਮ ਕੋਲੋਂ ਦੋ ਕਿਲੋ ਭੁੱਕੀ ਬਰਾਮਦ ਕਰਦਿਆਂ ਮੁਕੱਦਮਾ ਨੰਬਰ 30 ਦਰਜ ਕਰ ਲਿਆ। ਐੱਸਐੱਚਓ ਸ਼ੇਰਪੁਰ ਗੁਰਪਾਲ ਸਿੰਘ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਮੁਲਜ਼ਮ ਨੂੰ ਅਦਾਲਤ ਪੇਸ਼ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ।

# ਪ੍ਰੇਮੀ ਦਾ ਕਤਲ ਕਰਨ ਵਾਲੀ ਔਰਤ ਦੂਜੇ ਪ੍ਰੇਮੀ ਸਮੇਤ ਗ੍ਰਿਫ਼ਤਾਰ



ਖੰਨਾ, 19 ਮਈ (ਪੱਤਰ ਪ੍ਰੇਰਕ)-ਖੰਨਾ ਪੁਲੀਸ ਨੇ ਇਕ ਸਨਸਨੀਖੇਜ ਕਤਲ ਦੀ ਗੁੱਥੀ ਨੂੰ ਸਿਰਫ਼ 6 ਘੰਟਿਆਂ ਵਿਚ ਹੀ ਸੁਲਝਾਉਂਦਿਆਂ ਦੋ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸਐੱਸਪੀ ਡਾ.ਜੋਤੀ ਯਾਦਵ ਨੇ ਦੱਸਿਆ ਕਿ ਪੁਲੀਸ ਟੀਮ ਨੇ ਕਤਲ ਮਾਮਲੇ ਸਬੰਧੀ ਕੇਸ ਦਰਜ ਕਰਦਿਆਂ ਐੱਸਪੀ ਪਵਨਜੀਤ, ਡੀਐਸਪੀ ਮੋਹਿਤ ਸਿੰਗਲਾ ਅਤੇ ਹੇਮੰਤ ਕੁਮਾਰ ਦੀ ਅਗਵਾਈ ਹੇਠਾਂ 6 ਘੰਟਿਆਂ ਵਿਚ ਹੀ ਮਾਮਲੇ ਨੂੰ ਸੁਲਝਾ ਲਿਆ। ਕਰਮਜੀਤ ਸਿੰਘ ਵੱਲੋ ਦਰਜ ਕਰਵਾਈ ਰਿਪੋਰਟ ਅਨੁਸਾਰ ਉਸਦੇ ਭਰਾ ਬਹਾਦਰ ਸਿੰਘ ਦੇ ਘਰ ਵਿਚ ਦਾਖਲ ਹੋ ਕੇ ਸੁਖਪ੍ਰੀਤ ਸਿੰਘ ਉਰਫ਼ ਸੁੱਖੀ ਵਾਸੀ ਧਲੇਰ ਕਲਾ (ਮਲੇਰਕੋਟਲਾ) ਅਤੇ ਜਸਵੀਰ ਕੌਰ(ਜੋ ਬਹਾਦਰ ਸਿੰਘ ਨਾ ਰਹਿੰਦੀ ਸੀ) ਨੇ ਉਸ ਦੇ ਸਿਰ ਵਿਚ ਲੋਹੇ ਦੀ ਪਾਇਪ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਬਹਾਦਰ ਸਿੰਘ ਨੂੰ ਸੁਖਪ੍ਰੀਤ ਅਤੇ ਜਸਵੀਰ ਦੇ ਆਪਸੀ ਸਬੰਧਾਂ ਬਾਰੇ ਪਤਾ ਲੱਗ ਗਿਆ ਸੀ ਅਤੇ ਰੋਕ ਟੋਕ ਕਰਦਾ ਸੀ। ਜਿਸ ਦੇ ਚਲਦਿਆਂ ਦੋਵਾਂ ਨੇ ਬਹਾਦਰ ਸਿੰਘ ਦਾ ਕਤਲ ਕਰ ਦਿੱਤਾ। ਪੁਲੀਸ ਨੇ ਫੌਰੀ ਕਾਰਵਾਈ ਕਰਦਿਆਂ ਦੋਸ਼ੀਆਂ ਨੂੰ 6 ਘੰਟੇ ਵਿਚ ਗ੍ਰਿਫ਼ਤਾਰ ਕਰ ਲਿਆ। ਐਸਐਸਪੀ ਯਾਦਵ ਅਨੁਸਾਰ ਦੋਸ਼ੀਆਂ ਤੋਂ ਪੁੱਛਗਿੱਛ ਕਰਦਿਆਂ ਅਗਲੇਰੀ ਕਾਰਵਈ ਕੀਤੀ ਜਾ ਰਹੀ ਹੈ।

# ਕਿਸਾਨ ਨੇ ਗੋਲੀ ਮਾਰ ਕੇ ਕੀਤੀ ਆਤਮਹੱਤਿਆ, ਆੜ੍ਹਤੀਆ ਨਾਮਜਦ

ਨਾਭਾ , 19 ਮਈ (ਪੱਤਰ ਪ੍ਰੇਰਕ)- ਪਿੰਡ ਅੱਚਲ ਦੇ ਵਸਨੀਕ ਕਿਸਾਨ ਅਮਰਿੰਦਰ ਸਿੰਘ ਨੇ ਗੋਲੀ ਮਾਰ ਕੇ ਆਤਮਹੱਤਿਆ ਕਰ ਲਈ ਹੈ। ਇਸ ਸਬੰਧੀ ਥਾਣਾ ਸਦਰ ਪੁਲਿਸ ਨੇ ਮ੍ਰਿਤਕ ਦੀ ਮਾਤਾ ਪਰਮਜੀਤ ਕੌਰ ਦੇ ਬਿਆਨਾਂ 'ਤੇ ਆੜ੍ਹਤੀਏ ਖਿਲਾਫ ਮਾਮਲਾ ਦਰਜ ਕੀਤਾ ਹੈ। ਦੋਸ਼ ਹੈ ਕਿ ਆੜ੍ਹਤੀ ਵੱਲੋਂ ਅਮਰਿੰਦਰ ਨੂੰ ਤੰਗ ਪਰੇਸ਼ਾਨ ਕੀਤਾ ਜਾਂਦਾ ਸੀ। ਜਿਸ ਤੋਂ ਦੁਖੀ ਹੋ ਕੇ ਲਾਇਸੰਸੀ ਰਿਵਾਲਵਰ ਨਾਲ ਅਮਰਿੰਦਰ ਨੇ ਆਪਣੇ ਮੱਥੇ 'ਤੇ ਗੋਲੀ ਮਾਰ ਲਈ ਸੀ ਤੇ ਨਿੱਜੀ ਹਸਪਤਾਲ 'ਚ ਇਲਾਜ ਦੌਰਾਨ ਮੌਤ ਹੋ ਗਈ। ਨਾਭਾ ਦੇ ਥਾਣਾ ਸਦਰ ਵਿਖੇ ਉਸ ਦੀ ਮਾਤਾ ਪਰਮਜੀਤ ਕੌਰ ਦੇ ਬਿਆਨਾਂ 'ਤੇ ਆੜ੍ਹਤੀਏ ਖਿਲਾਫ ਮਾਮਲਾ ਦਰਜ ਕੀਤਾ ਗਿਆ। ਦੋਸ਼ ਹੈ ਕਿ ਕੁਝ ਸਮਾਂ ਪਹਿਲਾਂ ਆੜ੍ਹਤੀਏ ਵੱਲੋਂ ਇਕ ਚੈੱਕ ਲਗਾਇਆ ਗਿਆ ਸੀ। ਮ੍ਰਿਤਕ ਦੀ ਮਾਤਾ ਮੁਤਾਬਕ ਆੜ੍ਹਤੀ ਵੱਲੋਂ ਉਸ ਦੇ ਪੁੱਤਰ ਅਮਰਿੰਦਰ ਨੂੰ ਤੰਗ ਪਰੇਸ਼ਾਨ ਕੀਤਾ ਜਾਂਦਾ ਸੀ। ਨਾਂ ਤਾਂ ਅਮਰਿੰਦਰ ਨੂੰ ਆਪਣੀ ਜਮੀਨ 'ਤੇ ਖੇਤੀ ਕਰਨ ਦਿੰਦਾ ਸੀ ਤੇ ਨਾ ਹੀ ਠੇਕੇ 'ਤੇ ਦੇਣ ਦਿੰਦਾ ਸੀ। ਥਾਣਾ ਸਦਰ ਦੇ ਮੁਖੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਆੜ੍ਹਤੀਏ ਸੰਦੀਪ ਕੁਮਾਰ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਲਾਸ਼ ਪੋਸਟਮਾਰਟਮ ਤੋਂ ਬਾਅਦ ਵਾਰਸਾਂ ਹਵਾਲੇ ਕਰ ਦਿੱਤੀ ਗਈ ਹੈ। ਦੱਸਣਾ ਬਣਦਾ ਹੈ ਕਿ ਕੁਝ ਸਮਾਂ ਪਹਿਲਾਂ ਅਮਰਿੰਦਰ ਦੇ ਪਿਤਾ ਯਾਦਵਿੰਦਰ ਸਿੰਘ ਵੱਲੋਂ ਵੀ ਦਵਾਈ ਪੀ ਕੇ ਆਤਮ ਹੱਤਿਆ ਕਰ ਲਈ ਗਈ ਸੀ। ਉਸ ਸਮੇਂ ਅਮਰਿੰਦਰ ਦੀ ਮਾਤਾ ਪਰਮਜੀਤ ਕੌਰ ਪਿੰਡ ਦੀ ਸਰਪੰਚ ਸੀ।

# ਪੰਜਾਬ ਸਕੂਲ ਸਿੱਖਿਆ ਬੋਰਡ: ਦਸਵੀਂ 'ਚ ਤਿੰਨ ਵਿਦਿਆਰਥਣਾਂ ਨੇ ਇਤਿਹਾਸ ਸਿਰਜਿਆ

ਐੱਸਏਐੱਸ ਨਗਰ (ਮੁਹਾਲੀ), 19 ਮਈ (ਪੱਤਰ ਪ੍ਰੇਰਕ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਜਮਾਤ ਦੇ ਅੱਜ ਐਲਾਨੇ ਗਏ ਨਤੀਜੇ 'ਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਲੜਕੀਆਂ ਨੇ ਹਾਸਲ ਕੀਤੀਆਂ ਹਨ। ਤਿੰਨ ਵਿਦਿਆਰਥਣਾਂ ਨੇ 100 ਫ਼ੀਸਦੀ ਬਰਾਬਰ ਅੰਕ ਲੈ ਕੇ ਇਤਿਹਾਸ ਸਿਰਜਿਆ ਹੈ। ਸੰਤ ਮੋਹਨ ਦਾਸ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਕੋਟ ਸੁਖੀਆ (ਫ਼ਰੀਦਕੋਟ) ਦੀ ਵਿਦਿਆਰਥਣ ਅਕਸ਼ਨੂਰ ਨੇ (650/650) 100 ਫ਼ੀਸਦੀ ਅੰਕ ਲੈ ਕੇ ਪੰਜਾਬ ਭਰ 'ਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਬਾਬਾ ਫਰੀਦ ਪਬਲਿਕ ਛੱਤਿਆਣਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ (ਸ੍ਰੀ ਮੁਕਤਸਰ ਸਾਹਿਬ) ਦੀ ਰਤਿੰਦਰਦੀਪ ਕੌਰ ਨੇ (650/650) 100 ਫ਼ੀਸਦੀ ਅੰਕਾਂ ਨਾਲ ਦੂਜਾ ਅਤੇ ਰਾਮ ਸਰੂਪ ਮੈਮੋਰੀਅਲ ਸੈਕੰਡਰੀ ਸਕੂਲ ਚੌਂਦਾ



(ਮਾਲੇਰਕੋਟਲਾ) ਦੀ ਅਰਸ਼ਦੀਪ ਕੌਰ ਨੇ (650/650) 100 ਫ਼ੀਸਦੀ ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ ਹੈ। ਤਿੰਨੋਂ ਵਿਦਿਆਰਥਣਾਂ ਦੇ ਬਰਾਬਰ ਅੰਕ ਹੋਣ ਕਾਰਨ ਉਮਰ ਹੱਦ ਨੂੰ ਆਧਾਰ ਬਣਾ ਕੇ ਨਤੀਜਾ ਐਲਾਨਿਆ ਗਿਆ ਹੈ। ਸੰਤ ਮੋਹਨ ਦਾਸ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਕੋਟ ਸੁਖੀਆ (ਫਰੀਦਕੋਟ) ਦੀ ਹੀ ਵਿਦਿਆਰਥਣ ਜਸ਼ਨਪ੍ਰੀਤ ਕੌਰ ਗਿੱਲ ਪੁੱਤਰੀ ਜਸਵਿੰਦਰ ਸਿੰਘ ਨੇ ਵੀ (650/650)100 ਫ਼ੀਸਦੀ ਅੰਕ ਹਾਸਲ ਕੀਤੇ ਹਨ। ਪੰਜਾਬ ਦੀ ਮੈਰਿਟ ਵਿੱਚ ਉਸ ਦਾ ਚੌਥਾ ਸਥਾਨ ਬਣਦਾ ਹੈ। ਬੋਰਡ ਦੇ ਚੇਅਰਮੈਨ ਡਾ. ਅਮਰਪਾਲ ਸਿੰਘ ਨੇ ਨਤੀਜਾ ਐਲਾਨਦਿਆਂ ਦੱਸਿਆ ਕਿ 300 ਵਿਦਿਆਰਥੀ ਮੈਰਿਟ ਸੂਚੀ 'ਚ ਆਏ ਹਨ ਜਿਨ੍ਹਾਂ 'ਚੋਂ 256 ਲੜਕੀਆਂ ਨੇ ਮੱਲ੍ਹਾਂ ਮਾਰੀਆਂ ਹਨ ਜਦੋਂਕਿ ਮੁੰਡੇ ਇਸ ਵਾਰ ਵੀ ਫਾਡੀ ਰਹਿ ਗਏ। ਸਰਕਾਰੀ ਹਾਈ ਸਕੂਲ ਰਾਜੋਮਾਜਰਾ (ਬਨੂੜ) ਦੀ ਵਿਦਿਆਰਥਣ ਜਸ਼ਨਦੀਪ ਕੌਰ ਨੇ 650 'ਚੋਂ 620 ਅੰਕ (96.62 ਫ਼ੀਸਦੀ) ਲੈ ਕੇ ਮੁਹਾਲੀ ਦੀ ਲਾਜ ਰੱਖੀ। ਉਸ ਤੋਂ ਬਿਨਾਂ ਮੁਹਾਲੀ ਜ਼ਿਲ੍ਹੇ ਦੇ ਕਿਸੇ ਵੀ ਸਕੂਲ ਦਾ ਕੋਈ ਵੀ ਵਿਦਿਆਰਥੀ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਨਹੀਂ ਕਰਵਾ ਸਕਿਆ ਹੈ।

# 12ਵੀਂ ਦਾ ਨਤੀਜਾ: ਸੂਬੇ ਭਰ 'ਚ ਇਤਿਹਾਸ ਦੇ ਵਿਸ਼ੇ 'ਚੋਂ 7891 ਵਿਦਿਆਰਥੀ ਫੇਲ੍ਹ

ਲੁਧਿਆਣਾ, 19 ਮਈ (ਪੱਤਰ ਪ੍ਰੇਰਕ)-ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵੱਲੋਂ ਬੀਤੇ ਦਿਨੀਂ 12ਵੀਂ ਜਮਾਤ ਦੇ ਕੱਢੇ ਨਤੀਜੇ ਵਿੱਚ ਭਾਵੇਂ ਲੁਧਿਆਣਾ ਦੇ ਸਭ ਤੋਂ ਵੱਧ ਵਿਦਿਆਰਥੀ ਮੈਰਿਟ ਸੂਚੀ ਵਿੱਚ ਆਏ ਪਰ ਪਾਸ ਪ੍ਰਤੀਸ਼ਤ ਵਿੱਚ ਲੁਧਿਆਣਾ ਸੂਬੇ ਵਿੱਚੋਂ 21ਵੇਂ ਸਥਾਨ 'ਤੇ ਰਿਹਾ ਹੈ। ਇਸੇ ਤਰ੍ਹਾਂ ਸੂਬੇ ਭਰ ਵਿੱਚ ਹਿਸਟਰੀ ਦੇ ਵਿਸ਼ੇ ਵਿੱਚੋਂ ਸਭ ਤੋਂ ਵੱਧ 7891 ਵਿਦਿਆਰਥੀ ਫੇਲ੍ਹ ਹੋਏ ਹਨ। ਕਈ ਵਿਦਿਆਰਥੀਆਂ ਦਾ ਕਹਿਣਾ ਸੀ ਕਿ ਪੇਪਰ ਔਖਾ ਸੀ ਪਰ ਇਤਿਹਾਸ ਵਿਸ਼ੇ ਵਿੱਚੋਂ ਇੰਨੇ ਵਿਦਿਆਰਥੀਆਂ ਦਾ ਫੇਲ੍ਹ ਹੋਣਾ ਕਈ ਸਵਾਲ ਖੜ੍ਹੇ ਕਰਦਾ ਹੈ। ਬੋਰਡ ਵੱਲੋਂ 12ਵੀਂ ਜਮਾਤ ਦੇ 290 ਵਿਦਿਆਰਥੀਆਂ ਦੀ ਮੈਰਿਟ ਸੂਚੀ ਐਲਾਨੀ ਗਈ ਹੈ। ਇਸ ਵਿੱਚ 55 ਵਿਦਿਆਰਥੀ ਮੈਰਿਟ ਵਿੱਚ ਆਉਣ 'ਤੇ ਲੁਧਿਆਣਾ ਜ਼ਿਲ੍ਹਾ ਪਹਿਲੇ ਸਥਾਨ 'ਤੇ ਆਇਆ ਹੈ। ਪਰ ਦੂਜੇ ਪਾਸੇ ਪਾਸ ਪ੍ਰਤੀਸ਼ਤ ਵਿੱਚ ਲੁਧਿਆਣਾ ਸੂਬੇ ਦੇ 23 ਜ਼ਿਲ੍ਹਿਆਂ ਵਿੱਚੋਂ 21ਵੇਂ ਸਥਾਨ ਤੱਕ ਹੇਠਾਂ ਖਿਸਕ ਗਿਆ ਹੈ। ਲੁਧਿਆਣਾ ਜ਼ਿਲ੍ਹੇ 'ਚ ਕੁੱਲ 32, 800 ਵਿਦਿਆਰਥੀਆਂ ਨੇ 12ਵੀਂ ਦੀ ਪ੍ਰੀਖਿਆ ਦਿੱਤੀ ਸੀ ਅਤੇ ਇੰਨਾਂ ਵਿੱਚੋਂ 28535 ਵਿਦਿਆਰਥੀ ਪਾਸ ਹੋਏ ਜਦਕਿ 4265 ਵਿਦਿਆਰਥੀ ਫੇਲ੍ਹ/ਕੰਪਾਰਟਮੈਂਟ ਵਾਲੇ ਹਨ। ਇਸ ਤਰ੍ਹਾਂ ਲੁਧਿਆਣਾ ਜ਼ਿਲ੍ਹੇ 'ਚ ਪਾਸ ਪ੍ਰਤੀਸ਼ਤ 87 ਫੀਸਦੀ ਬਣਦਾ ਹੈ ਜਦਕਿ ਪਹਿਲੇ ਸਥਾਨ 'ਤੇ ਆਏ ਜ਼ਿਲ੍ਹੇ ਅੰਮ੍ਰਿਤਸਰ ਦਾ ਪਾਸ ਪ੍ਰਤੀਸ਼ਤ 96.29 ਰਿਹਾ ਹੈ। ਇਸੇ ਤਰ੍ਹਾਂ ਹਿਸਟਰੀ ਦੇ ਵਿਸ਼ੇ ਵਿੱਚੋਂ ਵੀ ਬਹੁਤੇ ਵਿਦਿਆਰਥੀ ਫੇਲ੍ਹ ਹੋਏ ਹਨ। ਜੇਕਰ ਪ੍ਰਾਪਤ ਵੇਰਵੇ 'ਤੇ ਝਾਤ ਮਾਰੀਏ ਤਾਂ ਸੂਬੇ ਵਿੱਚ 1,17,113 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਜਿਸ ਵਿੱਚੋਂ 1,09,222 ਵਿਦਿਆਰਥੀ ਪਾਸ ਹੋਏ ਜਦਕਿ 7891 ਵਿਦਿਆਰਥੀ ਹਿਸਟਰੀ ਵਿੱਚੋਂ ਫੇਲ੍ਹ ਹੋਏ ਹਨ। ਇਸ ਸਬੰਧੀ 12ਵੀਂ ਦੇ ਕਈ ਵਿਦਿਆਰਥੀਆਂ ਨਾਲ ਗੱਲ ਕਰਨ 'ਤੇ ਪਤਾ ਲੱਗਾ ਕਿ ਪੇਪਰ ਔਖਾ ਸੀ, ਕਈ ਵਿਦਿਆਰਥੀਆਂ ਨੇ ਪੇਪਰ ਸਿਲੇਬਸ ਦੇ ਬਾਹਰੋਂ ਆਉਣ ਦੀ ਗੱਲ ਆਖੀ ਹੈ। ਦੂਜੇ ਪਾਸੇ ਹਿਸਟਰੀ ਵਿੱਚੋਂ ਇੰਨੇ ਵਿਦਿਆਰਥੀਆਂ ਦਾ ਫੇਲ੍ਹ ਹੋਣਾ ਇਹ ਦਰਸਾਉਂਦਾ ਹੈ ਕਿ ਸਾਡੀ ਨੌਜਵਾਨ ਪੀੜ੍ਹੀ ਇਤਿਹਾਸ ਤੋਂ ਦੂਰ ਹੋ ਰਹੀ ਹੈ ਜਿਸ ਵੱਲ ਧਿਆਨ ਦੇਣਾ ਸਮੇਂ ਦੀ ਮੰਗ ਹੈ। ਉਰਦੂ ਵਿੱਚ ਸੂਬੇ ਤੋਂ 141 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਅਤੇ ਇਹ ਸਾਰੇ ਹੀ ਪਾਸ ਹੋਏ ਹਨ। ਦੂਜੇ ਪਾਸੇ ਸੰਸਕ੍ਰਿਤ ਦੇ 159 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਜਿਸ ਵਿੱਚੋਂ 135 ਵਿਦਿਆਰਥੀ ਹੀ ਪਾਸ ਹੋਏ ਹਨ। ਅੰਗਰੇਜ਼ੀ ਵਿਸ਼ੇ ਦਾ ਪੇਪਰ 2,65,388 ਵਿਦਿਆਰਥੀਆਂ ਨੇ ਦਿੱਤਾ ਅਤੇ 2,55,114 ਵਿਦਿਆਰਥੀ ਪਾਸ ਹੋਏ ਜਦਕਿ 10,274 ਵਿਦਿਆਰਥੀ ਫੇਲ੍ਹ ਹੋ ਗਏ।

# ਸਿੱਧਸਰ ਸਾਹਿਬ ਦੇ ਪ੍ਰਬੰਧ ਲੈਣ ਆਈ ਐੱਸਜੀਪੀਸੀ ਬੇਰੰਗ ਮੁੜੀ

ਮਲੌਦ, 19 ਮਈ (ਪੱਤਰ ਪ੍ਰੇਰਕ)-ਗੁਰੂ ਹਰਿਗੋਬਿੰਦ ਦੇ ਜਰਨੈਲ ਬਾਬਾ ਸੀਹਾਂ ਸਿੰਘ ਗਿੱਲ ਝੱਲੀ ਦੇ ਪਵਿੱਤਰ ਅਸਥਾਨ ਗੁਰਦੁਆਰਾ ਸਿੱਧਸਰ ਸਾਹਿਬ ਵਿੱਚ ਇਲਾਕੇ ਦੀ ਸੰਗਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਕਾਰ ਪ੍ਰਬੰਧਾਂ ਦੇ ਚੱਲ ਰਹੇ ਵਿਵਾਦ ਦੇ ਚੱਲਦੇ ਦੋਵੇਂ ਧਿਰਾਂ ਅੱਜ ਫਿਰ ਇੱਕ ਦੂਜੇ ਦੇ ਸਾਹਮਣੇ ਖੜ੍ਹੀਆਂ ਹਨ। ਇੱਕ ਪਾਸੇ ਸੰਗਤ ਦਾ ਵੱਡਾ ਇਕੱਠ ਤੇ ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਮੁਲਾਜਮ ਸਨ ਪਰ ਡੀਐੱਸਪੀ ਪਾਇਲ ਹੇਮੰਤ ਕੁਮਾਰ ਮਲਹੋਤਰਾ ਦੀ ਸੂਝ-ਬੂਝ ਸਦਕਾ ਪੁਲੀਸ ਪ੍ਰਸਾਸਨ ਦੋਵੇਂ ਧਿਰਾਂ ਦੇ ਵਿਚਕਾਰ ਖੜਕੇ ਟਕਰਾਅ ਤੋਂ ਗੱਲਬਾਤ ਕਰਨ ਲਈ ਸਹਿਮਤੀ ਬਣਾ ਕੇ ਗੱਲਬਾਤ ਕਰਵਾਈ। ਉੱਘੇ ਸਮਾਜ ਸੇਵੀ ਅਵਤਾਰ ਸਿੰਘ ਜਰਗੜੀ, ਪ੍ਰਧਾਨ ਸਵਰਨ ਸਿੰਘ ਲਸਾੜਾ, ਜਗਤਾਰ ਸਿੰਘ ਨਿਜਾਮਪੁਰ ਤੇ ਪੰਚ ਜਸਵੰਤ ਸਿੰਘ ਸਿਹੌੜਾ ਨੇ ਕਿਹਾ ਕਿ ਜਦੋਂ ਇਲਾਕੇ ਦੀ ਸੰਗਤ ਅਤੇ ਮਾਲ ਵਿਭਾਗ ਵੱਲੋਂ ਕਿਹਾ ਗਿਆ ਕਿ ਗੁਰਦੁਆਰਾ ਸਾਹਿਬ ਦੀ ਚਾਰ ਦੀਵਾਰੀ ਅੰਦਰ ਤੁਹਾਡਾ ਐੱਸਜੀਪੀਸੀ ਦਾ ਕੋਈ ਜਮੀਨੀ ਨੰਬਰ ਰਿਕਾਰਡ ਵਿਚ ਨਹੀਂ ਬੋਲਦਾ ਅਤੇ ਵਾਹੀਯੋਗ ਜਮੀਨ ਵਿੱਚ ਜਿੱਥੇ ਤੁਹਾਡੀ ਜਗ੍ਹਾ ਆਉਂਦੀ ਹੈ ਤਾਂ ਆਓ ਹੁਣੇ ਮਿਣਤੀ ਕਰਕੇ ਛੱਡਣ ਨੂੰ ਤਿਆਰ ਹਾਂ ਤਾਂ ਸ੍ਰੋਮਣੀ ਕਮੇਟੀ ਦਾ ਸਮੁੱਚਾ ਅਮਲਾ ਇਹ ਗੱਲ ਸੁਣ ਕੇ ਬੇਰੰਗ ਵਾਪਸ ਮੁੜ ਗਿਆ। ਦੱਸਣਯੋਗ ਹੈ ਕਿ ਜਦੋਂ ਸੰਗਤ ਵੱਲੋਂ ਅਕਾਲੀ ਆਗੂ ਗੁਰਜੀਵਨ ਸਿੰਘ ਸਰੌਦ ਗੱਲਬਾਤ ਕਰ ਰਹੇ ਸਨ ਤਾਂ ਸ਼੍ਰੋਮਣੀ ਕਮੇਟੀ ਮੁਲਾਜਮ ਆਖਣ ਲੱਗੇ ਕਿ ਤੁਸੀਂ ਸਿਆਸੀ ਰੋਟੀਆਂ ਨਾ ਸੇਕੋ, ਗੁਰਦੁਆਰਾ ਸਿੱਧਸਰ ਸਾਹਿਬ ਦੇ ਨੁਮਾਇੰਦੇ ਹੀ ਗੱਲ ਕਰਨ। ਇਸ ਸਾਰੀ ਸਥਿਤੀ ਨੂੰ ਪੁਲੀਸ ਪ੍ਰਸ਼ਾਸਨ ਨੇ ਤੁਰੰਤ ਦਖਲ ਦੇ ਕੇ ਮਾਹੌਲ ਨੂੰ ਸ਼ਾਂਤ ਕੀਤਾ। ਇਸ ਮੌਕੇ ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ, ਐੱਸਐੱਚਓ ਪਾਇਲ ਸੰਦੀਪ ਕੁਮਾਰ, ਐੱਸਐੱਚਓ ਦੋਰਾਹਾ ਅਕਾਸ ਦੱਤ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ- ਕਰਮਚਾਰੀ ਅਤੇ ਵੱਡੀ ਗਿਣਤੀ 'ਚ ਇਲਾਕੇ ਦੀਆਂ ਸੰਗਤਾਂ ਵਿਚ ਬੀਬੀਆਂ ਸ਼ਾਮਲ ਸਨ। ਗੁਰਦੁਆਰੇ ਦੀ ਚਾਰਦੀਵਾਰੀ ਅੰਦਰ ਸ਼੍ਰੋਮਣੀ ਕਮੇਟੀ ਦਾ ਕੋਈ ਹੱਕ ਨਹੀਂ: ਵਕੀਲ ਗੁਰਦੁਆਰਾ ਸਿੱਧਸਰ ਸਾਹਿਬ ਦੀ ਅਦਾਲਤੀ ਚਾਰਾਜੋਈ ਕਰ ਰਹੇ ਅਤੇ ਸਮਾਜਸੇਵੀ ਅਵਤਾਰ ਸਿੰਘ ਜਰਗੜੀ ਤੇ ਗੁਰਬਾਜ ਸਿੰਘ ਜੁਲਮਗੜ੍ਹ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਚਾਰ ਦੀਵਾਰੀ ਅੰਦਰ ਸ਼੍ਰੋਮਣੀ ਕਮੇਟੀ ਦਾ ਕੋਈ ਹੱਕ ਨਾ ਹੋਣ ਦੇ ਬਾਵਜੂਦ ਵਾਰ-ਵਾਰ ਸੰਗਤ ਨਾਲ ਟਕਰਾਅ ਵਾਲਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ, ਜੇਕਰ ਭਵਿੱਖ ਵਿੱਚ ਕੋਈ ਵੀ ਜਾਨੀ ਮਾਲੀ ਨੁਕਸਾਨ ਹੁੰਦਾ ਹੈ ਤਾਂ ਉਸਦੀ ਸਾਰੀ ਜਿੰਮੇਵਾਰੀ ਗੁਰਦੁਆਰਾ ਦੇਗਸਰ ਕਟਾਣਾ ਸਾਹਿਬ ਦੇ ਮੈਨੇਜਰ ਨਰਿੰਦਰਜੀਤ ਸਿੰਘ ਭਵਾਨੀਗੜ੍ਹ ਦੀ ਹੋਵੇਗੀ।

# 38 ਲੱਖ ਦੇ ਵਿਕਾਸ ਕਾਰਜ ਲੋਕ ਅਰਪਣ

ਧੂਰੀ, 19 ਮਈ (ਪੱਤਰ ਪ੍ਰੇਰਕ)-ਪੰਜਾਬ ਰਾਜ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਅੱਜ ਹਲਕੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਕਰੀਬ 38 ਲੱਖ ਦੀ ਲਾਗਤ ਨਾਲ ਕਰਵਾਏ ਵਿਕਾਸ ਕਾਰਜ ਲੋਕ ਅਰਪਿਤ ਕੀਤੇ। ਉਨ੍ਹਾਂ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘਨੌਰੀ ਕਲਾਂ ਵਿਖੇ ਕਰੀਬ 28 ਲੱਖ ਰੁਪਏ ਦੀ ਲਾਗਤ ਨਾਲ ਚਾਰ ਦੀਵਾਰੀ ਤੇ ਟਰੈਕ ਅਤੇ ਸਰਕਾਰੀ ਪ੍ਰਾਇਮਰੀ ਸਕੂਲ, ਜਹਾਂਗੀਰ ਵਿਖੇ ਕਰੀਬ 09.68 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਚਾਰ ਦੀਵਾਰੀ ਲੋਕ ਅਰਪਿਤ ਕੀਤੀ ਗਈ ਹੈ। ਇਸ ਮੌਕੇ ਰਾਜਵੰਤ ਸਿੰਘ ਘੁੱਲੀ, ਸੁਰਜੀਤ ਸਿੰਘ ਬਲਾਕ ਇੰਚਾਰਜ, ਸਰਪੰਚ ਅੰਮ੍ਰਿਤਪਾਲ ਸਿੰਘ, ਦਰਸ਼ਨ ਸਿੰਘ ਸਿੱਖਿਆ ਕੋਆਰਡੀਨੇਟਰ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ, ਸਕੂਲਾਂ ਦੇ ਪ੍ਰਿੰਸੀਪਲ, ਅਧਿਆਪਕ ਅਤੇ ਵੱਡੀ ਗਿਣਤੀ ਵਿਦਿਆਰਥੀ ਤੇ ਪਿੰਡ ਵਾਸੀ ਮੌਜੂਦ ਸਨ।

# ਬਰਤਾਨਵੀ ਜੱਜ ਨੇ ਨੀਰਵ ਮੋਦੀ ਹਵਾਲਗੀ ਮਾਮਲੇ ਵਿੱਚ 'ਗੁਪਤ ਅੜਿੱਕੇ' ਦਾ ਨੋਟਿਸ ਲਿਆ

## ਜ਼ਮਾਨਤ 'ਤੇ ਰਿਹਾਈ ਮਗਰੋਂ ਹੀਰਾ ਕਾਰੋਬਾਰੀ ਦੇ ਫ਼ਰਾਰ ਹੋਣ ਦਾ ਵਧੇਰੇ ਖ਼ਤਰਾ ਹੋਣ ਦੀ ਗੱਲ ਆਖੀ

ਲੰਡਨ, 19 ਮਈ (ਪੱਤਰ ਪ੍ਰੇਰਕ)-ਲੰਡਨ ਹਾਈ ਕੋਰਟ ਦੇ ਇਕ ਜੱਜ ਨੇ ਇਸ ਹਫ਼ਤੇ ਹੀਰਾ ਕਾਰੋਬਾਰੀ ਨੀਰਵ ਮੋਦੀ ਦੀ ਜ਼ਮਾਨਤ ਪਟੀਸ਼ਨ ਖਾਰਜ ਕਰਦੇ ਹੋਏ ਲੰਬੇ ਸਮੇਂ ਤੋਂ ਜਾਰੀ ਹਵਾਲਗੀ ਕਾਰਵਾਈ ਵਿੱਚ 'ਗੁਪਤ ਅੜਿੱਕੇ' ਦਾ ਨੋਟਿਸ ਲਿਆ। ਜਸਟਿਸ ਮਾਈਕਲ ਫੋਰਡਹੈਮ ਨੇ ਵੀਰਵਾਰ ਨੂੰ 'ਰੌਇਲ ਕੋਰਟ ਆਫ਼ ਜਸਟਿਸ' ਵਿੱਚ ਧੋਖਾਧੜੀ ਤੇ ਮਨੀ ਲਾਂਡਰਿੰਗ ਦੇ ਦੋਸ਼ਾਂ ਲਈ ਭਾਰਤ 'ਚ ਲੋੜੀਂਦੇ ਅਤੇ ਬਰਤਾਨਵੀ ਜੇਲ੍ਹ ਵਿੱਚ ਬੰਦ ਹੀਰਾ ਕਾਰੋਬਾਰੀ ਨੀਰਵ ਮੋਦੀ ਖ਼ਿਲਾਫ਼ ਮਾਮਲੇ ਵਿੱਚ ਸੁਣਵਾਈ ਕੀਤੀ। ਜਸਟਿਸ ਫੋਰਡਹੈਮ ਨੇ ਸੁਣਵਾਈ ਦੌਰਾਨ ਨਤੀਜਾ ਕੱਢਿਆ ਕਿ ਇਹ ਮੰਨਣ ਲਈ ਲੋੜੀਂਦੇ ਆਧਾਰ ਹਨ ਕਿ ਜੇਕਰ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਤਾਂ 54 ਸਾਲਾ ਕਾਰੋਬਾਰੀ ਆਤਮ-ਸਮਰਪਣ ਨਹੀਂ ਕਰੇਗਾ ਅਤੇ ਉਸ ਦੇ ਫ਼ਰਾਰ ਹੋਣ ਦਾ ਖ਼ਤਰਾ ਵਧੇਰੇ ਰਹੇਗਾ। ਸੁਣਵਾਈ ਦੌਰਾਨ ਨੀਰਵ ਦੇ ਵਕੀਲ ਨੇ ਬਿਨਾ ਕਿਸੇ ਮੁਕੱਦਮੇ ਤੋਂ ਲੰਬੇ ਸਮੇਂ ਤੱਕ ਜੇਲ੍ਹ ਵਿੱਚ ਰੱਖਣ ਦੇ ਆਧਾਰ 'ਤੇ ਲੰਡਨ ਦੀ ਟੈਮਸਸਾਈਡ ਜੇਲ੍ਹ ਤੋਂ ਉਸ ਨੂੰ ਰਿਹਾਅ ਕਰਨ ਦੇ ਪੱਖ ਵਿੱਚ ਦਲੀਲਾਂ ਪੇਸ਼ ਕੀਤੀਆਂ। ਉੱਧਰ, ਜੱਜ ਨੇ ਇਕ 'ਗੁਪਤ' ਪ੍ਰਕਿਰਿਆ ਦੇ ਅੜਿੱਕਿਆਂ ਬਾਰੇ ਗੱਲ ਕੀਤੀ, ਜਿਸ ਕਰ ਕੇ ਉਸ ਨੂੰ ਭਾਰਤੀ ਅਧਿਕਾਰੀਆਂ ਹਵਾਲੇ ਨਹੀਂ ਕੀਤਾ ਗਿਆ, ਭਾਵੇਂ ਕਿ ਉਸ ਦੀ ਹਵਾਲਗੀ ਸਬੰਧੀ ਕਾਨੂੰਨੀ ਪ੍ਰਕਿਰਿਆ ਆਪਣਾ ਕੰਮ ਕਰ ਚੁੱਕੀ ਸੀ। ਜਸਟਿਸ ਫੋਰਡਹੈਮ ਨੇ ਕਿਹਾ, "ਇਕ ਕਾਨੂੰਨੀ ਕਾਰਨ ਹੈ ਜੋ 'ਗੁਪਤ ਕਾਰਵਾਈ' ਨਾਲ ਸਬੰਧਤ ਹੈ। ਇਸ ਦੀ ਨੀਰਵ ਮੋਦੀ ਅਤੇ ਉਸ ਦੇ ਵਕੀਲਾਂ ਨੂੰ ਜਾਣਕਾਰੀ ਹੈ; ਇਹ ਗ੍ਰਹਿ ਮੰਤਰਾਲੇ ਨੂੰ ਵੀ ਪਤਾ ਹੈ ਪਰ ਸੀਪੀਐੱਸ (ਕਰਾਊਨ ਪ੍ਰੋਸੀਕਿਊਸ਼ਨ ਸਰਵਿਸ) ਜਾਂ ਭਾਰਤ ਸਰਕਾਰ ਜਾਂ ਇਸ ਅਦਾਲਤ ਨੂੰ ਕੁਝ ਵੀ ਪਤਾ ਨਹੀਂ ਹੈ।"



# ਡਾ. ਅਜੀਤ ਕੌਰ ਨੇ ਰਾਮਗੜ੍ਹੀਆ ਗਰਲਜ਼ ਕਾਲਜ ਦੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ



ਲੁਧਿਆਣਾ, 19 ਮਈ (ਪੱਤਰ ਪ੍ਰੇਰਕ)- ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਵੱਲੋਂ ਡਾ.ਅਜੀਤ ਕੌਰ (ਮੁਖੀ ਕਾਮਰਸ ਵਿਭਾਗ ) ਨੂੰ ਰਾਮਗੜ੍ਹੀਆ ਗਰਲਜ਼ ਕਾਲਜ ਦੇ ਪ੍ਰਿੰਸੀਪਲ ਵਜੋਂ ਨਿਯੁਕਤ ਕੀਤਾ ਹੈ। ਡਾ. ਅਜੀਤ ਕੌਰ ਨੇ ਕਾਲਜ ਦੇ ਕਾਮਰਸ ਵਿਭਾਗ ਵਿੱਚ ਲੰਬਾ ਸਮਾਂ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾਈਆਂ ਹਨ। ਕੌਂਸਲ ਦੇ ਪ੍ਰਧਾਨ ਰਣਜੋਧ ਸਿੰਘ , ਜਨਰਲ ਸਕੱਤਰ ਗੁਰਚਰਨ ਸਿੰਘ ਲੋਟੇ ਨੇ ਡਾ.ਅਜੀਤ ਕੌਰ ਨੂੰ ਪ੍ਰਿੰਸੀਪਲ ਦੀ ਕੁਰਸੀ 'ਤੇ ਬਿਠਾਇਆ ਤੇ ਇਸ ਨਵੀਂ ਜ਼ਿੰਮੇਵਾਰੀ ਲਈ ਉਹਨਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਡਾ.ਅਜੀਤ ਕੌਰ ਨੇ ਆਪਣਾ ਅਹੁਦਾ ਸੰਭਾਲਦੇ ਹੋਏ ਸਾਰਿਆਂ ਦਾ ਧੰਨਵਾਦ ਕਰਦਿਆਂ ਇਹ ਵਿਸ਼ਵਾਸ਼ ਦਵਾਇਆ ਕਿ ਉਹ ਅਪਣੀ ਜ਼ਿੰਮੇਵਾਰੀ ਪੂਰੀ ਮਿਹਨਤ ਤੇ ਲਗਨ ਨਾਲ ਨਿਭਾਉਣਗੇ। ਸਮੁੱਚੀ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਅਤੇ ਕਾਲਜ ਦੇ ਸਟਾਫ਼ ਮੈਂਬਰਾਂ, ਵੱਖ ਵੱਖ ਰਾਮਗੜ੍ਹੀਆ ਵਿਦਿਅਕ ਅਦਾਰਿਆਂ ਦੇ ਪ੍ਰਿੰਸੀਪਲ ਸਾਹਿਬਾਨ ਵੱਲੋਂ ਪ੍ਰਿੰਸੀਪਲ ਡਾ.ਅਜੀਤ ਕੌਰ ਨੂੰ ਵਧਾਈ ਦਿੱਤੀ ਗਈ। ਕੈਪਸ਼ਨ: ਡਾ. ਅਜੀਤ ਕੌਰ ਦਾ ਸਵਾਗਤ ਕਰਦੇ ਹੋਏ ਕਾਲਜ ਕੌਂਸਲ ਦੇ ਪ੍ਰਧਾਨ ਰਣਜੋਧ ਸਿੰਘ। ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਵੱਲੋਂ ਡਾ. ਅਜੀਤ ਕੌਰ (ਮੁਖੀ ਕਾਮਰਸ ਵਿਭਾਗ ) ਨੂੰ ਰਾਮਗੜ੍ਹੀਆ ਗਰਲਜ਼ ਕਾਲਜ ਦੇ ਪ੍ਰਿੰਸੀਪਲ ਵਜੋਂ ਨਿਯੁਕਤ ਕੀਤਾ ਹੈ। ਡਾ. ਅਜੀਤ ਕੌਰ ਨੇ ਕਾਲਜ ਦੇ ਕਾਮਰਸ ਵਿਭਾਗ ਵਿੱਚ ਲੰਬਾ ਸਮਾਂ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾਈਆਂ ਹਨ। ਕੌਂਸਲ ਦੇ ਪ੍ਰਧਾਨ ਰਣਜੋਧ ਸਿੰਘ , ਜਨਰਲ ਸਕੱਤਰ ਗੁਰਚਰਨ ਸਿੰਘ ਲੋਟੇ ਨੇ ਡਾ.ਅਜੀਤ ਕੌਰ ਨੂੰ ਪ੍ਰਿੰਸੀਪਲ ਦੀ ਕੁਰਸੀ 'ਤੇ ਬਿਠਾਇਆ ਤੇ ਇਸ ਨਵੀਂ ਜ਼ਿੰਮੇਵਾਰੀ ਲਈ ਉਹਨਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਡਾ.ਅਜੀਤ ਕੌਰ ਨੇ ਆਪਣਾ ਅਹੁਦਾ ਸੰਭਾਲਦੇ ਹੋਏ ਸਾਰਿਆਂ ਦਾ ਧੰਨਵਾਦ ਕਰਦਿਆਂ ਇਹ ਵਿਸ਼ਵਾਸ਼ ਦਵਾਇਆ ਕਿ ਉਹ ਅਪਣੀ ਜ਼ਿੰਮੇਵਾਰੀ ਪੂਰੀ ਮਿਹਨਤ ਤੇ ਲਗਨ ਨਾਲ ਨਿਭਾਉਣਗੇ। ਸਮੁੱਚੀ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਅਤੇ ਕਾਲਜ ਦੇ ਸਟਾਫ਼ ਮੈਂਬਰਾਂ, ਵੱਖ ਵੱਖ ਰਾਮਗੜ੍ਹੀਆ ਵਿਦਿਅਕ ਅਦਾਰਿਆਂ ਦੇ ਪ੍ਰਿੰਸੀਪਲ ਸਾਹਿਬਾਨ ਵੱਲੋਂ ਪ੍ਰਿੰਸੀਪਲ ਡਾ.ਅਜੀਤ ਕੌਰ ਨੂੰ ਵਧਾਈ ਦਿੱਤੀ ਗਈ।

# ਛੇ ਸਰਕਾਰੀ ਸਕੂਲਾਂ ਵਿੱਚ 71.50 ਲੱਖ ਰੁਪਏ ਦੇ ਬੁਨਿਆਦੀ ਢਾਂਚਾ ਵਿਕਾਸ ਪ੍ਰਾਜੈਕਟ ਲੋਕਅਰਪਣ

ਲੁਧਿਆਣਾ, 19 ਮਈ (ਪੱਤਰ ਪ੍ਰੇਰਕ)-ਪੰਜਾਬ ਦੇ ਮਕਾਨ ਉਸਾਰੀ ਅਤੇ ਸਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਅੱਜ ਛੇ ਸਰਕਾਰੀ ਸਕੂਲਾਂ ਵਿੱਚ 71.50 ਲੱਖ ਰੁਪਏ ਦੇ ਬੁਨਿਆਦੀ ਢਾਂਚਾ ਵਿਕਾਸ ਪ੍ਰਾਜੈਕਟ ਲੋਕਾਂ ਨੂੰ ਸਮਰਪਿਤ ਕੀਤੇ। ਸਰਕਾਰੀ ਪ੍ਰਾਇਮਰੀ ਸਕੂਲ (ਜੀ.ਪੀ.ਐਸ) ਮੰਗਲੀ ਨੀਚੀ, ਕੂਮ ਕਲਾਂ, ਕਿਸਨਪੁਰਾ, ਪ੍ਰਤਾਪਗੜ੍ਹ, ਸਰਕਾਰੀ ਹਾਈ ਸਕੂਲ (ਜੀ.ਐਚ.ਐਸ) ਹੀਰਾਂ ਅਤੇ ਕੂਮ ਕਲਾਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਉਦਘਾਟਨ ਕੀਤੇ ਗਏ ਪ੍ਰਾਜੈਕਟ ਸੂਬੇ ਭਰ ਵਿੱਚ ਸਿੱਖਿਆ ਵਿੱਚ ਕ੍ਰਾਂਤੀ ਲਿਆਉਣ ਲਈ ਪੰਜਾਬ ਸਿੱਖਿਆ ਕ੍ਰਾਂਤੀ ਪਹਿਲਕਦਮੀ ਵਿੱਚ ਇੱਕ ਮਹੱਤਵਪੂਰਨ ਕਦਮ ਹਨ। ਵਿਕਾਸ ਕਾਰਜਾਂ ਵਿੱਚ ਨਵੇਂ ਸਮਾਰਟ ਕਲਾਸਰੂਮ, ਨਵੀਆਂ ਕੰਪਿਊਟਰ ਅਤੇ ਵਿਗਿਆਨ ਪ੍ਰਯੋਗਸਾਲਾਵਾਂ, ਨਵੀਆਂ ਚਾਰਦੀਵਾਰੀਆਂ, ਨਵੇਂ ਬਾਥਰੂਮ ਆਦਿ ਸਾਮਲ ਸਨ। ਉਦਘਾਟਨ ਸਮਾਰੋਹਾਂ ਦੌਰਾਨ ਕੈਬਨਿਟ ਮੰਤਰੀ ਮੁੰਡੀਆਂ ਨੇ ਦੱਸਿਆ ਕਿ ਇਸ ਮਹੱਤਵਪੂਰਨ ਪ੍ਰੋਗਰਾਮ ਦਾ ਉਦੇਸ ਸਕੂਲ ਇਮਾਰਤਾਂ ਦਾ ਨਿਰਮਾਣ, ਸਮਾਰਟ ਕਲਾਸਰੂਮਾਂ ਨੂੰ ਲੈਸ ਕਰਨਾ, ਅੱਪਡੇਟ ਕੀਤੇ ਫਰਨੀਚਰ ਪ੍ਰਦਾਨ ਕਰਨਾ, ਉੱਨਤ ਪ੍ਰਯੋਗਸ਼ਾਲਾਵਾਂ ਸਥਾਪਤ ਕਰਨਾ, ਸੁਰੱਖਿਅਤ ਚਾਰਦੀਵਾਰੀਆਂ ਨੂੰ ਯਕੀਨੀ ਬਣਾਉਣਾ, ਸਾਫ ਪੀਣ ਵਾਲੇ ਪਾਣੀ ਦੀ ਸਪਲਾਈ ਕਰਨਾ ਅਤੇ ਚੰਗੀ ਤਰ੍ਹਾਂ ਭੰਡਾਰ ਕੀਤੀਆਂ ਲਾਇਬ੍ਰੇਰੀਆਂ ਬਣਾ ਕੇ ਵਿਦਿਅਕ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਉਣਾ ਹੈ। ਇਨ੍ਹਾਂ ਪਿੰਡਾਂ ਦੇ ਵਿਦਿਆਰਥੀਆਂ, ਸਕੂਲ ਸਟਾਫ ਅਤੇ ਨਿਵਾਸੀਆਂ ਨੇ ਬੁਨਿਆਦੀ ਢਾਂਚੇ ਦੇ ਸੁਧਾਰਾਂ ਲਈ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਨੇ ਅੱਗੇ ਕਿਹਾ ਕਿ ਨਵੇਂ ਸਮਾਰਟ ਕਲਾਸਰੂਮ ਉਨ੍ਹਾਂ ਦੇ ਸਕੂਲਾਂ ਨੂੰ ਸਿੱਖਣ ਲਈ ਇੱਕ ਬਿਹਤਰ ਵਾਤਾਵਰਨ ਵਿੱਚ ਬਦਲ ਦੇਣਗੇ।

# ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਦਿਹਾੜਾ ਮਨਾਇਆ

## ਆਹਲੂਵਾਲੀਆ ਸਭਾਵਾਂ ਵੱਲੋਂ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਸਮਾਗਮ

ਅੰਮ੍ਰਿਤਸਰ, 19 ਮਈ (ਪੱਤਰ ਪ੍ਰੇਰਕ)-ਨਿਹੰਗ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੀ ਅਗਵਾਈ ਵਿੱਚ ਸਾਰੀਆਂ ਆਹਲੂਵਾਲੀਆ ਸਭਾਵਾਂ ਨੇ ਖ਼ਾਲਸਾ ਪੰਥ ਦੇ ਜਰਨੈਲ ਬਾਬਾ ਜੱਸਾ ਸਿੰਘ ਆਹਲੂਵਾਲੀਆ (ਸੁਲਤਾਨ-ਉਲ-ਕੌਮ ਤੇ ਬੁੱਢਾ ਦਲ ਦੇ ਚੌਥੇ ਜਥੇਦਾਰ) ਦਾ 307ਵਾਂ ਜਨਮ ਦਿਹਾੜਾ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਸ਼ਰਧਾ ਨਾਲ ਮਨਾਇਆ। ਇਸ ਮੌਕੇ ਜਥੇਬੰਦੀ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਡਾ.ਮਨਮੋਹਨ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਉਣ ਦਾ ਫ਼ੈਸਲਾ ਜਾਇਜ਼ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਉਨ੍ਹਾਂ ਦੀ ਪਤਨੀ ਬੀਬੀ ਹਰਸ਼ਰਨ ਕੌਰ ਦਾ ਵਿਸ਼ੇਸ਼ ਸਨਮਾਨ ਕਰਨਾ ਚਾਹੀਦਾ ਹੈ। ਉਨ੍ਹਾਂ ਜਰਨੈਲ ਬਾਬਾ ਜੱਸਾ ਸਿੰਘ ਨੂੰ ਭਗਤੀ ਸ਼ਕਤੀ ਦਾ ਸੁਮੇਲ ਦੱਸਿਆ। ਉਨ੍ਹਾਂ ਪੰਜਾਬ ਸਰਕਾਰ ਨੂੰ ਅਕਾਲੀ ਬਾਬਾ ਫੂਲਾ ਸਿੰਘ ਤੇ ਜਰਨੈਲ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੇ ਤਾਂਬੇ ਦੇ ਬੁੱਤ ਸਰੂਪ ਬਣਾ ਕੇ ਸਥਾਪਤ ਕਰਨ ਦੀ ਮੰਗ ਕੀਤੀ। ਇਸ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਉਪਰੰਤ ਸੰਤ ਬਾਬਾ ਮਨਮੋਹਨ ਸਿੰਘ ਬਾਰਨਵਾਲੇ, ਬੀਬੀ ਹਰਪ੍ਰੀਤ ਕੌਰ ਤੇ ਬੀਬੀ ਸੁਖਜੀਤ ਕੌਰ ਰੋਜ਼ੀ ਦੇ ਜਥਿਆਂ ਨੇ ਸ਼ਬਦ ਗਾਇਨ ਕੀਤਾ। ਇਸ ਦੌਰਾਨ ਗਿਆਨੀ ਰਘਬੀਰ ਸਿੰਘ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਗਿਆਨੀ ਸੁਲਤਾਨ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਤੋਂ ਇਲਾਵਾ ਅੰਮ੍ਰਿਤਸਰ ਕਾਰਪੋਰੇਸ਼ਨ ਦੇ ਮੇਅਰ ਜਤਿੰਦਰ ਸਿੰਘ ਭਾਟੀਆ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ, ਦਿਲਜੀਤ ਸਿੰਘ ਬੇਦੀ ਤੇ ਹਰਪਾਲ ਸਿੰਘ ਆਹਲੂਵਾਲੀਆ ਨੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ ਸਤਿਕਾਰ ਭੇਟ ਕੀਤਾ। ਇਸ ਦੌਰਾਨ ਬਾਬਾ ਬਲਬੀਰ ਸਿੰਘ ਨੇ ਪੀਲੀਭੀਤ ਵਿੱਚ ਤਿੰਨ ਹਜ਼ਾਰ ਸਿੱਖਾਂ ਦੇ ਧਰਮ ਪਰਿਵਰਤਨ 'ਤੇ ਦੁੱਖ ਪ੍ਰਗਟਾਇਆ।



# ਸਾਂਝਾ ਅਧਿਆਪਕ ਮੋਰਚਾ ਵੱਲੋਂ ਸਿੱਖਿਆ ਮੰਤਰੀ ਦੇ ਹਲਕੇ 'ਚ ਝੰਡਾ ਮਾਰਚ 25 ਨੂੰ

ਸੰਗਰੂਰ, 19 ਮਈ (ਪੱਤਰ ਪ੍ਰੇਰਕ)-ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਕਨਵੀਨਰਾਂ ਅਤੇ ਕੋ-ਕਨਵੀਨਰਾਂ ਦੀ ਇੱਕ ਜਰੂਰੀ ਵਰਚੁਅਲ ਮੀਟਿੰਗ ਹੋਈ। ਇਸ ਮੌਕੇ ਗੁਰਜੰਟ ਸਿੰਘ ਵਾਲੀਆ,ਸੁਰਿੰਦਰ ਕੁਮਾਰ ਪੁਆਰੀ, ਸੁਰਿੰਦਰ ਕੰਬੋਜ, ਬਲਜੀਤ ਸਿੰਘ ਸਲਾਣਾ, ਹਰਵਿੰਦਰ ਸਿੰਘ ਬਿਲਗਾ, ਬਾਜ ਸਿੰਘ ਖਹਿਰਾ, ਰਵਿੰਦਰਜੀਤ ਸਿੰਘ ਪੰਨੂ, ਸੁਖਜਿੰਦਰ ਸਿੰਘ ਹਰੀਕਾ, ਗੁਰਿੰਦਰ ਸਿੰਘ ਸਿੱਧੂ, ਸ਼ਮਸ਼ੇਰ ਸਿੰਘ ਬੰਗਾ, ਅਮਨਬੀਰ ਸਿੰਘ ਗੁਰਾਇਆ, ਗੁਰਬਿੰਦਰ ਸਿੰਘ ਸਸਕੌਰ, ਨਵਪ੍ਰੀਤ ਬੱਲੀ, ਐਨ ਡੀ ਤਿਵਾੜੀ, ਜਿੰਦਰ ਪਾਇਲਟ, ਪਰਵਿੰਦਰ ਭਾਰਤੀ, ਵਰਿੰਦਰਜੀਤ ਸਿੰਘ ਬਜਾਜ, ਲਛਮਣ ਸਿੰਘ ਹਾਜ਼ਰ ਸਨ। ਆਗੂਆਂ ਨੇ ਇੱਥੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖਿਆ ਮੰਤਰੀ ਵੱਲੋਂ ਅਧਿਆਪਕ ਮੰਗਾਂ ਦੀ ਅਣਦੇਖੀ ਕਰਨ ਅਤੇ ਅੜੀਅਲ ਵਤੀਰਾ ਅਪਣਾਉਣ ਵਿਰੁੱਧ ਸਾਂਝੇ ਅਧਿਆਪਕ ਮੋਰਚੇ ਵੱਲੋਂ 10 ਮਈ ਨੂੰ ਸਿੱਖਿਆ ਮੰਤਰੀ ਦੇ ਹਲਕੇ ਵਿੱਚ ਝੰਡਾ ਮਾਰਚ ਕਰਨ ਦਾ ਐਕਸ਼ਨ ਉਲੀਕਿਆ ਹੋਇਆ ਸੀ। ਪਰ ਅਚਾਨਕ ਭਾਰਤ ਤੇ ਪਾਕਿਸਤਾਨ ਦਰਮਿਆਨ ਜੰਗ ਸ਼ੁਰੂ ਹੋਣ ਕਾਰਨ ਝੰਡਾ ਮਾਰਚ ਮੁਲਤਵੀ ਕੀਤਾ ਗਿਆ ਸੀ।

## ਸੰਪਾਦਕੀ

# ਝੋਨੇ ਦੀਆਂ ਨਵੀਆਂ ਕਿਸਮਾਂ

ਇੱਕੀਵੀਂ ਸਦੀ ਦੀ ਸੀਆਰਆਈਐੱਸਪੀਆਰ ਤਕਨੀਕ ਦੀ ਵਰਤੋਂ ਨਾਲ ਦੁਨੀਆ ਦੀਆਂ ਪਹਿਲੀਆਂ, ਝੋਨੇ ਦੀਆਂ ਜੀਨ ਸੋਧ ਕਿਸਮਾਂ ਤਿਆਰ ਕਰ ਕੇ ਭਾਰਤ ਨੇ ਖੇਤੀਬਾੜੀ ਦੇ ਭਵਿੱਖ 'ਚ ਮਹੱਤਵਪੂਰਨ ਪੁਲਾਂਘ ਪੁੱਟੀ ਹੈ। ਭਾਰਤੀ ਖੇਤੀਬਾੜੀ ਖੋਜ ਪਰਿਸ਼ਦ (ਆਈਸੀਏਆਰ) ਵੱਲੋਂ ਵਿਕਸਿਤ, ਝੋਨੇ ਦੀਆਂ ਇਹ ਕਿਸਮਾਂ ਵੱਧ ਪੈਦਾਵਾਰ, ਪਾਣੀ ਬਚਾਉਣ ਅਤੇ ਮੌਸਮੀ ਤਬਦੀਲੀਆਂ ਦਾ ਸਾਹਮਣਾ ਕਰਨ ਦੇ ਯੋਗ ਹੋਣਗੀਆਂ। ਇਹ ਰਵਾਇਤੀ ਜੀਨ ਸੋਧਿਤ (ਜੀਐੱਮਓ) ਕਿਸਮਾਂ ਨਾਲੋਂ ਵੱਖਰੀਆਂ ਹਨ। ਇਨ੍ਹਾਂ ਦਾ ਮਹੱਤਵ ਸਿਰਫ਼ ਵਿਗਿਆਨਕ ਪੱਧਰ 'ਤੇ ਨਹੀਂ ਬਲਕਿ ਰਣਨੀਤਕ ਤੌਰ ਉੱਤੇ ਵੀ ਹੈ। ਵੱਖ-ਵੱਖ ਜੀਨਾਂ ਦੀ ਟ੍ਰਾਂਸਜੈਨਿਕ ਤਬਦੀਲੀਆਂ ਤੋਂ ਉਲਟ ਇਸ ਜੀਨ ਸੋਧ ਵਿੱਚ ਕੋਈ ਬਾਹਰੀ ਜੀਨ ਪੌਦੇ 'ਚ ਨਹੀਂ ਪਾਇਆ ਜਾਂਦਾ। ਇਹ ਫ਼ਰਕ ਭਾਰਤ ਨੂੰ ਖੁੱਲ੍ਹ ਦਿੰਦਾ ਹੈ ਕਿ ਉਹ ਇਨ੍ਹਾਂ ਫ਼ਸਲਾਂ ਨੂੰ ਜੀਐੱਮਓਜ਼ ਦੇ ਰੈਗੂਲੇਟਰੀ ਢਾਂਚੇ ਤੋਂ ਬਾਹਰ ਰੱਖ ਸਕਦਾ ਹੈ ਜਿਸ ਨਾਲ ਜਨਤਕ ਵਿਰੋਧ ਘਟੇਗਾ ਅਤੇ ਮਨਜ਼ੂਰੀ ਤੇਜ਼ੀ ਨਾਲ ਮਿਲੇਗੀ।ਸੁਧਰੀ ਹੋਈ ਪੂਸਾ ਬਾਸਮਤੀ 1121 ਅਤੇ ਪੂਸਾ ਬਾਸਮਤੀ 1509 ਜਿਹੀਆਂ ਝੋਨੇ ਦੀਆਂ ਨਵੀਆਂ ਕਿਸਮਾਂ ਤੋਂ ਆਸ ਹੈ ਕਿ ਇਹ 20-30 ਪ੍ਰਤੀਸ਼ਤ ਵੱਧ ਪੈਦਾਵਾਰ ਦੇਣਗੀਆਂ ਜਦੋਂਕਿ ਇਨ੍ਹਾਂ ਨਾਲ ਪਾਣੀ ਦੀ ਖ਼ਪਤ 40 ਪ੍ਰਤੀਸ਼ਤ ਤੱਕ ਘਟ ਜਾਵੇਗੀ। ਅਜਿਹਾ ਮੁਲਕ ਜਿੱਥੇ ਖੇਤੀਬਾੜੀ ਮੌਨਸੂਨ 'ਤੇ ਬਹੁਤ ਜ਼ਿਆਦਾ ਨਿਰਭਰ ਹੈ ਤੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਵੀ ਖ਼ਤਰਨਾਕ ਹੱਦ ਤੱਕ ਡਿੱਗ ਚੁੱਕਾ ਹੈ, ਇਹ ਕਾਢ ਅਤਿ ਲੋੜੀਂਦਾ ਦਖ਼ਲ ਹੈ। ਇਸ ਤੋਂ ਇਲਾਵਾ ਭਾਰਤ ਦਾ ਇਹ ਕਦਮ ਆਲਮੀ ਰੁਝਾਨਾਂ ਨਾਲ ਵੀ ਮੇਲ ਖਾਂਦਾ ਹੈ। ਅਮਰੀਕਾ, ਜਪਾਨ ਅਤੇ ਆਸਟਰੇਲੀਆ ਕੋਲ ਪਹਿਲਾਂ ਹੀ ਅਜਿਹੀਆਂ ਫ਼ਸਲਾਂ ਲਈ ਪ੍ਰਗਤੀਸ਼ੀਲ ਚੌਖਟੇ ਬਣ ਚੁੱਕੇ ਹਨ। ਇਸ ਨਵੀਂ ਤਕਨੀਕ ਨੂੰ ਛੇਤੀ ਅਪਣਾ ਲੈਣ ਨਾਲ ਭਾਰਤ ਨੇ ਖੇਤੀਬਾੜੀ ਖੋਜਕਾਰ ਅਤੇ ਆਲਮੀ ਖ਼ੁਰਾਕ ਸੁਰੱਖਿਆ ਵਿੱਚ ਯੋਗਦਾਨੀ ਵਜੋਂ ਆਪਣੀ ਪੁਜ਼ੀਸ਼ਨ ਪੁਖ਼ਤਾ ਕਰ ਲਈ ਹੈ।ਇਹ ਸਭ ਕੁਝ ਤਾਂ ਠੀਕ ਹੈ ਪਰ ਇਸ ਵਿੱਚ ਸਫਲਤਾ ਪਾਰਦਰਸ਼ੀ ਸੰਚਾਰ, ਸਖ਼ਤ ਪਰਖ ਅਤੇ ਕਿਸਾਨਾਂ ਦੀ ਸੰਵੇਦਨਸ਼ੀਲਤਾ ਉੱਪਰ ਮੁਨੱਸਰ ਕਰੇਗੀ। ਗ਼ਲਤ ਧਾਰਨਾਵਾਂ ਜਾਂ ਕਾਹਲੀ ਨਾਲ ਅਮਲ ਕਰਨ ਨਾਲ ਜਨਤਕ ਭਰੋਸਾ ਆਸਾਨੀ ਨਾਲ ਖ਼ਤਮ ਵੀ ਹੋ ਸਕਦਾ ਹੈ। ਵਿਗਿਆਨ ਦੇ ਫ਼ਾਇਦੇ ਬਿਨਾਂ ਸ਼ੱਕ ਖੇਤਾਂ ਤੱਕ ਅੱਪੜਨੇ ਚਾਹੀਦੇ ਹਨ ਤੇ ਇਸ ਦੇ ਨਾਲ ਹੀ ਨਾ ਕੇਵਲ ਨਿਗਰਾਨੀ ਦੇ ਨੇਮਾਂ ਵਿੱਚ ਢਿੱਲ ਦੇਣ ਦੀ ਲੋੜ ਹੈ ਸਗੋਂ ਨੈਤਿਕ ਜ਼ਿੰਮੇਵਾਰੀ ਵੀ ਚੁੱਕਣੀ ਪਵੇਗੀ। ਨਵੀਂ ਤਕਨੀਕ ਅਤੇ ਇਸ ਦੇ ਨਿਗਰਾਨੀ ਪ੍ਰਬੰਧ ਮੁਤੱਲਕ ਕਈ ਖਦਸ਼ੇ ਵੀ ਪ੍ਰਗਟ ਕੀਤੇ ਜਾਂਦੇ ਹਨ ਜਿਸ ਕਰ ਕੇ ਇਸ ਨੂੰ ਅਮਲ ਵਿੱਚ ਲਿਆਉਣ ਲਈ ਸਾਰੀਆਂ ਸਬੰਧਿਤ ਧਿਰਾਂ ਨਾਲ ਪੂਰੀ ਵਿਚਾਰ ਚਰਚਾ ਕਰਨ ਦੀ ਲੋੜ ਹੈ। ਇਹ ਦਾਅਵਾ ਕੀਤਾ ਜਾਂਦਾ ਹੈ ਕਿ ਇਹ ਤਕਨੀਕ ਜੀਐੱਮ ਤਕਨੀਕ ਨਾਲੋਂ ਵੱਖਰੀ ਕਿਸਮ ਦੀ ਹੈ ਜੋ ਕਈ ਮਾਇਨਿਆਂ ਵਿੱਚ ਹੈ ਵੀ ਪਰ ਇਸ ਪਹਿਲੂ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ ਕਿ ਕੁਝ ਮਾਮਲਿਆਂ ਵਿੱਚ ਇਸ ਦਾ ਗੁਣਾ ਜੀਐੱਮ ਵਿਧੀ ਨਾਲ ਹੀ ਮੇਲ ਖਾਂਦਾ ਹੈ ਅਤੇ ਪੌਦਿਆਂ ਦੇ ਡੀਐੱਨਏ ਵਿੱਚ ਤਬਦੀਲੀਆਂ ਦੇ ਕਈ ਅਣਇੱਛਤ ਸਿੱਟੇ ਵੀ ਨਿਕਲ ਸਕਦੇ ਹਨ ਜਿਨ੍ਹਾਂ ਪ੍ਰਤੀ ਅੱਖਾਂ ਖੋਲ੍ਹ ਕੇ ਰੱਖਣੀਆਂ ਪੈਣਗੀਆਂ। ਜੀਨ ਸੋਧਿਤ (ਜੀਐੱਮਓ) ਕਿਸਮਾਂ 'ਤੇ ਕਈ ਕਿਸਮ ਦੇ ਸਵਾਲੀਆ ਨਿਸਾਨ ਲੱਗ ਚੁੱਕੇ ਹਨ। ਇਸ ਲਈ ਨਵੀਂ ਤਕਨੀਕ ਦੇ ਮਾਮਲੇ ਵਿੱਚ ਵਧੇਰੇ ਸੁਚੇਤ ਹੋ ਕੇ ਚੱਲਣਾ ਚਾਹੀਦਾ ਹੈ।

EDITOR: RAVI BHARDWAJ, PUBLISHER, OWNER AND PRINTER OF DAILY "JAN JAGRAN" PRINTED at BRIGHT PRINTING PRESS, LAKSHMIPURA, JALANDHAR PUNJAB-144025 and Published From 47A, Dada Nagar, Meethapur Road, Jalandhar Punjab.

RNI NO: PUNPUN/2011/44547

ਮਾਲਕ, ਪ੍ਰਕਾਸ਼ਕ, ਸੰਪਾਦਕ ਤੇ ਪ੍ਰਿੰਟਰ ਰਵੀ ਭਾਰਦਵਾਜ, 47 ਏ ਦਾਦਾ ਨਗਰ ਮਿੱਠਾਪੁਰ ਰੋਡ, ਜਲੰਧਰ ਪੰਜਾਬ ਨੇ ਅਖਬਾਰ 'ਜਨ ਜਾਗਰਣ' ਬ੍ਰਾਈਟ ਪ੍ਰਿੰਟਿੰਗ ਪ੍ਰੈਸ, ਲਕਸ਼ਮੀਪੁਰਾ ਜਲੰਧਰ 144025 ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

**R.N.I No. PUNPUN/2011/44547**

-ਸਹਾਇਕ ਸੰਪਾਦਕ ਚਰਨਜੀਤ ਸਿੰਘ

# ਕੈਨੇਡਾ ਦੀਆਂ ਚੋਣਾਂ ਅਤੇ ਚੁਣੌਤੀਆਂ

ਐਤਕੀਂ ਕੈਨੇਡਾ ਦੀਆਂ ਚੋਣਾਂ ਕਈ ਕੋਣਾਂ ਤੋਂ ਮਹੱਤਵਪੂਰਨ ਸਨ। ਚੋਣ ਕਿਆਸ ਕੈਨੇਡਾ ਦੇ ਮੌਸਮ ਵਾਂਗ ਵਾਰ-ਵਾਰ ਰੰਗ ਬਦਲਦੇ ਰਹੇ। ਕੈਨੇਡਾ ਵਸਦੇ ਪਰਵਾਸੀ ਦੱਖਣੀ ਏਸ਼ਿਆਈ ਭਾਈਚਾਰਿਆਂ ਦੀ ਚੋਣਾਂ ਵਿੱਚ ਭਰਵੀਂ ਸ਼ਮੂਲੀਅਤ, ਵਪਾਰ ਯੁੱਧ ਅਤੇ ਪਰਵਾਸੀਆਂ ਪ੍ਰਤੀ ਨੀਤੀ ਕਾਰਨ ਇਹ ਚੋਣਾਂ ਹੋਰ ਰੌਚਕ ਤੇ ਉਤਸੁਕਤਾ ਵਾਲੀਆਂ ਸਨ। ਕੈਨੇਡਾ ਦੀ ਲਿਬਰਲ ਪਾਰਟੀ ਨੇ ਸੰਸਦ ਦੀਆਂ ਕੁੱਲ 343 ਸੀਟਾਂ ਵਿੱਚੋਂ 169 ਸੀਟਾਂ ਹਾਸਲ ਕਰ ਕੇ ਲਗਾਤਾਰ ਤੀਜੀ ਵਾਰ ਬਾਜ਼ੀ ਮਾਰ ਲਈ ਅਤੇ 43.7% ਵੋਟਾਂ ਹਾਸਲ ਕਰ ਕੇ ਕੈਨੇਡਾ ਦੇ ਪਿਛਲੇ ਚਾਰ ਦਹਾਕਿਆਂ ਦੇ ਚੋਣ ਇਤਿਹਾਸ ਵਿੱਚ ਸਭ ਤੋਂ ਵੱਧ ਵੋਟਾਂ ਹਾਸਲ ਕਰਨ ਦਾ ਰਿਕਾਰਡ ਵੀ ਬਣਾਇਆ। ਕੰਜ਼ਰਵੇਟਿਵ ਪਾਰਟੀ ਪਿਛਲੇ ਸਾਲਾਂ ਨਾਲੋਂ ਵੋਟ ਪ੍ਰਤੀਸ਼ਤ ਦੇ ਵਾਧੇ ਦੇ ਬਾਵਜੂਦ 144 ਸੀਟਾਂ ਨਾਲ ਦੂਜੇ ਸਥਾਨ 'ਤੇ ਰਹਿ ਗਈ ਅਤੇ ਇਸ ਦਾ ਪਾਰਟੀ ਪ੍ਰਧਾਨ ਪੀਅਰੇ ਪੋਲੀਵਰ ਖੁਦ ਚੋਣ ਹਾਰ ਗਿਆ ਹੈ। ਜਗਮੀਤ ਸਿੰਘ ਦੀ ਅਗਵਾਈ ਵਾਲੀ ਨਿਊ ਡੈਮੋਕਰੇਟਿਕ ਪਾਰਟੀ (ਐੱਨਡੀਪੀ) 7 ਸੀਟਾਂ ਤੱਕ ਸਿਮਟਣ ਨਾਲ ਕੌਮੀ ਪਾਰਟੀ ਦਾ ਰੁਤਬਾ ਵੀ ਗੁਆ ਚੁੱਕੀ ਹੈ। ਸਰਕਾਰ ਬਣਾਉਣ ਲਈ 172 ਸੀਟਾਂ ਦੇ ਟੀਚੇ ਦੇ ਬਿਲਕੁੱਲ ਨਜ਼ਦੀਕ ਹੋਣ ਦੇ ਬਾਵਜੂਦ ਲਿਬਰਲਾਂ ਨੂੰ ਬਹੁਮਤ ਵਾਲੀ ਸਰਕਾਰ ਬਣਾਉਣ ਦਾ ਸੁਖ ਨਹੀਂ ਮਿਲੇਗਾ ਅਤੇ ਮਿਲੀਜੁਲੀ ਸਰਕਾਰ ਬਣਨ ਨਾਲ ਕੈਨੇਡਾ ਦੀ ਸਿਆਸਤ ਵਿੱਚ ਟਰੂਡੋ ਵਜ਼ਾਰਤ ਵਾਂਗ ਮੁੜ ਸਿਆਸੀ ਅਸਥਿਰਤਾ ਦਾ ਮਾਹੌਲ ਰਹੇਗਾ।ਨਵੇਂ ਸਾਲ ਦੀ ਆਮਦ ਨਾਲ ਹੀ ਕੈਨੇਡਾ-ਅਮਰੀਕਾ ਦੇ ਸਿਆਸੀ ਵਾਤਾਵਰਨ ਵਿੱਚ ਤਿੱਖੀ ਹਲਚਲ ਦੇ ਬੱਦਲ ਛਾਏ ਰਹੇ। ਇੱਕ ਪਾਸੇ ਅਮਰੀਕਾ ਅੰਦਰ ਡੋਨਲਡ ਟਰੰਪ ਦੀ ਆਮਦ, ਦੂਜੇ ਪਾਸੇ ਕੈਨੇਡਾ ਦੀ ਸਿਅਸਤ ਵਿੱਚ ਆਈ ਸਮਾਜਿਕ-ਸਿਆਸੀ ਅਸਥਿਰਤਾ ਕਾਰਨ ਸਿਆਸੀ ਮਾਹਿਰਾਂ ਦੀਆਂ ਚੋਣ ਕਿਆਸ-ਅਰਾਈਆਂ ਲਗਾਤਾਰ ਕਰਵਟ ਬਦਲਦੀਆਂ ਰਹੀਆਂ। ਕੋਵਿਡ-19 ਤੋਂ ਬਾਅਦ ਵਧਦੀ ਮਹਿੰਗਾਈ, ਭਾਰਤ ਨਾਲ ਕੂਟਨੀਤਕ ਸਬੰਧਾਂ 'ਚ ਕੁੜੱਤਣ, ਕੌਮਾਂਤਰੀ ਵਿਦਿਆਰਥੀਆਂ ਅਤੇ ਪਰਵਾਸੀਆਂ ਦੀ ਆਮਦ ਘਟਾਉਣ ਲਈ ਬਦਲੀਆਂ ਆਵਾਸ ਨੀਤੀਆਂ, ਰਿਹਾਇਸ਼ੀ ਘਰਾਂ ਦਾ ਸੰਕਟ ਆਦਿ ਕਾਰਨਾਂ ਕਰ ਕੇ ਪੈਦਾ ਹੋਈ ਸਮਾਜਿਕ ਬੇਚੈਨੀ ਨੂੰ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਅਸਤੀਫੇ ਨਾਲ ਥੋੜ੍ਹੀ ਠੱਲ੍ਹ ਪਈ। ਨਵੰਬਰ 2024 ਦੇ ਇੱਕ ਸਰਵੇਖਣ ਮੁਤਾਬਿਕ, ਕੰਜ਼ਰਵੇਟਿਵ ਪਾਰਟੀ ਦੇ ਮੁਕਾਬਲੇ ਟਰੂਡੋ ਸਰਕਾਰ ਦੀ ਲੋਕਪ੍ਰਿਅਤਾ ਤੇਜੀ ਨਾਲ ਘਟ ਰਹੀ ਸੀ ਅਤੇ ਕੈਨੇਡਾ ਦੀਆਂ ਚੋਣਾਂ ਵਿੱਚ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਬਣਨ ਦੇ ਹਾਲਾਤ ਪੈਦਾ ਹੋ ਗਏ ਸਨ। ਲੋਕ ਵਿਰੋਧ ਅਤੇ ਸਿਆਸੀ ਅਸਥਿਰਤਾ ਦੇ ਅਜਿਹੇ ਮਾਹੌਲ ਵਿੱਚ ਟਰੂਡੋ ਦੁਆਰਾ ਆਪਣੇ ਭਾਵੁਕ ਭਾਸ਼ਣ ਨਾਲ ਅਸਤੀਫਾ ਦੇਣ ਦੀ ਨੈਤਿਕਤਾ ਦਿਖਾਉਣਾ ਅਤੇ ਦੂਜੇ ਪਾਸੇ ਜਨਵਰੀ ਵਿੱਚ ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਟਰੰਪ ਦੇ ਕੈਨੇਡਾ ਉੱਤੇ ਟੈਰਿਫ ਹਮਲੇ ਤੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੀ ਕੌਮੀ ਤ੍ਰਿਸਕਾਰ ਭਰੀ ਧਮਕੀ ਨੇ ਕੈਨੇਡਾ 'ਚ ਪੈਦਾ ਹੋਏ ਸਿਆਸੀ ਤੂਫਾਨ ਦਾ ਮੁਹਾਣ ਹੀ ਬਦਲ ਦਿੱਤਾ। ਲਗਾਤਾਰ 10 ਸਾਲ ਰਾਜ ਕਰਨ ਦੇ ਬਾਵਜੂਦ ਕੈਨੇਡੀਅਨਾਂ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਨਾ ਕਰ ਸਕਣ ਦੀ ਆਲੋਚਨਾ ਵਿੱਚ ਘਿਰੀ ਸਰਕਾਰ ਲਈ ਟਰੰਪ ਦੀਆਂ ਧਮਕੀਆਂ ਵਰਦਾਨ ਬਣ ਕੇ ਬਹੁੜੀਆਂ। ਨਾਜ਼ੁਕ ਹਾਲਾਤ ਦਾ ਲਾਹਾ ਲੈਂਦਿਆਂ ਲਿਬਰਲਾਂ ਨੇ ਇੱਕੋ ਸਮੇਂ ਦੋ ਅਹਿਮ ਸਿਆਸੀ ਦਾਅ ਖੇਡੇ। ਇੱਕ: ਟਰੂਡੋ ਦੀ ਥਾਂ ਪਾਰਟੀ ਦੀ ਕਮਾਂਡ ਸਿਆਸੀ ਮੈਦਾਨ 'ਚ ਨਵੇਂ ਮਾਰਕ ਕਾਰਨੀ ਨੂੰ ਸੌਂਪਣੀ; ਦੂਜਾ, ਅਮਰੀਕਾ ਦੇ ਵਪਾਰਕ-ਕੂਟਨੀਤਕ ਹਮਲਿਆਂ ਤੋਂ ਸੁਰੱਖਿਆ ਲਈ ਲੋਕਾਂ ਨੂੰ ਰਾਸ਼ਟਰਵਾਦੀ ਏਜੰਡੇ ਦੁਆਲੇ ਲਾਮਬੰਦ ਕਰਨਾ। ਟਰੰਪ ਦੀਆਂ ਅਰਾਜਕ ਨੀਤੀਆਂ ਅਤੇ ਬਿਆਨਾਂ ਤੋਂ ਭੈਅਭੀਤ ਹੋਏ ਕੈਨੇਡੀਅਨਾਂ ਨੇ ਆਪਣੀਆਂ ਬੁਨਿਆਦੀ ਲੋੜਾਂ ਭੁੱਲ ਕੇ ਕੈਨੇਡਾ ਦੇ ਵਜੂਦ ਨੂੰ ਪੈਦਾ ਹੋਈ ਚੁਣੌਤੀ ਨਾਲ ਨਜਿੱਠਣ ਨੂੰ ਤਰਜੀਹ ਦਿੱਤੀ।ਕੈਨੇਡਾ ਦੀ ਨਿਘਰਦੀ ਆਰਥਿਕ ਸਿਹਤ ਦੇ ਇਲਾਜ ਲਈ ਕੈਨੇਡੀਅਨਾਂ ਨੇ ਰਵਾਇਤੀ ਸਿਆਸਤਦਾਨਾਂ ਨਾਲੋਂ ਵੱਧ ਅਰਥ ਸ਼ਾਸਤਰੀ 'ਤੇ ਭਰੋਸਾ ਕੀਤਾ। ਮਾਰਕ ਕਾਰਨੀ ਨੂੰ ਆਰਥਿਕ-ਵਪਾਰਕ ਮਾਮਲਿਆਂ ਦਾ ਮਾਹਿਰ ਮੰਨਿਆ ਜਾਂਦਾ ਹੈ। ਕਾਰਨੀ ਨੂੰ ਇੰਗਲੈਂਡ ਅਤੇ ਕੈਨੇਡਾ



ਦੀ ਕੇਂਦਰੀ ਬੈਂਕ ਦੇ ਗਵਰਨਰ ਰਹਿਣ ਦੇ ਨਾਲ-ਨਾਲ ਬ੍ਰਿਗਜ਼ਿਟ ਗੱਲਬਾਤ ਲਈ ਬਰਤਾਨੀਆ ਦੀ ਅਗਵਾਈ ਕਰਨ ਅਤੇ ਕੈਨੇਡਾ ਨੂੰ ਅਮਰੀਕਾ ਦੇ 2008 ਵਾਲੇ ਸੰਕਟ ਵਿੱਚੋਂ ਕੱਢਣ ਵਾਲੇ ਆਰਥਿਕ ਮਾਮਲਿਆਂ ਦੇ ਮਾਹਿਰ ਵਜੋਂ ਪੇਸ਼ ਕੀਤਾ ਗਿਆ।

ਚੋਣਾਂ ਤੋਂ ਪਹਿਲਾਂ ਲਿਬਰਲ ਪਾਰਟੀ ਦੀ ਕਮਾਂਡ ਸਾਂਭਣ ਤੋਂ ਤੁਰੰਤ ਬਾਅਦ ਮਾਰਕ ਕਾਰਨੀ ਨੇ ਜਿੱਥੇ ਕੈਨੇਡੀਅਨਾਂ ਨੂੰ ਕਾਰਬਨ ਟੈਕਸ ਮੁਆਫ ਕਰਨ, ਟੈਕਸ ਘੱਟ ਕਰਨ, ਸਾਲਾਨਾ ਪੰਜ ਲੱਖ ਨਵੇਂ ਰਿਹਾਇਸ਼ੀ ਮਕਾਨ ਬਣਾਉਣ, ਵਾਤਾਵਰਨ ਸੰਕਟ ਨਾਲ ਨਜਿੱਠਣ, ਨੌਕਰੀਆਂ ਪੈਦਾ ਕਰਨ, ਮਹਿੰਗਾਈ ਨੂੰ ਨੱਥ ਪਾਉਣ ਆਦਿ ਵਰਗੇ ਵਾਅਦੇ ਕਰ ਕੇ ਵਿਰੋਧੀ ਧਿਰ ਦਾ ਏਜੰਡਾ ਖੋਹ ਲਿਆ ਉੱਥੇ ਉਸ ਨੇ ਕੌਮੀ ਸੁਰੱਖਿਆ ਸਥਾਪਿਤ ਕਰਨ, ਯੂਰੋਪ ਅਤੇ ਏਸ਼ੀਆ ਨਾਲ ਦੁਵੱਲੇ ਵਪਾਰਕ ਸਬੰਧ ਕਾਇਮ ਕਰਨ, ਟਰੰਪ ਦੀਆਂ ਨੀਤੀਆਂ ਦਾ ਸਪੱਸ਼ਟਤਾ ਤੇ ਦਲੇਰੀ ਨਾਲ ਵਿਰੋਧ ਕਰਨ ਅਤੇ ਦੂਜੇ ਦੇਸ਼ਾਂ ਨਾਲ ਕੂਟਨੀਤਕ ਸਬੰਧ ਮਜ਼ਬੂਤ ਕਰਨ ਦੀ ਭਾਵਨਾ ਦਿਖਾ ਕੇ ਕੈਨੇਡੀਅਨਾਂ ਵਿੱਚ ਲਿਬਰਲਾਂ ਪ੍ਰਤੀ ਮੁੜ ਵਿਸ਼ਵਾਸ ਤੇ ਆਸ ਦੀ ਲਹਿਰ ਪੈਦਾ ਕਰ ਦਿੱਤੀ। ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਜਲਦੀ ਚੋਣਾਂ ਕਰਵਾਉਣ ਦਾ ਐਲਾਨ ਕਰ ਕੇ ਲਿਬਰਲਾਂ ਨੇ ਮੌਕਾ ਸਾਂਭ ਲਿਆ। ਉੱਧਰ, ਪੀਅਰੇ ਪੋਲੀਵਰ ਦੁਆਰਾ ਟਰੰਪ ਦੇ 'ਅਮਰੀਕਾ ਫਸਟ' ਦੇ ਕੌਮੀ ਸ਼ਾਵਨਵਾਦੀ ਸਨਕ ਦਾ ਜਵਾਬ 'ਕੈਨੇਡਾ ਫਸਟ' ਦੀ ਉਸੇ ਮਾਅਰਕੇਬਾਜ਼ ਸੁਰ ਵਿੱਚ ਦੇਣ ਨਾਲ ਉਸ ਵਿੱਚੋਂ ਟਰੰਪ ਦਾ ਪਰਛਾਵਾਂ ਝਲਕਦਾ ਸੀ ਜੋ ਕੈਨੇਡੀਅਨ ਸੱਭਿਆਚਾਰ ਤੇ ਲੋਕਾਂ ਦੀਆਂ ਭਾਵਨਾਵਾਂ ਦੇ ਉਲਟ ਸੀ। ਟਰੰਪ ਦੀਆਂ ਨੀਤੀਆਂ ਖਿਲਾਫ 'ਟੀਮ ਕੈਨੇਡਾ' ਤਿਆਰ ਕਰ ਕੇ ਲਿਬਰਲਾਂ ਨੇ ਪੀਅਰ ਦਾ ਆਖਿਰੀ ਏਜੰਡਾ ਖੋਹ ਕੇ ਉਸ ਨੂੰ ਨਿਹੱਥਾ ਕਰ ਦਿੱਤਾ।ਕੈਨੇਡਾ ਦੀ ਸਮਾਜਿਕ-ਸਿਆਸੀ ਤਸਵੀਰ ਦਾ ਦੂਜਾ ਹਕੀਕੀ ਪਹਿਲੂ ਇਹ ਵੀ ਹੈ ਕਿ ਲਿਬਰਲਾਂ ਦੀ ਜਿੱਤ ਦੇ ਜਸ਼ਨਾਂ ਨਾਲੋਂ ਵੱਧ ਜਰੂਰੀ ਕੈਨੇਡਾ ਦੇ ਲੋਕਾਂ ਦੇ ਬੁਨਿਆਦੀ ਮੁੱਦੇ ਅਤੇ ਕੈਨੇਡਾ ਦੇ ਆਰਥਿਕ-ਸਮਾਜਿਕ ਹਾਲਾਤ ਹਨ ਜੋ ਸੰਕਟ ਦੇ ਦੁਆਰ 'ਤੇ ਖੜ੍ਹੇ ਹਨ। ਕੈਨੇਡਾ ਦੇ ਵੱਡੇ ਆਰਥਿਕ-ਵਪਾਰਕ ਭਾਈਵਾਲ ਅਮਰੀਕਾ ਦੀ ਆਰਥਿਕਤਾ ਖੜੋਤ ਵਿੱਚ ਫਸ ਗਈ ਹੈ ਜਿਸ ਦਾ ਸਿੱਧਾ ਅਸਰ ਕੈਨੇਡਾ ਦੀ ਆਰਥਿਕਤਾ ਉੱਤੇ ਹੋਵੇਗਾ। ਅਮਰੀਕਾ ਦੀ ਅਰਥ ਵਿਵਸਥਾ 2025 ਦੀ ਪਹਿਲੀ ਤਿਮਾਹੀ ਵਿੱਚ 0.3% ਦੀ ਗਿਰਾਵਟ ਨਾਲ ਰਿਕਾਰਡ ਉੱਚ ਵਪਾਰਕ ਘਾਟੇ ਵਿੱਚ ਚੱਲ ਰਹੀ ਹੈ। ਟੈਰਿਫਾਂ ਅਤੇ ਅਮਰੀਕਾ 'ਚ ਦਰਾਮਦ ਭੰਡਾਰਨ ਕਰ ਕੇ ਕੈਨੇਡਾ ਦੇ ਸਟੀਲ, ਲੱਕੜ, ਆਟੋਮੋਟਿਵ, ਊਰਜਾ ਤੇ ਖੇਤੀਬਾੜੀ ਖੇਤਰ ਅਤੇ ਟਰੱਕ ਕਾਰੋਬਾਰਾਂ ਵਿੱਚ ਵਿਕਾਸ ਦੀ ਗਤੀ ਧੀਮੀ ਹੋ ਗਈ ਹੈ। ਟਰੰਪ ਦੁਆਰਾ ਅਮਰੀਕਾ ਵਿੱਚ ਕਾਰਪੋਰੇਟ ਟੈਕਸ 'ਚ 20% ਦੀ ਕਟੌਤੀ ਕਰਨ ਦੇ ਬਿਆਨ ਅਤੇ ਟੈਰਿਫ ਹਮਲੇ ਕਾਰਨ ਕੈਨੇਡੀਅਨ ਕਾਰੋਬਾਰ ਤੇ ਨਿਵੇਸ਼ ਅਮਰੀਕਾ ਵੱਲ ਰੁਖ ਕਰ ਰਿਹਾ ਹੈ। ਇਸ ਸੂਰਤ ਵਿੱਚ ਕੈਨੇਡੀਅਨ ਸਰਕਾਰ ਕੋਲ ਕੈਨੇਡਾ ਦੇ ਵੱਡੇ ਕਾਰੋਬਾਰੀਆਂ ਨੂੰ ਟੈਕਸ ਛੋਟਾਂ ਦੇਣ ਦਾ ਰਾਹ ਬਚਦਾ ਹੈ, ਜਿਸ ਦੀ ਭਰਪਾਈ ਜਨਤਕ ਖੇਤਰ ਦੇ ਖਰਚਿਆਂ ਉੱਤੇ ਕੱਟ ਲਾ ਕੇ ਅਤੇ ਆਮ ਕੈਨੇਡੀਅਨ ਖਪਤਕਾਰਾਂ ਉੱਤੇ ਟੈਕਸ ਬੋਝ ਵਧਾ ਕੇ ਕੀਤੀ ਜਾਵੇਗੀ। ਦੂਜਾ, ਚੱਲ ਰਹੀਆਂ ਦੋ ਜੰਗਾਂ ਅਤੇ ਟਰੰਪ ਦੀਆਂ ਅਰਾਜਕ ਨੀਤੀਆਂ ਕਾਰਨ ਗਲੋਬਲ ਸਪਲਾਈ ਚੇਨ ਅਤੇ ਸੰਸਾਰ ਵਪਾਰ ਪ੍ਰਭਾਵਿਤ ਹੋਣ ਨਾਲ ਗਲੋਬਲ ਆਰਥਿਕਤਾ ਵਿਕਾਸ ਤੇ ਖੜੋਤ ਦੀ ਸਮੱਸਿਆ ਨਾਲ ਜੂਝ ਰਹੀ ਹੈ। ਇਸ ਦੇ ਅੰਗ ਵਜੋਂ ਕੈਨੇਡੀਅਨ ਅਰਥ ਵਿਵਸਥਾ ਵੀ ਇਸ ਤੋਂ ਅਛੂਤੀ ਨਹੀਂ ਰਹੇਗੀ। ਗਲੋਬਲ ਆਰਥਿਕ ਖੜੋਤ ਅਤੇ ਅਮਰੀਕੀ ਟੈਰਿਫ ਹਮਲਿਆਂ ਕਾਰਨ ਕੈਨੇਡਾ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਖੜੋਤ ਆਦਿ ਨੂੰ ਰੋਕਣਾ ਲੱਗਭੱਗ ਅਸੰਭਵ ਹੈ। ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਪੂੰਜੀਵਾਦੀ ਅਰਥ ਸ਼ਾਸਤਰੀਆਂ ਕੋਲ ਕੇਂਦਰੀ ਬੈਂਕ ਦੀਆਂ ਵਿਆਜ ਦਰਾਂ ਵਧਾਉਣ, ਜਨਤਕ ਖੇਤਰ ਤੇ ਕੱਟ ਲਾਉਣ ਅਤੇ ਲੋਕਾਂ ਦੇ ਅਧਿਕਾਰਾਂ ਦਾ ਘਾਣ ਕਰਨ ਤੋਂ ਸਿਵਾਏ ਕੋਈ ਹੋਰ ਰਾਮਬਾਣ ਈਜਾਦ ਨਹੀਂ ਹੋਇਆ। ਮਾਰਕ ਕਾਰਨੀ ਇਸੇ ਫਾਰਮੂਲੇ ਦੀ ਵਰਤੋਂ ਕਰਨ ਲਈ ਮਜਬੂਰ ਹੋਵੇਗਾ ਜਿਸ ਨਾਲ ਹਾਲਤ ਹੋਰ ਗੰਭੀਰ ਹੋਣ ਦੇ ਖਦਸੇ ਹਨ।ਇਸ ਦੇ ਨਾਲ ਹੀ ਕੈਨੇਡਾ ਵਿੱਚ ਰਿਹਾਇਸ਼ੀ ਘਰਾਂ ਦੀ ਭਾਰੀ ਕਿੱਲਤ ਹੈ ਪਰ ਇਹ ਕਿੱਲਤ ਰਿਹਾਇਸ਼ੀ ਘਰਾਂ ਉੱਤੇ ਵੱਡੀਆਂ ਕਾਰਪੋਰੇਸ਼ਨਾਂ ਦੀ ਇਜਾਰੇਦਾਰੀ ਅਤੇ ਘਰਾਂ ਦੀਆਂ ਮਹਿੰਗੀਆਂ ਕੀਮਤਾਂ ਕਾਰਨ ਹੈ। ਸਾਲਾਨਾ ਪੰਜ ਲੱਖ ਰਿਹਾਇਸ਼ੀ ਘਰਾਂ ਦੇ ਨਿਰਮਾਣ ਨਾਲ ਅਸਲੀ ਫਾਇਦਾ ਆਮ ਲੋਕਾਂ ਨਾਲੋਂ ਵੱਧ ਵੱਡੇ ਪ੍ਰਾਈਵੇਟ ਬਿਲਡਰਾਂ ਨੂੰ ਹੋਵੇਗਾ। ਰਿਹਾਇਸ਼ੀ ਘਰਾਂ ਦਾ ਨਿਰਮਾਣ ਆਮ ਲੋਕਾਂ ਦੀਆਂ ਲੋੜਾਂ ਨਾਲੋਂ ਮੁਨਾਫਾ ਕੇਂਦਰਿਤ ਵੱਧ ਹੈ। ਇਸ ਤੋਂ ਇਲਾਵਾ ਅਮਰੀਕੀ ਦਬਾਅ ਕਾਰਨ ਕੈਨੇਡਾ ਸਰਕਾਰ ਨੇ ਜੰਗੀ ਖਰਚਿਆਂ ਲਈ ਨਾਟੋ ਦੇ ਟੀਚੇ ਨੂੰ ਪੂਰਾ ਕਰਨ ਲਈ ਸਾਲ 2030 ਤੱਕ ਆਪਣੇ ਫੌਜੀ ਤੇ ਰੱਖਿਆ ਖੇਤਰ ਵਿੱਚ ਕੁੱਲ ਜੀਡੀਪੀ ਦਾ 2% ਖਰਚਣਾ ਹੈ ਜਿਸ ਨਾਲ ਕੈਨੇਡੀਅਨ ਆਰਥਿਕਤਾ ਉੱਤੇ ਸਾਲਾਨਾ 60 ਬਿਲੀਅਨ ਡਾਲਰ ਦਾ ਬੋਝ ਪਵੇਗਾ। ਕੈਨੇਡਾ ਵੱਲੋਂ ਇਜ਼ਰਾਈਲ ਨੂੰ ਦਿੱਤੀ ਜਾ ਰਹੀ ਵਿੱਤੀ ਅਤੇ ਹਥਿਆਰਾਂ ਦੀ ਸਪਲਾਈ ਦਾ ਬੋਝ ਕੈਨੇਡਾ ਦੇ ਖਜਾਨੇ ਉੱਤੇ ਪੈਂਦਾ ਹੈ ਜਿਸ ਦਾ ਮੁਨਾਫਾ ਕੈਨੇਡੀਅਨ ਤੇ ਅਮਰੀਕੀ ਹਥਿਆਰ ਕੰਪਨੀਆਂ ਨੂੰ ਹੋ ਰਿਹਾ ਹੈ। ਮਾਰਕ ਕਾਰਨੀ ਲੋਕਾਂ ਨਾਲੋਂ ਵੱਧ ਕੈਨੇਡੀਅਨ ਕਾਰਪੋਰੇਟ ਜਮਾਤ ਦੇ ਹਿੱਤਾਂ ਦੀ ਰਖਵਾਲੀ ਤੇ ਕਾਰਪੋਰੇਟ ਜਮਾਤ ਨੂੰ ਸੰਕਟ ਵਿੱਚੋਂ ਕੱਢਣ ਲਈ ਸਾਹਮਣੇ ਲਿਆਂਦਾ ਗਿਆ ਹੈ। ਕਾਰਨੀ ਨੇ ਅਤੀਤ ਵਿੱਚ ਬੈਂਕਰ ਵਜੋਂ ਜੋ ਸੇਵਾਵਾਂ ਨਿਭਾਈਆਂ ਹਨ, ਉਹ ਹੁਣ ਤੱਕ ਵੱਡੇ ਸੰਸਾਰ ਬੈਂਕਰਾਂ, ਵੱਡੇ ਕਾਰੋਬਾਰੀਆਂ ਅਤੇ ਕੁਲੀਨ ਵਰਗ ਦੇ ਹਿੱਤਾਂ ਲਈ ਸਨ, ਆਮ ਲੋਕਾਂ ਲਈ ਨਹੀਂ। ਕਾਰਨੀ ਅਸਲ ਅਰਥਾਂ ਵਿੱਚ ਪੂੰਜੀਪਤੀ ਜਮਾਤ ਦੇ ਹਿੱਤਾਂ ਦੀ ਤਰਜਮਾਨੀ ਕਰਨ ਵਾਲਾ ਨੁਮਾਇੰਦਾ ਹੈ, ਇਸੇ ਲਈ 53% ਕਾਰੋਬਾਰੀ ਨੇਤਾਵਾਂ ਨੇ ਕਾਰਨੀ ਦਾ ਸਮਰਥਨ ਕੀਤਾ ਅਤੇ 30% ਨੇ ਪੀਅਰੇ ਪੋਲੀਵਰ ਦਾ। ਕੈਨੇਡਾ, ਅਮਰੀਕੀ ਸਾਮਰਾਜ ਦਾ ਜੂਨੀਅਰ ਭਾਈਵਾਲ ਹੈ ਜੋ ਗਲੋਬਲ ਸਾਊਥ ਦੀ ਲੁੱਟ ਕਰ ਕੇ ਪੱਛਮੀ ਸਾਮਰਾਜ ਨੂੰ ਮਜਬੂਤ ਕਰਦਾ ਹੈ। ਕੈਨਡਾ ਅੰਦਰ ਨਾ-ਬਰਾਬਰੀ ਲਗਾਤਾਰ ਵਧ ਰਹੀ ਹੈ ਅਤੇ ਵਿਕਾਸ ਤੇ ਕੌਮੀ ਸੁਰੱਖਿਆ ਦੇ ਨਾਂ ਹੇਠ ਪਰਵਾਸੀ ਕਾਮਿਆਂ, ਕੌਮਾਂਤਰੀ ਵਿਦਿਆਰਥੀਆਂ, ਗਿੱਗ ਕਾਮਿਆਂ ਦੀ ਕਿਰਤ ਲੁੱਟ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ।ਟਰੰਪ ਦੇ ਵਪਾਰ ਯੁੱਧ, ਕੈਨੇਡੀਅਨ ਆਰਥਿਕਤਾ ਦੀ ਮਜ਼ਬੂਤੀ ਤੇ ਵਿਕਾਸ, ਰਹਿਣ-ਸਹਿਣ ਦੀਆਂ ਲਾਗਤਾਂ ਘੱਟ ਕਰਨ, ਰਿਹਾਇਸ਼ੀ ਘਰਾਂ ਦੀ ਥੁੜ੍ਹ ਤੇ ਕੀਮਤਾਂ ਘੱਟ ਕਰਨ, ਸਿਹਤ, ਬੀਮਾ, ਸਿੱਖਿਆ ਸਹੂਲਤਾਂ, ਵਿਦੇਸ਼ੀ ਨਿਵੇਸ਼ ਹਾਸਲ ਕਰਨ, ਸਮਾਜਿਕ-ਸਿਆਸੀ ਉਥਲ-ਪੁਥਲ ਆਦਿ ਵਿਕਰਾਲ ਚੁਣੌਤੀਆਂ ਪ੍ਰਤੀ ਕਾਰਨੀ ਦੀ ਪਹੁੰਚ ਤੇ ਭਵਿੱਖੀ ਕਾਰਗੁਜ਼ਾਰੀ ਦੇਖਣ ਵਾਲੀ ਹੋਵੇਗੀ।

# ਸਿੱਲੀਆਂ ਅੱਖਾਂ 'ਚ ਤੈਰਦੇ ਸਵਾਲ

ਜੰਮੂ ਕਸ਼ਮੀਰ ਦੇ ਪਹਿਲਗਾਮ 'ਚ ਹੋਏ ਦਹਿਸ਼ਤੀ ਹਮਲੇ ਪਿੱਛੋਂ ਮਨ 'ਤੇ ਅਜੀਬ ਜਿਹੀ ਉਦਾਸੀ ਭਾਰੀ ਹੋ ਗਈ, ਇਉਂ ਲੱਗ ਰਿਹਾ ਸੀ, ਜਿਵੇਂ ਹਉਕਿਆਂ ਅਤੇ ਹੰਝੂਆਂ ਨੇ ਫਿਜਾ ਸੋਗਮਈ ਕਰ ਦਿੱਤੀ ਹੋਵੇ। ਖੁਸ਼ੀਆਂ ਦੇ ਪਲ ਮਾਣਨ ਵਾਸਤੇ ਖੂਬਸੂਰਤ ਵਾਦੀਆਂ 'ਚ ਜਾਣ ਵਾਲੇ ਪਲਾਂ ਵਿੱਚ ਹੀ ਮਿੱਟੀ ਦੇ ਢੇਰ ਹੋ ਗਏ ਅਤੇ ਜੋ ਬਚ ਗਏ ਉਹ ਬੇਜਾਨ ਬੁੱਤ ਹੋ ਗਏ। ਟੀ.ਵੀ. ਚੈਨਲਾਂ ਅਤੇ ਸੋਸ਼ਲ ਮੀਡੀਆ 'ਤੇ ਵਾਰ-ਵਾਰ ਇਸ ਹਮਲੇ ਸਬੰਧੀ ਵੀਡੀਓ ਦਿਖਾਏ ਜਾ ਰਹੇ ਸਨ, ਜਿਨ੍ਹਾਂ ਨੇ ਉਦਾਸੀ ਦੇ ਤੰਦ ਹੋਰ ਲੰਮੇ ਕਰ ਦਿੱਤੇ। ਆਪਣੇ ਨੇਵੀ ਅਫਸਰ ਪਤੀ ਦੀ ਲਾਸ਼ ਕੋਲ ਬੈਠੀ ਮੁਟਿਆਰ ਦਾ ਵਿਰਲਾਪ ਝੱਲਿਆ ਨਹੀਂ ਸੀ ਜਾ ਰਿਹਾ। ਕੁਝ ਹੀ ਦਿਨਾਂ 'ਚ ਉਸ ਦੀ ਦੁਨੀਆ ਵੱਸ ਕੇ ਉੱਜੜ ਗਈ। ਉਨ੍ਹਾਂ ਦੇ ਵਿਆਹ ਨੂੰ ਹਾਲੇ ਹਫਤਾ ਵੀ ਨਹੀਂ ਸੀ ਹੋਇਆ ਕਿ ਇਹ ਭਾਣਾ ਵਾਪਰ ਗਿਆ। ਉਸ ਦੇ ਚੂੜੇ ਦਾ ਰੰਗ ਵੀ ਨਹੀਂ ਸੀ ਬਦਲਿਆ ਕਿ ਉਸ ਦੀ ਦੁਨੀਆ ਹਨੇਰੀ ਹੋ ਗਈ। ਵਿਆਹ ਤੋਂ ਬਾਅਦ ਚੰਗੀਆਂ ਯਾਦਾਂ ਨੂੰ ਸਮੇਟਦੇ ਹੋਏ ਇਸ ਜੋੜੇ ਦੀਆਂ ਖੁਸ਼ੀਆਂ ਦਹਿਸ਼ਤਗਰਦਾਂ ਨੇ ਪਲਾਂ 'ਚ ਢੇਰ ਕਰ ਦਿੱਤੀਆਂ। ਮੇਰਾ ਨਿੱਤ ਦੇ ਘਰੇਲੂ ਰੁਝੇਵਿਆਂ ਵੱਲ ਵੀ ਧਿਆਨ ਨਹੀਂ ਸੀ ਲੱਗ ਰਿਹਾ। ਦਫਤਰੋਂ ਛੁੱਟੀ ਹੋਣ ਦੇ ਬਾਵਜੂਦ ਘਰ ਦਾ ਕੰਮ ਖਿੱਲਰਿਆ ਪਿਆ ਸੀ। ਰਹਿ-ਰਹਿ ਕੇ ਉਹੀ ਦ੍ਰਿਸ਼ ਅੱਖਾਂ ਅੱਗੇ ਆ ਰਹੇ ਸਨ। ਪਲਾਂ ਛਿਣਾਂ 'ਚ ਹੀ ਕਈ ਹੱਸਦੇ-ਵੱਸਦੇ ਪਰਿਵਾਰ ਉੱਜੜ ਗਏ ਸਨ। ਵਾਦੀਆਂ ਦੇ ਨਜ਼ਾਰਿਆਂ 'ਚ ਖੂਬਸੂਰਤ ਯਾਦਾਂ ਸਮੇਟਣ ਲਈ ਗਏ ਲੋਕ ਉਮਰ ਭਰ ਦੇ ਰੋਣੇ ਲੈ ਕੇ ਆ ਗਏ ਹਨ ਤੇ ਪਲਾਂ 'ਚ ਹੀ ਆਪਣਿਆਂ ਨੂੰ ਗੁਆ ਕੇ ਪਰਤੇ ਲੋਕਾਂ ਦਾ ਦੁੱਖ ਬਿਆਨ ਨਹੀਂ ਹੋ ਸਕਦਾ। ਬੱਚਿਆਂ ਨੂੰ ਸਕੂਲ ਭੇਜਣ ਅਤੇ ਪਤੀ ਦੇ ਦਫਤਰ ਜਾਣ ਤੋਂ ਬਾਅਦ ਮੇਰਾ ਜੇਰਾ ਨਹੀਂ ਸੀ ਪਿਆ ਕਿ ਮੈਂ ਕੋਈ ਨਿਊਜ ਚੈਨਲ ਲਗਾ ਸਕਾਂ ਜਾਂ ਸੋਸ਼ਲ ਮੀਡੀਆ ਵੇਖ ਸਕਾਂ ਕਿਉਂਕਿ ਹਰ ਪਾਸੇ ਪਹਿਲਗਾਮ 'ਚ ਵਾਪਰੇ ਹਮਲੇ ਨੇ ਦਹਿਸ਼ਤ ਫੈਲਾਈ ਹੋਈ ਸੀ। ਮਨ 'ਚ ਕਈ ਸਵਾਲ ਉੱਠ ਰਹੇ ਸਨ ਕਿ ਆਖਰ ਕਿਉਂ ਲੋਕ ਆਪਣੇ ਹੀ ਦੇਸ਼ 'ਚ ਸੁਰੱਖਿਅਤ ਨਹੀਂ? ਕੁਝ ਸਕਿੰਟਾਂ ਦੀ ਕਾਰਵਾਈ ਨੇ ਕਿਵੇਂ ਇੱਕ ਸਜ ਵਿਆਹੀ ਨੂੰ ਵਿਧਵਾ ਬਣਾ ਦਿੱਤਾ ਅਤੇ ਉਸ ਦੀ ਦੁਨੀਆ ਉਜਾੜ ਦਿੱਤੀ। ਇਹ ਬੇਵਸੀ ਤੇ ਦੁੱਖ ਦਾ ਸਿਖਰ ਸੀ ਕਿ ਆਪਣੇ ਪਤੀ ਅਤੇ ਪੁੱਤਰ ਦੇ ਮਾਰੇ ਜਾਣ ਪਿੱਛੋਂ ਇੱਕ ਪੀੜਤਾ ਹੱਥ ਜੋੜ ਜੋੜ ਕੇ ਮੌਤ ਲਈ ਫਰਿਆਦ ਕਰ ਰਹੀ ਸੀ। ਉਸ ਦੀ ਦੁਨੀਆ ਹਨੇਰੀ ਹੋ ਗਈ ਸੀ ਤੇ ਉਸ ਵਿੱਚ ਜਿਊਣ ਦੀ ਕੋਈ ਇੱਛਾ ਨਹੀਂ ਸੀ। ਇਉਂ ਲੱਗਦਾ ਸੀ ਜਿਵੇਂ ਮੌਤ ਦੇ ਖੌਫ ਅੱਗੇ ਜਿੰਦਗੀ ਨੇ ਹਾਰ ਮੰਨ ਲਈ ਹੋਵੇ। ਮਨ ਇੰਨਾ ਪ੍ਰੇਸ਼ਾਨ ਸੀ ਕਿ ਹੌਸਲਾ ਹੀ ਨਹੀਂ ਪਿਆ ਕਿ ਹੋਰ ਵੀਡੀਓਜ ਵੇਖ ਸਕਾਂ। ਮੇਰਾ ਇਹ ਹੌਸਲਾ ਵੀ ਨਹੀਂ ਪਿਆ ਕਿ ਅੱਜ ਆਪਣੀ ਮਾਤਾ ਨਾਲ ਫੋਨ 'ਤੇ ਗੱਲ ਕਰ ਸਕਾਂ, ਕਿਉਂਕਿ ਪੁੱਤਰ ਅਤੇ ਜਵਾਈ ਦੇ ਫੌਜ 'ਚ ਹੋਣ ਕਾਰਨ ਉਹ ਅਜਿਹੀਆਂ ਘਟਨਾਵਾਂ ਨਾਲ ਛੇਤੀ ਪ੍ਰੇਸ਼ਾਨ ਹੋ ਜਾਂਦੇ ਹਨ। ਮੈਨੂੰ ਸਮਝ ਨਾ ਆਵੇ ਕਿ ਮੈਂ ਧਿਆਨ ਕਿੱਧਰ ਲਾਵਾਂ? ਮੈਂ ਆਪਣੀ ਭੂਆ ਦੀ ਨੂੰਹ ਨੂੰ ਫੋਨ ਕੀਤਾ ਤੇ ਇਧਰ-ਉੱਧਰ ਦੀਆਂ ਗੱਲਾਂ ਸ਼ੁਰੂ ਕੀਤੀਆਂ। ਉਸ ਨੂੰ ਕਦੇ ਮੈਂ ਤੂੜੀ-ਤੰਦ ਸਾਂਭਣ ਬਾਰੇ ਪੁੱਛਾਂ ਤੇ ਹੋਰ ਘਰ ਦੀ ਸੁੱਖ-ਸਾਂਦ ਬਾਰੇ ਪੁੱਛਣ ਲੱਗੀ ਪਰ ਉਸ ਦੇ ਸਵਾਲ ਤੇ ਜਵਾਬ ਪਹਿਲਾਗਾਮ 'ਚ ਹੋਈਆਂ ਮੌਤਾਂ ਦੇ ਦੁਆਲੇ ਹੀ ਘੁੰਮ ਰਹੇ ਸਨ। ਮੈਂ ਜਿਆਦਾ ਦੇਰ ਗੱਲ ਨਾ ਕਰ ਸਕੀ। ਕਾਫੀ ਸਮਾਂ ਸੋਸ਼ਲ ਮੀਡੀਆ ਦੀ ਵਧੀ ਪਹੁੰਚ ਕਾਰਨ ਪੈਣ ਵਾਲੇ ਪ੍ਰਭਾਵਾਂ ਬਾਰੇ ਸੋਚਦੀ ਰਹੀ। ਏਨੇ ਨੂੰ ਆਪਣੀ ਨਨਾਣ ਜਿਸਦਾ ਪਤੀ ਸੀਆਰਪੀਐਫ 'ਚ ਹੈ, ਉਸ ਦਾ ਬੀਤੀ ਰਾਤ ਆਇਆ ਸੁਨੇਹਾ ਪੜ੍ਹਿਆ। ਮੈਂ ਤੇ ਭੈਣ ਜੀ ਅਕਸਰ ਇੱਕ ਦੂਜੇ ਨੂੰ ਮਜਾਕ ਕਰਦੇ ਰਹਿੰਦੇ ਹਾਂ। ਅੱਜ ਮੈਂ ਜਦੋਂ ਫੋਨ ਕੀਤਾ ਤਾਂ ਦੂਜੇ ਪਾਸਿਓਂ ਬੜੀ ਸੁਸਤ ਜਿਹੀ ਆਵਾਜ ਆਈ। ਦੂਜੀ ਵਾਰ ਹੈਲੋ ਕਿਹਾ ਤਾਂ ਮੇਰੀ ਨਨਾਣ ਤਾਂ ਰੋਣ ਲੱਗ ਪਈ। ਮੈਂ ਇਕਦਮ ਉੱਠ ਕੇ ਬੈਠ ਗਈ ਤੇ ਬੜੀ ਚਿੰਤਾ 'ਚ ਪੁੱਛਿਆ ਕਿ ਕੀ ਹੋਇਆ ਹੈ? ਤਾਂ ਉਸ ਨੇ ਨਿਊਜ ਚੈਨਲ 'ਤੇ ਕਰਨਾਲ ਦੇ ਨੇਵੀ ਅਫਸਰ ਦੀ ਦੇਹ ਪੁੱਜਣ ਦੀ ਖਬਰ ਬਾਰੇ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਕੀਤੇ ਜਾ ਰਹੇ ਵਿਰਲਾਪ ਦੀ ਦੇਖੀ ਖਬਰ ਬਾਰੇ ਦੱਸਿਆ ਤੇ ਹੋਰ ਉੱਚੀ-ਉੱਚੀ ਰੋਣ ਲੱਗ ਪਈ। ਮੇਰੇ ਕੋਲ ਕੋਈ ਜਵਾਬ ਨਹੀਂ ਸੀ। ਏਨੇ ਨੂੰ ਡੋਰ ਬੈੱਲ ਵੱਜੀ ਤੇ ਮੈਂ ਦਰਵਾਜਾ ਖੋਲ੍ਹਿਆ ਮੇਰੇ ਪਤੀ ਦਫਤਰੋਂ ਪਰਤੇ ਸਨ। ਉਨ੍ਹਾਂ ਵੀ ਕੱਪੜੇ ਬਦਲ ਕੇ ਰੋਜ ਦੀ ਤਰ੍ਹਾਂ ਆਉਂਦੇ ਸਾਰ ਨਿਊਜ ਚੈਨਲ ਲਗਾ ਲਿਆ। ਹਮਲੇ ਦੇ ਉਹ ਦ੍ਰਿਸ਼ ਫਿਰ ਅੱਖਾਂ ਸਾਹਮਣੇ ਆ ਗਏ ਤੇ ਮੇਰੇ ਸਬਰ ਦਾ ਬੰਨ੍ਹ ਟੁੱਟ ਗਿਆ ਤੇ ਅੱਖਾਂ 'ਚੋਂ ਹੰਝੂ ਵਹਿਣ ਲੱਗੇ। ਪੂਰੇ ਦਿਨ 'ਚ ਸਮੇਟ ਕੇ ਰੱਖੀਆਂ ਭਾਵਨਾਵਾਂ ਬੇਕਾਬੂ ਹੋ ਗਈਆਂ ਤੇ ਮੈਂ ਰੋਣ ਲੱਗੀ। ਮੈਨੂੰ ਰੋਂਦੀ ਨੂੰ ਦੇਖ ਮੇਰੀ ਗਿਆਰਾਂ ਸਾਲ ਦੀ ਧੀ ਨੇ ਪੁੱਛਿਆ ਕਿ ਮੰਮਾ ਕੀ ਹੋਇਆ? ਮੈਂ ਉਸ ਨੂੰ ਹਾਦਸੇ ਦੇ ਸੰਖੇਪ ਵੇਰਵਾ ਦਿੱਤਾ ਤੇ ਉਸ ਦੀਆਂ ਵੀ ਅੱਖਾਂ ਨਮ ਹੋ ਗਈਆਂ।

-ਸੁਖਜੀਤ ਕੌਰ

# ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ 12ਵੀਂ ਜਮਾਤ ਦੇ ਨਤੀਜਿਆਂ 'ਚ ਕੁੜੀਆਂ ਦੀ ਸਰਦਾਰੀ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ 12ਵੀਂ ਜਮਾਤ ਦੇ ਨਤੀਜਿਆਂ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ 'ਚ ਉਤਸੁਕਤਾ ਤੇ ਉਤਸਾਹ ਦਾ ਸੰਚਾਰ ਕਰ ਦਿੱਤਾ ਹੈ। ਇਸ ਜਮਾਤ ਦੇ ਨਤੀਜੇ ਵਿਦਿਆਰਥੀਆਂ ਦੀ ਸਿੱਖਿਆ ਦੇ ਇਕ ਮਹੱਤਵਪੂਰਨ ਪੜਾਅ ਦੀ ਸਮਾਪਤੀ ਅਤੇ ਉਨ੍ਹਾਂ ਦੇ ਉੱਚ ਸਿੱਖਿਆ ਜਾਂ ਕਰੀਅਰ ਦੇ ਮਾਰਗ ਦੀ ਸ਼ੁਰੂਆਤ ਨੂੰ ਦਰਸਾਉਂਦੇ ਹਨ। ਇਹ ਨਾ ਸਿਰਫ ਵਿਦਿਆਰਥੀਆਂ ਦੀ ਮਿਹਨਤ ਤੇ ਸਮਰਪਣ ਦਾ ਪ੍ਰਗਟਾਵਾ ਹਨ ਸਗੋਂ ਅਧਿਆਪਕਾਂ, ਸਕੂਲਾਂ ਤੇ ਸਿੱਖਿਆ ਪ੍ਰਣਾਲੀ ਦੀ ਸਮੁੱਚਤਾ ਨੂੰ ਵੀ ਉਜਾਗਰ ਕਰਦੇ ਹਨ।ਇਹ ਨਤੀਜਾ 2.84 ਲੱਖ ਵਿਦਿਆਰਥੀਆਂ ਲਈ ਮੀਲ ਪੱਥਰ ਸਾਬਿਤ ਹੋਇਆ ਜਿਨ੍ਹਾਂ ਨੇ ਪੰਜਾਬ ਬੋਰਡ ਦੀ ਇਸ ਪ੍ਰੀਖਿਆ 'ਚ ਹਿੱਸਾ ਲਿਆ। ਇਸ ਵਾਰ 91 ਫੀਸਦੀ ਵਿਦਿਆਰਥੀ ਪਾਸ ਹੋਏ ਹਨ। ਪਿਛਲੇ ਸਾਲ ਦੇ ਮੁਕਾਬਲੇ ਨਤੀਜਾ 2 ਫੀਸਦੀ ਘੱਟ ਰਿਹਾ ਹੈ। ਤਿੰਨੋਂ ਟਾਪਰ ਕੁੜੀਆਂ ਨੇ ਸਿੱਧ ਕੀਤਾ ਕਿ ਵਿੱਦਿਆ ਦੇ ਖੇਤਰ 'ਚ ਕੁੜੀਆਂ ਦੀ ਸਰਦਾਰੀ ਇਸ ਸਾਲ ਵੀ ਕਾਇਮ ਹੈ। ਬਰਨਾਲਾ ਦੀ ਹਰਸੀਰਤ ਕੌਰ ਨੇ 500 ਵਿੱਚੋਂ 500 ਅੰਕ ਪ੍ਰਾਪਤ ਕਰ ਕੇ ਟਾਪ ਕੀਤਾ ਹੈ। ਲੜਕੀਆਂ ਨੇ 94 ਫੀਸਦੀ ਦੀ ਪਾਸ ਪ੍ਰਤੀਸਤਤਾ ਹਾਸਲ ਕੀਤੀ ਜਦਕਿ ਲੜਕਿਆਂ ਦੀ ਪਾਸ ਪ੍ਰਤੀਸਤਤਾ 88 ਫੀਸਦੀ ਰਹੀ।ਇਹ ਅੰਕੜੇ ਸੂਬੇ 'ਚ ਲਿੰਗ ਸਮਾਨਤਾ ਤੇ ਮਹਿਲਾ ਸਿੱਖਿਆ ਦੇ ਵਧਦੇ ਪ੍ਰਭਾਵ ਨੂੰ ਦਰਸਾਉਂਦੇ ਹਨ। ਇਹੀ ਨਹੀਂ, 12ਵੀਂ ਜਮਾਤ ਦਾ ਨਤੀਜਾ ਕਿਸੇ ਵੀ ਵਿਦਿਆਰਥੀ ਦੇ ਜੀਵਨ 'ਚ ਇਕ ਅਹਿਮ ਮੋੜ ਹੁੰਦਾ ਹੈ ਕਿਉਂਕਿ ਇਹ ਉਸ ਦੀ ਉੱਚ ਸਿੱਖਿਆ ਦੇ ਮਾਰਗ ਨੂੰ ਨਿਰਧਾਰਤ ਕਰਦਾ ਹੈ। ਬੋਰਡ ਦੇ ਨਤੀਜਿਆਂ 'ਚ ਵਿਦਿਆਰਥੀਆਂ ਦੇ ਵਿਸੇ-ਵਾਰ ਅੰਕ, ਕੁੱਲ ਅੰਕ, ਗ੍ਰੇਡ ਤੇ ਪਾਸ-ਫੇਲ੍ਹ ਸਥਿਤੀ ਸਾਮਲ ਹੁੰਦੀ ਹੈ ਜਿਹੜੀ ਉਨ੍ਹਾਂ ਦੀ ਅਕਾਦਮਿਕ ਪ੍ਰਦਰਸਨ ਦੀ ਪੂਰੀ ਤਸਵੀਰ ਪੇਸ ਕਰਦੀ ਹੈ। ਜਿਹੜੇ ਵਿਦਿਆਰਥੀ ਇਕ ਜਾਂ ਦੋ ਵਿਸ਼ਿਆਂ ਵਿਚ ਪਾਸ ਨਹੀਂ ਹੁੰਦੇ, ਉਹ ਸਪਲੀਮੈਂਟਰੀ ਪ੍ਰੀਖਿਆਵਾਂ 'ਚ ਹਿੱਸਾ ਲੈ ਸਕਦੇ ਹਨ।ਇਸ ਦੇ ਨਾਲ ਹੀ, ਜਿਹੜੇ ਵਿਦਿਆਰਥੀ ਆਪਣੇ ਅੰਕਾਂ ਤੋਂ ਸੰਤੁਸਟ ਨਹੀਂ ਹੁੰਦੇ, ਉਹ ਮੁੜ-ਮੁਲਾਂਕਣ ਜਾਂ ਮੁੜ-ਜਾਂਚ ਪ੍ਰਕਿਰਿਆ ਲਈ ਅਰਜੀ ਦੇ ਸਕਦੇ ਹਨ। ਇਹ ਸਾਰੀਆਂ ਸਹੂਲਤਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਿੱਖਿਆ ਨੂੰ ਜਾਰੀ ਰੱਖਣ ਅਤੇ ਆਪਣੇ ਟੀਚਿਆਂ ਨੂੰ ਹਾਸਲ ਕਰਨ ਦਾ ਮੌਕਾ ਪ੍ਰਦਾਨ ਕਰਦੀਆਂ ਹਨ।ਇਕ ਹੋਰ ਪਹਿਲੂ ਇਹ ਵੀ ਹੈ ਕਿ ਇਹ ਨਤੀਜੇ ਸਿਰਫ ਵਿਦਿਆਰਥੀਆਂ ਤੱਕ ਸੀਮਤ ਨਹੀਂ ਹਨ ਸਗੋਂ ਇਹ ਸਮੁੱਚੇ ਸਮਾਜ ਤੇ ਸਿੱਖਿਆ ਪ੍ਰਣਾਲੀ 'ਤੇ ਵੀ ਡੂੰਘਾ ਪ੍ਰਭਾਵ ਪਾਉਂਦੇ ਹਨ। ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੀ ਪ੍ਰਦਰਸਨ ਸਮੀਖਿਆ ਇਨ੍ਹਾਂ ਨਤੀਜਿਆਂ ਦੇ ਆਧਾਰ 'ਤੇ ਕੀਤੀ ਜਾਂਦੀ ਹੈ।ਇਸ ਦੇ ਨਾਲ ਹੀ, ਜਿਲ੍ਹਾ-ਵਾਰ ਪ੍ਰਦਰਸਨ ਵੀ ਸਰਕਾਰ ਤੇ ਸਿੱਖਿਆ ਵਿਭਾਗ ਲਈ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਅੰਕੜੇ ਸਰਕਾਰ ਨੂੰ ਉਨ੍ਹਾਂ ਖੇਤਰਾਂ ਦੀ ਪਛਾਣ ਕਰਨ 'ਚ ਮਦਦ ਕਰਦੇ ਹਨ ਜਿੱਥੇ ਸਿੱਖਿਆ ਦੇ ਮਿਆਰ ਨੂੰ ਸੁਧਾਰਨ ਲਈ ਹੋਰ ਯਤਨਾਂ ਦੀ ਲੋੜ ਹੈ। ਹਾਲਾਂਕਿ ਸਰਕਾਰ ਨੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਕਾਫੀ ਕੰਮ ਕੀਤਾ ਹੈ ਪਰ ਕੁਝ ਚੁਣੌਤੀਆਂ ਅਜੇ ਵੀ ਮੌਜੂਦ ਹਨ।ਪੇਂਡੂ ਖੇਤਰਾਂ 'ਚ ਸਿੱਖਿਆ ਦੀ ਮਾੜੀ ਗੁਣਵੱਤਾ ਤੇ ਵਸੀਲਿਆਂ ਦੀ ਘਾਟ ਇਕ ਵੱਡੀ ਚੁਣੌਤੀ ਹੈ। ਸਰਕਾਰ ਨੂੰ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਨਵੀਆਂ ਨੀਤੀਆਂ ਅਤੇ ਤਕਨੀਕੀ ਸੁਧਾਰਾਂ 'ਤੇ ਧਿਆਨ ਦੇਣ ਦੀ ਲੋੜ ਹੈ। ਸੰਨ 2025 ਦੇ 12ਵੀਂ ਜਮਾਤ ਦੇ ਇਹ ਨਤੀਜੇ ਸਿਰਫ ਅੰਕਾਂ ਦੀ ਸੂਚੀ ਨਹੀਂ ਸਗੋਂ ਵਿਦਿਆਰਥੀਆਂ ਦੇ ਸੁਪਨਿਆਂ, ਉਮੀਦਾਂ ਤੇ ਭਵਿੱਖ ਦੀ ਨੀਂਹ ਹਨ।

# ਨੈਸ਼ਨਲ ਹੈਰਾਲਡ ਕੇਸ ਵਿਚ ਮੀਡੀਆ ਟ੍ਰਾਇਲ

ਨੈਸ਼ਨਲ ਹੈਰਾਲਡ ਕੇਸ ਵਿਚ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵਲੋਂ ਸ੍ਰੀਮਤੀ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਹੋਰਨਾਂ ਖ਼ਿਲਾਫ਼ ਤਥਾਕਥਿਤ ਮਨੀ ਲਾਂਡਰਿੰਗ ਅਤੇ ਜਨਤਕ ਸੰਪਤੀ ਦੀ ਅਪਰਾਧਿਕ ਦੁਰਵਰਤੋਂ ਕਰਨ ਲਈ ਚਾਰਜਸ਼ੀਟ ਦਾਇਰ ਕਰਨ ਤੋਂ ਕਾਂਗਰਸ ਅਤੇ ਇਸ ਦੇ ਹਮਦਰਦਾਂ ਵਲੋਂ ਦੇਸ਼ ਵਿਆਪੀ ਰੋਸ ਮੁਜ਼ਾਹਰੇ ਕੀਤੇ ਗਏ ਹਨ। ਉਹ ਇਸ ਫ਼ੌਜਦਾਰੀ ਕੇਸ ਨੂੰ ਤੱਥਾਂ ਅਤੇ ਕਾਨੂੰਨੀ ਨੁਕਤਾ ਨਿਗਾਹ ਤੋਂ ਹੀਣਾ ਅਤੇ ਬੱਜਰ ਸਿਆਸੀ ਬਦਲਾਖੋਰੀ ਦੇ ਰੂਪ ਵਿਚ ਦੇਖਦੇ ਹਨ। ਮੁੱਖ ਵਿਰੋਧੀ ਪਾਰਟੀ ਵਲੋਂ ਕੀਤੇ ਰੋਸ ਮੁਜ਼ਾਹਰਿਆਂ ਦੀ ਪ੍ਰਤੀਕਿਰਿਆ ਵਜੋਂ ਸੱਤਾਧਾਰੀ ਪਾਰਟੀ ਨੇ ਵੀ ਇਸ ਦੇ ਖ਼ਿਲਾਫ਼ ਮੁਜ਼ਾਹਰੇ ਕੀਤੇ ਹਨ।ਭਾਜਪਾ ਦੀ ਤਰਫ਼ੋਂ ਸਾਬਕਾ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਵਿਸ਼ੇਸ਼ ਪ੍ਰੈੱਸ ਕਾਨਫਰੰਸ ਵਿਚ ਦੋਸ਼ ਲਾਇਆ ਕਿ ਮੁਲਜ਼ਮਾਂ ਨੇ ਧੋਖਾਧੜੀ ਰਾਹੀਂ ਜਨਤਕ ਸੰਪਤੀ ਦੀ ਦੁਰਵਰਤੋਂ ਕੀਤੀ ਸੀ ਅਤੇ ਹੁਣ ਉਹ ਈਡੀ ਨੂੰ ਡਰਾਉਣਾ ਚਾਹੁੰਦੇ ਹਨ। ਸਾਬਕਾ ਮੰਤਰੀ ਨੇ ਚੋਣਵੇਂ ਢੰਗ ਨਾਲ ਲੀਕ ਕੀਤੇ ਕੁਝ ਵੇਰਵਿਆਂ ਦੇ ਲਿਹਾਜ਼ ਨਾਲ ਇਸਤਗਾਸਾ ਦੇ ਕੇਸ ਦੀ ਵਜਾਹਤ ਕਰਦਿਆਂ ਸਵਾਲ ਪੁੱਛਿਆ: "ਜੇ ਹਜ਼ਾਰਾਂ ਕਰੋੜ ਰੁਪਏ ਦੀ ਜਨਤਕ ਸੰਪਤੀ ਦੀ ਦੁਰਵਰਤੋਂ ਕੀਤੀ ਗਈ ਹੈ ਤਾਂ ਤੁਸੀਂ ਰੋਸ ਕਿਉਂ ਦਿਖਾ ਰਹੇ ਹੋ ਅਤੇ ਇਸ ਨੂੰ ਬਦਲਾਖੋਰੀ ਕਿਉਂ ਕਹਿ ਰਹੇ ਹੋ?" ਰਿਪੋਰਟ ਮੁਤਾਬਿਕ ਭਾਜਪਾ ਬੁਲਾਰੇ ਨੇ ਇਹ ਵੀ ਆਖਿਆ ਕਿ ਕਿਸੇ ਨੂੰ ਵੀ ਲੁੱਟਣ ਦਾ ਲਾਇਸੈਂਸ ਨਹੀਂ ਮਿਲਿਆ ਹੋਇਆ।" ਇਕ ਹੋਰ ਕੈਬਨਿਟ ਮੰਤਰੀ ਨੇ ਜ਼ੋਰ-ਸ਼ੋਰ ਨਾਲ ਆਖਿਆ, "ਇਹ ਧੋਖਾਧੜੀ, ਭ੍ਰਿਸ਼ਟਾਚਾਰ ਅਤੇ ਕਾਲੇ ਧਨ ਦੇ ਕਾਰੋਬਾਰ ਦਾ ਸਿੱਧ ਪੱਧਰਾ ਕੇਸ ਹੈ।" ਸਾਫ਼ ਜ਼ਾਹਿਰ ਹੈ ਕਿ 13 ਅਪ੍ਰੈਲ ਨੂੰ ਚਾਰਜਸ਼ੀਟ ਦਾ ਨੋਟਿਸ ਲੈਣ ਮੌਕੇ ਸੁਣੇ ਜਾਣ ਦੇ ਮੌਕਾ ਅਤੇ ਕਿਸੇ ਮੁਕੱਦਮੇ ਤੋਂ ਬਿਨਾਂ ਹੀ ਮੁਲਜ਼ਮਾਂ ਨੂੰ ਮੀਡੀਆ ਰਾਹੀਂ ਭੰਡਿਆ ਗਿਆ ਹੈ। ਕੇਸ ਦੇ ਮੁਕੱਦਮੇ ਦੀ ਸੁਣਵਾਈ ਕਰ ਰਹੇ ਵਿਸ਼ੇਸ਼ ਜੱਜ ਨੇ ਆਖਿਆ ਕਿ 'ਕਾਰਵਾਈ ਦੌਰਾਨ ਕਿਸੇ ਵੀ ਪੜਾਅ 'ਤੇ ਸੁਣੇ ਜਾਣ ਦਾ ਹੱਕ ਵਾਜਿਬ ਮੁਕੱਦਮੇ ਵਿਚ ਜਾਨ ਪਾਉਂਦਾ ਹੈ।' ਇਸ ਲਈ ਮੁਕੱਦਮਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਰਕਾਰ ਦੇ ਬੁਲਾਰਿਆਂ ਦਾ ਇਹ ਨਿਰਣਾ ਕੱਢ ਲੈਣਾ ਕਿ ਮੁਲਜ਼ਮਾਂ ਨੇ ਕਰੋੜਾਂ ਰੁਪਏ ਦੀ ਸੰਪਤੀ ਹਥਿਆ ਲਈ ਸੀ, ਉਦਾਰ ਲੋਕਤੰਤਰ ਅਤੇ ਸੰਵਿਧਾਨਕ ਨਿਆਂ ਦੇ ਪ੍ਰਥਮ ਅਸੂਲਾਂ ਦੀ ਅਵੱਗਿਆ ਬਣਦੀ ਹੈ।ਸਰਕਾਰ ਦੇ ਸੀਨੀਅਰ ਨੁਮਾਇੰਦਿਆਂ ਵਲੋਂ ਫੌਜਦਾਰੀ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਿਆਸੀ ਵਿਰੋਧੀਆਂ ਖਿਲਾਫ਼ ਅਜਿਹੀ ਤੋਹਮਤਬਾਜ਼ੀ ਨਾਲ ਉਨ੍ਹਾਂ ਖਿਲਾਫ਼ ਅਖ਼ਬਾਰਾਂ, ਇਲੈਕਟ੍ਰੌਨਿਕ ਅਤੇ ਸੋਸ਼ਲ ਮੀਡੀਆ 'ਤੇ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਿਸ ਨਾਲ ਕਈ ਪੱਖਾਂ ਤੋਂ ਇਨਸਾਫ਼ ਦੇ ਰਾਹ ਵਿਚ ਰੁਕਾਵਟ ਬਣ ਸਕਦੀ ਹੈ। ਭਾਜਪਾ ਵਲੋਂ ਉਸ ਸਮੇਂ ਜਦੋਂ ਅਜੇ ਮੁਕੱਦਮੇ ਦੀ ਕਾਰਵਾਈ ਸ਼ੁਰੂਆਤੀ ਪੜਾਅ 'ਤੇ ਹੈ, ਵਾਰ-ਵਾਰ ਇਹ ਦਾਅਵਾ ਕਰਨਾ ਕਿ ਮੁਲਜ਼ਮਾਂ ਨੇ ਧੋਖਾਧੜੀ, ਫਰਾਡ, ਦੁਰਵਰਤੋਂ ਅਤੇ ਕਾਲੇ ਧਨ ਨੂੰ ਸਫੇਦ ਬਣਾਉਣ ਦਾ ਕੰਮ ਕੀਤਾ ਹੈ ਤਾਂ ਇਸ ਨਾਲ ਮੁਲਜ਼ਮਾਂ ਪ੍ਰਤੀ ਵੈਰਭਾਵੀ ਜਨਤਕ ਧਾਰਨਾ ਪੈਦਾ ਕਰਨ ਅਤੇ ਜਿਨ੍ਹਾਂ ਵਿਅਕਤੀਆਂ ਨੂੰ ਨਿਆਂਇਕ ਕਾਰਵਾਈ ਦਾ ਜ਼ਿੰਮਾ ਸੌਂਪਿਆ ਗਿਆ ਹੈ, ਉਨ੍ਹਾਂ ਦਾ ਨਿਰਣਾ ਪ੍ਰਭਾਵਿਤ ਹੋ ਸਕਦਾ ਹੈ।ਸ਼ਿਕਾਇਤ ਦੇ ਚੋਣਵੇਂ ਹਿੱਸਿਆਂ 'ਤੇ ਮੀਡੀਆ ਵਿਚ ਵਿਆਪਕ ਚਰਚਾ, ਜਿਨ੍ਹਾਂ ਦਾ ਨਿਆਂਇਕ ਨੋਟਿਸ ਅਜੇ ਲਿਆ ਜਾਣਾ ਹੈ ਤੇ ਜਿਸ ਲਈ ਕੇਸ 13 ਅਪ੍ਰੈਲ ਤੱਕ ਮੁਲਤਵੀ ਕੀਤਾ ਗਿਆ ਹੈ, ਮੁਲਜ਼ਮਾਂ ਨੂੰ ਸੰਭਾਵੀ ਤੌਰ 'ਤੇ ਨੁਕਸਾਨ ਪਹੁੰਚਾ ਸਕਦੀ ਹੈ। ਸਰਵਉੱਚ ਅਦਾਲਤ ਦੇ ਕਈ ਫੈਸਲਿਆਂ 'ਚ ਇਸ ਦੀ ਮਨਾਹੀ ਹੈ (ਸਹਾਰਾ, 2013 ਤੇ ਮਨੂ ਸ਼ਰਮਾ, 2010) ਆਦਿ। ਮਨੂ ਸ਼ਰਮਾ ਕੇਸ ਵਿੱਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ, 'ਇਕ ਮੁਲਜ਼ਮ ਦੀ ਬੇਗੁਨਾਹੀ ਦੀ ਸੰਭਾਵਨਾ ਕਾਨੂੰਨੀ ਧਾਰਨਾ ਹੈ ਅਤੇ ਮੀਡੀਆ ਟ੍ਰਾਇਲ ਦੀ ਪ੍ਰਕਿਰਿਆ ਰਾਹੀਂ ਇਸ ਨੂੰ ਦਹਿਲੀਜ਼ 'ਤੇ ਹੀ ਖ਼ਤਮ ਨਹੀਂ ਕਰ ਦੇਣਾ ਚਾਹੀਦਾ' ਤੇ ਸਹਾਰਾ ਕੇਸ ਵਿਚ ਸੰਵਿਧਾਨਕ ਬੈਂਚ ਨੇ ਫੈਸਲਾ ਸੁਣਾਇਆ ਸੀ ਕਿ 'ਪ੍ਰਤੱਖ ਇਨਸਾਫ਼ ਦੀ ਧਾਰਨਾ ਦਾ ਬੇਗੁਨਾਹੀ ਦੀ ਸੰਭਾਵਨਾ ਨਾਲ ਸੰਤੁਲਨ ਬਣਾਉਣਾ ਜ਼ਰੂਰੀ ਹੈ ਜਿਸ ਨੂੰ ਹੁਣ ਮਨੁੱਖੀ ਅਧਿਕਾਰ ਵਜੋਂ ਮਾਨਤਾ ਹਾਸਲ ਹੈ।'ਕੇਸ ਨਾਲ ਸਬੰਧਿਤ ਮੀਡੀਆ ਗੱਲਬਾਤ 'ਚ ਸੱਤਾਧਾਰੀ ਧਿਰ ਦੇ ਸੀਨੀਅਰ ਮੈਂਬਰਾਂ ਦੇ ਦੂਸ਼ਣਬਾਜ਼ੀ ਵਾਲੇ ਸੁਰ ਤੇ ਰੁਖ਼, ਮੁਲਜ਼ਮਾਂ ਤੋਂ ਨਿਰਪੱਖ ਸੁਣਵਾਈ ਤੇ ਸੰਭਾਵੀ ਬੇਗੁਨਾਹੀ ਸਾਬਿਤ ਕਰਨ ਦਾ ਹੱਕ ਖੋਹ ਰਹੇ ਹਨ। ਇਸ ਨਾਲ ਸਾਖ਼, ਨਿੱਜਤਾ ਤੇ ਮਰਿਆਦਾ ਦੇ ਉਨ੍ਹਾਂ ਦੇ ਬੁਨਿਆਦੀ ਅਧਿਕਾਰ ਵੀ ਪ੍ਰਭਾਵਿਤ ਹੋ ਰਹੇ ਹਨ। ਅਪਰਾਧਿਕ ਕਸੂਰ ਦੀ ਨਿਆਂਇਕ ਪੁਸ਼ਟੀ ਤੋਂ ਬਿਨਾਂ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੂੰ ਨਿੰਦਣ 'ਚ ਸੰਜਮ ਵਰਤਣ ਨਾਲ ਯਕੀਨੀ ਬਣੇਗਾ ਕਿ ਸਿਆਸੀ ਧਿਰਾਂ, ਜੋ ਜਮਹੂਰੀਅਤ ਦੀ ਜੀਵਨ ਰੇਖਾ ਵੀ ਹਨ, ਤੇ ਉਨ੍ਹਾਂ ਦੇ ਨੇਤਾ ਕਾਨੂੰਨ ਅਨੁਸਾਰ ਸੁਣਵਾਈ ਤੋਂ ਬਿਨਾਂ ਹੀ ਬਦਨਾਮ ਨਾ ਹੋਣ (ਧਾਰਾ 21)। ਇਸ ਨਾਲ ਸਾਰੀਆਂ ਰਾਜਨੀਤਕ ਧਿਰਾਂ ਦਾ ਸੱਤਾਧਾਰੀਆਂ ਦੀ ਬਦਲਾਖੋਰੀ ਵਾਲੀ ਬਿਰਤੀ ਤੋਂ ਬਚਾਅ ਹੋਵੇਗਾ ਤੇ ਲੋਕਤੰਤਰੀ ਵਚਨਬੱਧਤਾ ਦਾ ਮਿਆਰ ਉੱਚਾ ਹੋਵੇਗਾ।ਇਸ ਤੋਂ ਪਹਿਲਾਂ ਕਿ ਸਾਡਾ ਲੋਕਤੰਤਰ ਅੰਦਰੋ-ਅੰਦਰੀ ਬੇਕਾਰ ਤੇ ਕਮਜ਼ੋਰ ਹੋਵੇ ਅਤੇ ਰਾਸ਼ਟਰ ਦੇ ਮੂਲ ਆਦਰਸ਼ ਕੁਮਲਾਉਣ, ਨੈਸ਼ਨਲ ਹੈਰਾਲਡ ਕੇਸ ਹਰੇਕ ਨੂੰ ਬਰਾਬਰ ਇਨਸਾਫ਼ ਦੇਣ ਦੇ ਆਦਰਸ਼ ਪ੍ਰਤੀ ਸਾਡੀ ਵਚਨਬੱਧਤਾ ਦੀ ਪਰਖ਼ ਬਣਨਾ ਚਾਹੀਦਾ ਹੈ। ਇਹ ਕੇਸ ਪ੍ਰਕਿਰਿਆਤਮਕ ਇਨਸਾਫ਼ ਦੀ ਪਵਿੱਤਰਤਾ, ਨਿਆਂਇਕ ਪ੍ਰਕਿਰਿਆ ਦੀ ਅਖੰਡਤਾ ਤੇ ਨਿਰਪੱਖ ਸੁਣਵਾਈ ਰਾਹੀਂ ਸੰਵਿਧਾਨਕ ਵਾਅਦੇ ਦੀ ਪਰਖ਼ ਸਾਬਿਤ ਹੋਵੇਗਾ ਅਤੇ ਇਲਜ਼ਾਮਾਂ ਦੁਬਾਰਾ ਚੱਲਦੀ ਮੁਕੱਦਮੇਬਾਜ਼ੀ ਖਿਲਾਫ਼ ਜਾਵੇਗਾ। ਜਿਸ ਤਰ੍ਹਾਂ ਜਸਟਿਸ ਡੀਵਾਈ ਚੰਦਰਚੂੜ ਨੇ ਸਾਨੂੰ ਭੀਮਾ-ਕੋਰੇਗਾਓਂ ਕੇਸ ਵਿਚ ਆਪਣੀ ਭਾਵਪੂਰਨ ਅਸਹਿਮਤੀ ਵਿਚ ਚੇਤੇ ਕਰਾਇਆ ਸੀ ਕਿ ਮੀਡੀਆ ਅਜ਼ਮਾਇਸ਼ਾਂ ਅਸਲ ਵਿਚ, ਖਾਸ ਤੌਰ 'ਤੇ ਅਪਰਾਧਿਕ ਕੇਸਾਂ 'ਚ ਵਿਅਕਤੀ ਦੀ ਸਵਾਧੀਨਤਾ ਤੇ ਆਜ਼ਾਦੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ। ਨੈਸ਼ਨਲ ਹੈਰਾਲਡ ਕੇਸ ਬੁਨਿਆਦੀ ਮਹੱਤਵ ਦੇ ਕਈ ਸਵਾਲ ਚੁੱਕਦਾ ਹੈ। ਅਜਿਹੇ ਦੌਰ ਵਿਚ ਜਿੱਥੇ 'ਗੱਪਸ਼ੱਪ ਹੀ ਸਚਾਈ ਦਾ ਸਿਧਾਂਤ ਬਣ ਚੁੱਕੀ ਹੈ', ਕੀ ਇਹ ਜ਼ਰੂਰੀ ਹੈ ਕਿ ਮੁਲਜ਼ਮ ਦਾ ਨਿਆਂਇਕ ਤੌਰ 'ਤੇ ਕਸੂਰ ਲੱਭਣ ਤੋਂ ਪਹਿਲਾਂ ਹੀ ਉਸ ਨੂੰ ਲੋਕਾਂ 'ਚ ਨਿੰਦਿਆ ਜਾਵੇ? ਕੀ ਕਿਸੇ ਦਾ ਅਪਰਾਧਿਕ ਗੁਨਾਹ ਸਾਬਿਤ ਹੋਏ ਬਿਨਾਂ ਮੀਡੀਆ 'ਚ ਉਸ ਬਾਰੇ ਬੇਲਗਾਮ ਜਨਤਕ ਚਰਚਾ ਦੀ ਇਜਾਜ਼ਤ ਹੋਣੀ ਚਾਹੀਦੀ ਹੈ? ਇਹ ਇਨਸਾਫ਼ ਤੇ ਮਰਿਆਦਾ ਦੀ ਭਾਵਨਾ ਦੇ ਉਲਟ ਹੈ। ਕੀ ਧਾਰਨਾ ਦੇ ਸਿਆਸੀ ਯੁੱਧ ਜਿੱਤਣ ਲਈ ਅਪਰਾਧਿਕ ਮੁਕੱਦਮਿਆਂ 'ਚ ਸਚਾਈ ਲੱਭਣ ਵਾਲੀ ਢੁੱਕਵੀਂ ਕਾਨੂੰਨੀ ਕਾਰਵਾਈ ਦੇ ਆਦਰਸ਼ਾਂ ਨਾਲ ਸਮਝੌਤਾ ਕਰ ਲੈਣਾ ਚਾਹੀਦਾ ਹੈ, ਰਾਜਨੀਤਕ ਸਹੂਲਤ ਤੇ ਸੰਵਿਧਾਨਕ ਸਿਧਾਂਤਾਂ ਵਿਚਾਲੇ ਲੈਣ-ਦੇਣ ਕਰ ਕੇ? ਉਨ੍ਹਾਂ ਮੁਲਜ਼ਮਾਂ ਲਈ ਕੀ ਉਪਾਅ ਹੈ, ਜੇ ਕੋਈ ਹੈ ਵੀ ਤਾਂ, ਜਿਹੜੇ ਸਜ਼ਾ ਮਿਲਣ ਤੋਂ ਪਹਿਲਾਂ ਹੀ ਸਾਡੇ ਅਪਰਾਧਿਕ ਨਿਆਂ ਢਾਂਚੇ ਦੀਆਂ ਦਮਨਕਾਰੀ ਨੀਤੀਆਂ ਤੇ ਸਦੀਵੀ ਮੁਕੱਦਮਿਆਂ ਦਾ ਸ਼ਿਕਾਰ ਬਣਦੇ ਹਨ।ਇਹ ਸਵਾਲ ਦੇਸ਼ ਦੀ ਜ਼ਮੀਰ 'ਚ ਬਿਲਕੁਲ ਜਿਊਂਦੇ ਰਹਿਣੇ ਚਾਹੀਦੇ ਹਨ ਅਤੇ ਤਾਕਤ ਦੀ ਵਰਤੋਂ ਕਰਦਿਆਂ ਸਭਿਅਕ ਬਣੇ ਰਹਿਣ ਲਈ ਪ੍ਰੇਰਨਾ ਦੇ ਤੌਰ 'ਤੇ ਸਾਹਮਣੇ ਆਉਣੇ ਚਾਹੀਦੇ ਹਨ। ਕੇਵਲ ਤਾਂ ਹੀ ਅਸੀਂ ਨਿਰਪੱਖ ਸਮਾਜ ਦਾ ਸੰਵਿਧਾਨਕ ਵਾਅਦਾ ਪੂਰਾ ਕਰ ਸਕਾਂਗੇ, ਜਿਸ ਵਿੱਚ ਇਨਸਾਫ਼ ਸੱਤਾਧਾਰੀਆਂ ਦਾ ਗ਼ੁਲਾਮ ਨਹੀਂ ਹੈ। ਲੋਕਤੰਤਰੀ ਤੌਰ-ਤਰੀਕੇ ਦਾ ਵੱਖਰਾ ਗੁਣ ਹੈ ਕਿ ਇਹ ਸੱਤਾ ਨੂੰ ਨਿਰਪੱਖਤਾ ਤੇ ਨਿਆਂ ਦੀ ਸਮਾਜਿਕ ਭਾਵਨਾ ਦੇ ਅਧੀਨ ਰੱਖਦਾ ਹੈ। ਕਾਨੂੰਨੀ ਪ੍ਰਕਿਰਿਆਵਾਂ ਦੀ ਸ਼ੁੱਧਤਾ ਵੀ ਇਸੇ ਤਰ੍ਹਾਂ ਇਹ ਯਕੀਨੀ ਬਣਾਉਣ 'ਚ ਹੈ ਕਿ ਕਾਨੂੰਨ ਦੀ ਕਠੋਰਤਾ ਇਨਸਾਫ਼ ਦੀ ਮੌਤ ਦੀ ਵਜ੍ਹਾ ਨਾ ਬਣੇ। ਘਟਨਾਵਾਂ ਭਵਿੱਖ ਨੂੰ ਆਕਾਰ ਦਿੰਦੀਆਂ ਤੇ ਪਰਿਭਾਸ਼ਤ ਕਰਦੀਆਂ ਹਨ, ਉਮੀਦ ਹੈ ਕਿ ਨੈਸ਼ਨਲ ਹੈਰਾਲਡ ਕੇਸ ਕਾਨੂੰਨ ਦੇ ਰਾਜ ਪ੍ਰਤੀ ਰਾਸ਼ਟਰ ਦੀ ਵਚਨਬੱਧਤਾ ਦੀ ਪੁਸ਼ਟੀ ਦਾ ਮੌਕਾ ਬਣੇਗਾ ਤੇ ਪੱਖਪਾਤੀ ਰਾਜਨੀਤੀ ਦੀਆਂ ਸੀਮਾਵਾਂ ਤੈਅ ਕਰੇਗਾ।

-ਅਸ਼ਵਨੀ ਕੁਮਾਰ

# ਅਕਲੀਆ 'ਚ ਨਹਿਰੀ ਜਲ ਸਪਲਾਈ ਸਕੀਮ ਦਾ ਨੀਂਹ ਪੱਥਰ

## ਲੋਕਾਂ ਨੂੰ ਮਿਲੇਗਾ ਸ਼ੁੱਧ ਪਾਣੀ; ਅਧੂਰੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਸਹਿਯੋਗ ਮੰਗਿਆ



ਜੋਗਾ, 19 ਮਈ (ਪੱਤਰ ਪ੍ਰੇਰਕ)-ਪਿੰਡ ਅਕਲੀਆ 'ਚ ਪੀਣ ਦੇ ਸ਼ੁੱਧ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਨਹਿਰੀ ਜਲ ਸਪਲਾਈ ਸਕੀਮ ਅਧੀਨ ਵਾਟਰ ਵਰਕਸ ਅਕਲੀਆ ਪ੍ਰਾਜੈਕਟ ਦਾ ਨੀਂਹ ਪੱਥਰ ਵਿਧਾਇਕ ਵਿਜੈ ਕੁਮਾਰ ਸਿੰਗਲਾ ਨੇ ਰੱਖਿਆ। ਸ੍ਰੀ ਸਿੰਗਲਾ ਨੇ ਦੱਸਿਆ ਕਿ ਇਹ ਜੋ ਨਹਿਰੀ ਜਲ ਸਪਲਾਈ ਸਕੀਮ ਅਧੀਨ ਵਾਟਰ ਵਰਕਸ ਪ੍ਰਾਜੈਕਟ ਇਲਾਕੇ ਦੇ ਪਿੰਡਾਂ ਦੇ ਹੁਣ ਤੱਕ ਨਹਿਰੀ ਜਲ ਸਪਲਈ ਸਕੀਮ ਵਾਟਰ ਵਰਕਸ 'ਚੋਂ ਸਭ ਤੋਂ ਵੱਡਾ ਪ੍ਰਾਜੈਕਟ ਹੈ ਜੋ ਪਿੰਡ ਅਕਲੀਆ ਦੀ ਚਾਰ ਏਕੜ ਜ਼ਮੀਨ ਵਿੱਚ ਬਣੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਿੰਡਾਂ ਵਿੱਚ ਨਸ਼ਾ ਮੁਕਤੀ ਯਾਤਰਾ ਵਿੱਚ ਸ਼ਾਮਲ ਹੋਣ ਤਾਂ ਕਿ ਪੰਜਾਬ ਨੂੰ ਨਸ਼ੇ ਦੀ ਭੈੜੀ ਬਿਮਾਰੀ ਤੋਂ ਮੁਕਤੀ ਦਿਵਾਈ ਜਾਵੇ। ਉਨ੍ਹਾਂ ਸ਼ਹਿਰਾਂ ਅਤੇ ਪਿੰਡਾਂ ਦੇ ਸਾਂਝੇ ਚਿਰਾਂ ਤੋਂ ਲਟਕ ਰਹੇ ਕਾਰਜਾਂ ਨੂੰ ਮੁਕੰਮਲ ਕਰਨ ਲਈ ਸਾਰੇ ਵਰਗਾਂ ਦੇ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ। ਜਸਵੀਰ ਸਿੰਘ ਉਰਫ ਕਾਕਾ ਸਰਪੰਚ ਅਕਲੀਆ ਵੱਲੋਂ ਸਾਰੇ ਮਹਿਮਾਨਾਂ ਅਤੇ ਲੋਕਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਵਿਸ਼ਾਲ ਵਿਰਲਾ, ਸਮਿਤ ਕੁਮਾਰ ਦੋਵੇ ਐੱਸਡੀਓ ਮਾਨਸਾ, ਰੁਪਿੰਦਰ ਕੁਮਾਰ ਜੂਨੀਅਰ ਇੰਜਨੀਅਰ, ਗੁਰਸੇਵਕ ਸਿੰਘ ਸੇਵੀ, ਚੰਦ ਸਿੰਘ ਬਹਾਲੇਕਾ, ਜਸਵੀਰ ਸਿੰਘ ਬੱਗੂਕਾ ਤੇ ਭਿੰਦਰ ਪੰਡਿਤ ਅਕਲੀਆ ਹਾਜ਼ਰ ਸਨ।

### ਮਿਲਾਵਟੀ ਪੈਟਰੋਲ ਡੀਜ਼ਲ ਸਣੇ ਚਾਰ ਕਾਬੂ

ਸੁਨਾਮ ਊਧਮ ਸਿੰਘ ਵਾਲਾ, 19 ਮਈ (ਪੱਤਰ ਪ੍ਰੇਰਕ)-ਛਾਜਲੀ ਪੁਲੀਸ ਨੇ ਚਾਰ ਵਿਅਕਤੀਆਂ ਨੂੰ ਮਿਲਾਵਟੀ ਡੀਜ਼ਲ ਪੈਟਰੋਲ ਸਣੇ ਗ੍ਰਿਫ਼ਤਾਰ ਕੀਤਾ ਹੈ। ਥਾਣਾ ਛਾਜਲੀ ਮੁਖੀ ਗੁਰਮੀਤ ਸਿੰਘ ਨੇ ਦੱਸਿਆ ਕਿ ਮਰਦ ਖੇੜਾ ਵਿੱਚ ਇਕ ਕਿਰਾਏ ਦੇ ਮਕਾਨ 'ਚ ਚਾਰ ਵਿਅਕਤੀ ਮਿਲਾਵਟੀ ਪੈਟਰੋਲ-ਡੀਜ਼ਲ ਦਾ ਕਾਰੋਬਾਰ ਕਰਦੇ ਸੀ। ਪੁਲੀਸ ਨੇ ਮੁਲਜ਼ਮਾਂ ਨੂੰ 31 ਡਰੰਮ ਡੀਜ਼ਲ, ਪੈਟਰੋਲ ਅਤੇ ਥਿਨਰ ਸਣੇ ਕਾਬੂ ਕੀਤਾ ਹੈ। ਮੁਲਜ਼ਮ ਟਰੱਕ ਡਰਾਈਵਰਾਂ ਤੋਂ ਸਸਤੇ ਰੇਟ ਤੇ ਡੀਜ਼ਲ ਪੈਟਰੋਲ ਖਰੀਦਦੇ ਸਨ ਅਤੇ ਉਸ ਵਿਚ ਮਿਲਾਵਟ ਕਰਕੇ ਮਹਿੰਗੇ ਭਾਅ ਵੇਚਦੇ ਸਨ। ਪੁਲੀਸ ਵੱਲੋਂ ਮੁਲਜ਼ਮ ਨਵਦੀਪ ਸਿੰਘ ਵਾਸੀ ਘੋੜੇਨਬ, ਬਾਵਾ ਸਿੰਘ ਵਾਸੀ ਲਹਿਰ ਕਲਾਂ, ਰਣਜੀਤ ਸਿੰਘ ਵਾਸੀ ਅਲੀਪੁਰ ਥਾਣਾ ਸ਼ੇਰਪੁਰ ਅਤੇ ਗੁਰਪ੍ਰੀਤ ਸਿੰਘ ਵਾਸੀ ਚੀਮਾ ਨੂੰ ਗ੍ਰਿਫਤਾਰ ਕਰਕੇ ਕੇਸ ਦਰਜ ਕਰਨ ਉਪਰੰਤ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਕਾਰ ਉਸਾਰੀ ਅਧੀਨ ਪੁਲੀ ਨਾਲ ਟਕਰਾਈ; ਇਕ ਦੀ ਮੌਤ ਦੂਜਾ ਜ਼ਖ਼ਮੀ

## ਪਰਿਵਾਰ ਨੇ ਨਿਹਾਲ ਸਿੰਘ ਵਾਲਾ-ਬਾਘਾਪੁਰਾਣਾ ਰੋਡ 'ਤੇ ਲਾਇਆ ਧਰਨਾ

ਨਿਹਾਲ ਸਿੰਘ ਵਾਲਾ, 19 ਮਈ (ਪੱਤਰ ਪ੍ਰੇਰਕ)-ਇਥੇ ਬਾਘਾਪੁਰਾਣਾ ਰੋਡ 'ਤੇ ਪਿੰਡ ਖੋਟੇ ਵਿਚ ਉਸਾਰੀ ਅਧੀਨ ਸੜਕ ਉਪਰ ਬਣ ਰਹੀ ਪੁਲੀ ਨਾਲ ਕਾਰ ਟਕਰਾਉਣ ਕਰਕੇ ਪਿੰਡ ਰੌਂਤਾ ਦੇ ਕਬੱਡੀ ਖਿਡਾਰੀ ਸੁਰਜੀਤ ਸਿੰਘ (37) ਪੁੱਤਰ ਬਹਾਦਰ ਸਿੰਘ ਦੀ ਮੌਤ ਹੋ ਗਈ ਅਤੇ ਉਸ ਦੇ ਤਾਏ ਦਾ ਪੁੱਤਰ ਸੁਰਜੀਤ ਸੀਤੀ ਗੰਭੀਰ ਜ਼ਖ਼ਮੀ ਹੋ ਗਿਆ। ਬੀਤੀ ਰਾਤ ਸਾਢੇ ਨੌਂ ਵਜੇ ਸੁਰਜੀਤ ਸਿੰਘ ਤੇ ਸੁਰਜੀਤ ਸੀਤੀ ਸਵਿਫਟ ਕਾਰ ਰਾਹੀਂ ਆਪਣੇ ਪਿੰਡ ਨੂੰ ਆ ਰਹੇ ਸਨ ਕਿ ਬਾਘਾਪੁਰਾਣਾ ਨਿਹਾਲ ਸਿੰਘ ਵਾਲਾ ਸੜਕ ਉੱਤੇ ਪਿੰਡ ਖੋਟੇ 'ਚ ਉਸਾਰੀ ਅਧੀਨ ਸੜਕ 'ਤੇ ਬਣ ਰਹੀ ਪੁਲੀ ਨਾਲ ਕਾਰ ਟਕਰਾਉਣ ਕਾਰਨ ਦੋਵੇਂ ਗੰਭੀਰ ਜ਼ਖ਼ਮੀ ਹੋ ਗਏ। ਪਿੰਡ ਖੋਟੇ ਵਾਸੀਆਂ ਨੇ ਉਨ੍ਹਾਂ ਨੂੰ ਤੁਰੰਤ ਸਿਵਲ ਹਸਪਤਾਲ ਨਿਹਾਲ ਸਿੰਘ ਵਾਲਾ ਭਰਤੀ ਕਰਵਾਇਆ। ਹਸਪਤਾਲ ਨੇ ਜ਼ਖ਼ਮੀਆਂ ਨੂੰ ਮੋਗਾ ਰੈਫਰ ਕਰ ਦਿੱਤਾ ਪ੍ਰੰਤੂ ਮੋਗਾ ਲਿਜਾਣ ਲਈ ਕੋਈ ਐਂਬੂਲੈਂਸ ਨਾ ਭੇਜਣ 'ਤੇ ਜ਼ਖ਼ਮੀਆਂ ਨੂੰ ਦੀਪ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਸੁਰਜੀਤ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ। ਉਹ ਨਾਮੀ ਕਬੱਡੀ ਖਿਡਾਰੀ ਸੀ। ਉਸ ਦਾ ਨੌਂ ਮਹੀਨੇ ਪਹਿਲਾਂ ਹੀ ਵਿਆਹ ਹੋਇਆ ਸੀ। ਐਡਵੋਕੇਟ ਸੰਦੀਪ ਅਰੋੜਾ ਤੇ ਪਿੰਡ ਵਾਸੀਆਂ ਨੇ ਦੱਸਿਆ ਕਿ ਸੜਕ



ਵਿਭਾਗ ਦੇ ਠੇਕੇਦਾਰਾਂ ਵੱਲੋਂ ਪੁਲੀ ਬਣਾਉਣ ਲਈ ਕੋਈ ਸਾਈਨ ਬੋਰਡ ਨਾ ਲਗਾਉਣ ਕਰਕੇ ਹੱਸਦਾ ਵੱਸਦਾ ਘਰ ਉੱਜੜ ਗਿਆ। ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਦੇ ਮੁਲਾਜ਼ਮਾਂ ਵੱਲੋਂ ਐਂਬੂਲੈਂਸ ਨਾ ਭੇਜਣ ਕਾਰਨ ਇਲਾਜ ਵਿਚ ਹੋਈ ਦੇਰੀ ਵੀ ਮੌਤ ਦਾ ਕਾਰਨ ਬਣੀ ਹੈ। ਪਿੰਡ ਰੌਂਤਾ ਅਤੇ ਖੋਟੇ ਵਾਸੀਆਂ ਨੇ ਸੜਕ ਵਿਭਾਗ ਤੇ ਠੇਕੇਦਾਰਾਂ ਦੀ ਅਣਗਹਿਲੀ ਖਿਲਾਫ਼ ਸੜਕ 'ਤੇ ਰੋਸ ਧਰਨਾ ਲਗਾ ਕੇ ਇਨਸਾਫ਼ ਦੀ ਮੰਗ ਕੀਤੀ ਹੈ। ਖ਼ਬਰ ਲਿਖੇ ਜਾਣ ਤੱਕ ਅਤਿ ਦੀ ਗਰਮੀ ਵਿੱਚ ਵੀ ਧਰਨਾ ਜਾਰੀ ਸੀ।

# ਵਿਧਾਇਕ ਗੱਜਣਮਾਜਰਾ ਵੱਲੋਂ ਪੰਜ ਸਕੂਲਾਂ 'ਚ ਉਦਘਾਟਨ



ਮਾਲੇਰਕੋਟਲਾ, 19 ਮਈ (ਪੱਤਰ ਪ੍ਰੇਰਕ)-ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਨੇ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਜ਼ਿਲ੍ਹੇ ਦੇ ਪੰਜ ਹੋਰ ਸਰਕਾਰੀ ਸਕੂਲਾਂ ਵਿੱਚ ਕਰੀਬ 53 ਲੱਖ 31 ਹਜ਼ਾਰ ਦੀ ਲਾਗਤ ਵਾਲੇ ਵਿਕਾਸ ਕਾਰਜ ਸਮਰਪਿਤ ਕੀਤੇ ਗਏ। ਇਨ੍ਹਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਕਰੀਬ 31 ਲੱਖ 23 ਹਜ਼ਾਰ ਰੁਪਏ ਅਤੇ ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਕਰੀਬ 22 ਲੱਖ 7 ਹਜ਼ਾਰ ਰੁਪਏ ਦੇ ਵਿਕਾਸ ਕੰਮ ਸ਼ਾਮਲ ਹਨ। ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਵੱਲੋਂ ਸਰਕਾਰੀ ਮਿਡਲ ਸਕੂਲ ਬਾਦਸ਼ਾਹਪੁਰ ਵਿਖੇ ਕਰੀਬ 3 ਲੱਖ 98 ਹਜ਼ਾਰ ਦੀ ਲਾਗਤ ਨਾਲ ਚਾਰਦੀਵਾਰੀ, ਸਰਕਾਰੀ ਹਾਈ ਸਕੂਲ ਦੁੱਗਰੀ ਵਿਖੇ ਕਰੀਬ 18 ਲੱਖ 9 ਹਜ਼ਾਰ ਰੁਪਏ ਦੀ ਲਾਗਤ ਨਾਲ ਕਮਰੇ ਦਾ ਨਵੀਨੀਕਰਨ, ਨਵਾਂ ਕਮਰਾ ਅਤੇ ਪਖਾਨੇ ਦਾ ਨਵੀਨੀਕਰਨ, ਸਰਕਾਰੀ ਪ੍ਰਾਇਮਰੀ ਸਕੂਲ ਰਾਣਵਾਂ ਵਿਖੇ ਕਰੀਬ 13 ਲੱਖ 7 ਹਜ਼ਾਰ ਦੀ ਲਾਗਤ ਨਾਲ ਚਾਰਦੀਵਾਰੀ, ਕਮਰੇ ਦੀ ਮੁਰੰਮਤ ਅਤੇ ਨਵਾਂ ਕਮਰਾ, ਸਰਕਾਰੀ ਪ੍ਰਾਇਮਰੀ ਸਕੂਲ ਜਟੂਆਂ ਵਿਖੇ ਕਰੀਬ 13 ਲੱਖ 76 ਹਜ਼ਾਰ ਦੀ ਲਾਗਤ ਨਾਲ ਚਾਰਦੀਵਾਰੀ ਅਤੇ ਨਵਾਂ ਕਮਰਾ, ਸਰਕਾਰੀ ਪ੍ਰਾਇਮਰੀ ਸਕੂਲ ਬਾਦਸ਼ਾਹਪੁਰ ਵਿਖੇ ਕਰੀਬ 4 ਲੱਖ 40 ਹਜ਼ਾਰ ਦੀ ਲਾਗਤ ਨਾਲ ਚਾਰਦੀਵਾਰੀ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਤਿੰਨ ਸਾਲਾਂ ਦੇ ਕਾਰਜਕਾਲ ਵਿੱਚ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆ ਕੇ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰ ਕੇ ਰੱਖ ਦਿੱਤੀ ਹੈ, ਜਿਸ ਕਰਕੇ ਮਾਪਿਆਂ ਦੀ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਦਾਖ਼ਲ ਕਰਵਾਉਣ ਵੱਲ ਦਿਲਚਸਪੀ ਵਧੀ ਹੈ। ਇਸ ਮੌਕੇ ਪ੍ਰਿੰਸੀਪਲ ਨੀਲਮ ਕੁਮਾਰੀ, ਹੈੱਡ ਟੀਚਰ ਨਰਿੰਦਰ ਕੌਰ, ਹੈੱਡ ਟੀਚਰ ਦਵਿੰਦਰ ਸਿੰਘ, ਹੈੱਡ ਟੀਚਰ ਅਸ਼ਹਾਕ ਅਲੀ, ਹੈੱਡਮਾਸਟਰ ਗੁਰਜੰਟ ਸਿੰਘ, ਬੀਐੱਨਓ ਜ਼ਾਹਿਦ ਹਾਜ਼ਰ ਸਨ।

# ਪਾਣੀ ਦੀ ਰਾਖੀ ਲਈ ਹਰ ਕਾਨੂੰਨੀ ਕਦਮ ਚੁੱਕੇਗੀ ਸਰਕਾਰ: ਸੰਧਵਾਂ

## ਕਿਸਾਨਾਂ ਨੂੰ ਫੂਡ ਪ੍ਰਾਸੈਸਿੰਗ ਸਨਅਤ ਵੱਲ ਰੁਖ਼ ਕਰਨ ਦੀ ਅਪੀਲ; ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਨ ਮਨਾਇਆ

ਮੋਗਾ, 19 ਮਈ (ਪੱਤਰ ਪ੍ਰੇਰਕ)-ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਹਿੱਸੇ ਵਿੱਚੋਂ ਹਰਿਆਣਾ ਨੂੰ ਇਕ ਬੂੰਦ ਵੀ ਵਾਧੂ ਪਾਣੀ ਨਹੀਂ ਦੇਵੇਗੀ ਅਤੇ ਆਪਣੇ ਬਣਦੇ ਹਿੱਸੇ ਦੇ ਪਾਣੀ ਦੀ ਰਾਖੀ ਲਈ ਹਰ ਕਾਨੂੰਨੀ ਤੇ ਸੰਵਿਧਾਨਕ ਕਦਮ ਚੁੱਕੇਗੀ। ਸ੍ਰੀ ਸੰਧਵਾਂ ਇਥੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਮੌਕੇ ਰੱਖੇ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨ ਪੁੱਜੇ ਸਨ। ਉਨ੍ਹਾਂ ਕਿਹਾ ਕਿ ਬੀਬੀਐੱਮਬੀ ਦਾ ਗਠਨ ਅਸਲ ਵਿੱਚ ਸਤਲੁਜ ਤੇ ਬਿਆਸ ਦੇ ਪਾਣੀਆਂ ਦੇ ਪ੍ਰਬੰਧਨ ਲਈ ਹੋਇਆ ਸੀ। ਇਹ ਦੋਵੇਂ ਦਰਿਆ ਪੰਜਾਬ ਵਿੱਚ ਵਹਿੰਦੇ ਹਨ ਜਿਸ ਕਰਕੇ ਇਨ੍ਹਾਂ ਪਾਣੀਆਂ 'ਤੇ ਪੂਰੀ ਤਰ੍ਹਾਂ ਪੰਜਾਬ ਦਾ ਹੱਕ ਹੈ। ਹਰਿਆਣਾ ਜਾਂ ਰਾਜਸਥਾਨ ਦਾ ਇਨ੍ਹਾਂ ਨਦੀਆਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਕਿਸਾਨਾਂ ਨੂੰ ਫੂਡ ਪ੍ਰਾਸੈਸਿੰਗ ਸਨਅਤ ਵਿਕਸਤ ਕਰਨ 'ਤੇ ਜ਼ੋਰ ਦਿੰਦੇ ਕਿਹਾ ਕਿ ਇਹ ਸ਼ਾਇਦ ਸਭ ਤੋਂ ਅਹਿਮ ਖੇਤਰ ਹੈ ਜੋ ਪੰਜਾਬ ਨੂੰ ਬਦਲ



ਸਕਦਾ ਹੈ ਅਤੇ ਕ੍ਰਾਂਤੀ ਲਿਆ ਸਕਦਾ ਹੈ। ਪ੍ਰਾਸੈਸਿੰਗ, ਸਬਜ਼ੀਆਂ, ਫਲਾਂ ਅਤੇ ਅਨਾਜ ਬਰਾਮਦ ਕਰਨ ਤੋਂ ਹੋਣ ਵਾਲਾ ਵਿੱਤੀ ਲਾਭ ਲਾਹੇਵੰਦ ਸਾਬਤ ਹੋ ਸਕਦਾ ਹੈ। ਇਸ ਨੂੰ ਪ੍ਰਫੁੱਲਤ ਕਰਨ ਲਈ ਪੰਜਾਬ ਸਰਕਾਰ ਦੀਆਂ ਅਨੇਕਾਂ ਸਕੀਮਾਂ ਚੱਲ ਰਹੀਆਂ ਹਨ। ਖੇਤੀਬਾੜੀ ਨੂੰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਉੱਦਮੀਆਂ ਨੂੰ ਵੀ ਉਤਸ਼ਾਹਿਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਧਰਤੀ ਹੇਠਲੇ ਪਾਣੀ ਦੀ ਸਥਿਤੀ ਬਹੁਤ ਨਾਜ਼ੁਕ ਹੈ। ਸੂਬਾ ਸਰਕਾਰ ਨੇ ਬੰਦ ਪਈਆਂ ਨਹਿਰਾਂ, ਕੱਸੀਆਂ, ਨਾਲਿਆਂ ਨੂੰ ਮੁੜ ਸੁਰਜੀਤ ਕਰਨ ਲਈ 4 ਹਜ਼ਾਰ ਕਰੋੜ ਖਰਚ ਕੀਤੇ ਹਨ। ਅੱਜ ਪੰਜਾਬ ਦੇ ਲਗਪਗ 60 ਫ਼ੀਸਦ ਖੇਤਾਂ ਤੱਕ ਨਹਿਰੀ ਪਾਣੀ ਪਹੁੰਚ ਰਿਹਾ ਹੈ, ਇਸੇ ਲਈ ਹੁਣ ਪੰਜਾਬ ਦੇ ਪਾਣੀ ਦੀ ਇਕ-ਇਕ ਬੂੰਦ ਪੰਜਾਬ ਲਈ ਬਹੁਤ ਕੀਮਤੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਹੁਣ ਆਪਣੇ ਹਿੱਸੇ ਦਾ ਪਾਣੀ ਕਿਸੇ ਹੋਰ ਸੂਬੇ ਨੂੰ ਦੇਣ ਲਈ ਨਹੀਂ ਹੈ। ਵਿਸ਼ਵਕਰਮਾ ਭਵਨ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ 302ਵੇਂ ਜਨਮ ਦਿਹਾੜੇ ਮੌਕੇ ਸੰਗਤਾਂ ਨੂੰ ਵਧਾਈ ਦਿੰਦੇ ਉਨ੍ਹਾਂ ਦੀ ਦੇਸ਼ ਭਗਤੀ, ਨਿਰਭੈਅਤਾ, ਸੂਰਬੀਰਤਾ ਅਤੇ ਕੁਰਬਾਨੀ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਰਬਾਬ ਤੋਂ ਸ਼ੁਰੂ ਹੋ ਕੇ ਰਣਜੀਤ ਨਗਾੜੇ ਤੱਕ ਦੇ ਇਤਿਹਾਸ ਵਿੱਚ ਉਨ੍ਹਾਂ ਦੀ ਘਾਲਣਾ ਬਹੁਤ ਵੱਡਾ ਮੀਲ ਪੱਥਰ ਹੈ। ਇਸ ਮੌਕੇ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ, ਚੇਅਰਮੈਨ ਮਲਕੀਤ ਸਿੰਘ ਥਿੰਦ, ਬਲਜੀਤ ਸਿੰਘ ਚਾਨੀ ਮੇਅਰ ਨਗਰ ਨਿਗਮ, ਸਾਬਕਾ ਵਿਧਾਇਕ ਡਾ. ਹਰਜੋਤ ਕਮਲ, ਸਾਬਕਾ ਡੀਪੀਆਰਓ ਗਿਆਨ ਸਿੰਘ, ਚਰਨਜੀਤ ਸਿੰਘ, ਗੁਰਪ੍ਰੀਤਮ ਸਿੰਘ ਚੀਮਾ ਹਾਜ਼ਰ ਸਨ।

### ਨਸ਼ਾ ਤਸਕਰਾਂ ਕੋਲੋਂ ਹੈਰੋਇਨ ਬਰਾਮਦ

ਸ੍ਰੀ ਮੁਕਤਸਰ ਸਾਹਿਬ, 19 ਮਈ (ਪੱਤਰ ਪ੍ਰੇਰਕ)-ਥਾਣਾ ਬਰੀਵਾਲਾ ਦੇ ਅਧੀਨ ਖੇਤਰ ਵਿੱਚ ਅੰਤਰਰਾਜੀ ਨਸ਼ਾ ਤਸਕਰੀ ਰੈਕੇਟ ਨਾਲ ਸਬੰਧਤ 2 ਮੁਲਜ਼ਮਾਂ ਨੂੰ ਪੁਲੀਸ ਨੇ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ। ਜਾਣਕਾਰੀ ਅਨੁਸਾਰ ਮੁਲਜ਼ਮਾਂ ਕੋਲੋਂ 262 ਗ੍ਰਾਮ ਹੈਰੋਇਨ ਜਬ?ਤ ਕੀਤੀ ਗਈ। ਮੁਲਜ਼ਮਾਂ ਦੀ ਪਛਾਣ ਜਸਪ੍ਰੀਤ ਸਿੰਘ ਜਸ਼ਨ ਪਿੰਨੀ ਵਾਸੀ ਗੋਨਿਆਣਾ ਰੋਡ, ਸ੍ਰੀ ਮੁਕਤਸਰ ਸਾਹਿਬ ਅਤੇ ਪ੍ਰਜਵਲ ਸੇਠੀ ਸ਼ਿਵ ਵਾਸੀ ਹੱਟਾ ਬਦਨ ਸਿੰਘ, ਗਲੀ ਨੰਬਰ 7, ਮੇਨ ਬਾਜ਼ਾਰ, ਮੋਗਾ ਵਜੋਂ ਹੋਈ ਹੈ। ਪੁਲੀਸ ਇਸ ਮਾਮਲੇ ਵਿੱਚ ਹੋਰ ਜਾਂਚ ਕਰ ਰਹੀ ਹੈ, ਤਾਂ ਜੋ ਨਸ਼ੇ ਦੀ ਇਸ ਖੇਪ ਦੇ ਸਰੋਤ ਦੀ ਪਛਾਣ ਕੀਤੀ ਜਾ ਸਕੇ ।

# ਨਸ਼ਾ ਮੁਕਤ ਸਮਾਜ ਸਿਰਜਣ ਲਈ ਲੋਕਾਂ ਦਾ ਸਾਥ ਜ਼ਰੂਰੀ: ਬਲਕਾਰ ਸਿੱਧੂ

ਭਗਤਾ ਭਾਈ, 19 ਮਈ (ਪੱਤਰ ਪ੍ਰੇਰਕ)-ਪੰਜਾਬ ਸਰਕਾਰ ਵੱਲੋਂ



ਨਸ਼ਿਆਂ ਦੇ ਖਾਤਮੇ ਲਈ ਸ਼ੁਰੂ ਕੀਤੀ 'ਨਸ਼ਾ ਮੁਕਤੀ ਯਾਤਰਾ' ਤਹਿਤ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਪਿੰਡ ਗੁੰਮਟੀ ਕਲਾਂ, ਦਿਆਲਪੁਰਾ ਮਿਰਜ਼ਾ ਤੇ ਕੋਠਾ ਗੁਰੂ ਵਿਖੇ ਨਸ਼ਿਆਂ ਦੇ ਖਾਤਮੇ ਲਈ ਬਣਾਈਆਂ ਰੱਖਿਆ ਕਮੇਟੀਆਂ ਨਾਲ ਮੀਟਿੰਗਾਂ ਕੀਤੀਆਂ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤ ਸਮਾਜ ਸਿਰਜਣ ਲਈ ਲੋਕਾਂ ਦਾ ਸਾਥ ਬਹੁਤ ਜਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਪੇਟ ਤੋਂ ਬਾਹਰ ਕੱਢ ਕੇ ਉਨ੍ਹਾਂ ਦੀ ਯੋਗ ਅਗਵਾਈ ਕਰਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਆਪਣੇ ਵਾਅਦੇ ਮੁਤਾਬਕ ਨਸ਼ਿਆਂ ਖ਼ਿਲਾਫ਼ ਜ਼ੋਰਦਾਰ ਮੁਹਿੰਮ ਚਲਾ ਰਹੀ ਹੈ। ਉਨ੍ਹਾਂ ਕਿਹਾ ਕਿ ਬੀਤੇ ਸਮੇਂ 'ਚ ਜਿਹੜੇ ਲੋਕਾਂ ਨੇ ਨਸ਼ੇ ਵੇਚ ਕੇ ਨਾਜਾਇਜ਼ ਉਸਾਰੀਆਂ ਕੀਤੀਆਂ ਹਨ, ਉਨ੍ਹਾਂ ਨੂੰ ਸਰਕਾਰ ਵੱਲੋਂ ਢਾਹਿਆ ਜਾ ਰਿਹਾ ਹੈ। ਵੱਡੇ ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਹਾਜ਼ਰ ਲੋਕਾਂ ਨੂੰ ਨਸ਼ਾ ਨਾ ਕਰਨ ਦੀ ਸਹੁੰ ਵੀ ਚੁਕਾਈ ਗਈ। ਇਸ ਮੌਕੇ ਪੁਲੀਸ ਤੇ ਸਿਵਲ ਅਧਿਕਾਰੀ, ਰੱਖਿਆ ਕਮੇਟੀਆਂ ਦੇ ਮੈਂਬਰ, ਪੰਚਾਇਤਾਂ ਅਤੇ ਲੋਕ ਹਾਜ਼ਰ ਸਨ।

# ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਸਨਮਾਨ ਸਮਾਰੋਹ

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਟੀਮ ਦਾ ਸਨਮਾਨ; ਪੀੜਤ ਕਿਸਾਨਾਂ ਦੀ ਮਦਦ ਕਰਨ ਲਈ ਧੰਨਵਾਦ

ਜ਼ੀਰਾ, 19 ਮਈ (ਪੱਤਰ ਪ੍ਰੇਰਕ)-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਗੁਰਦੁਆਰਾ ਜਾਹਰਾ ਪੀਰ ਸਨੇਰ ਵਿੱਚ ਸੁਖਦੇਵ ਸਿੰਘ ਸਨੇਰ ਦੀ ਪ੍ਰਧਾਨਗੀ ਹੇਠ ਇੱਕ ਸਨਮਾਨ ਸਮਾਰੋਹ ਰੱਖਿਆ ਗਿਆ। ਇਸ ਦੌਰਾਨ ਪ੍ਰੀਤਮ ਸਿੰਘ ਸੀਨੀਅਰ ਮੀਤ ਪ੍ਰਧਾਨ ਫਿਰੋਜਪੁਰ, ਦਰਸ਼ਨ ਸਿੰਘ ਐਗਜ਼ੈਕਟਿਵ ਮੈਂਬਰ ਤੇ ਗੁਰਚਰਨ ਸਿੰਘ ਨੂਰਪੁਰ ਆਦਿ ਆਗੂਆਂ ਵੱਲੋਂ ਅੱਗ ਤੋਂ ਪ੍ਰਭਾਵਿਤ ਪਿੰਡ ਮਲਸੀਆਂ ਕਲਾਂ, ਬਸਤੀ ਹਾਜੀ ਵਾਲੀ ਅਤੇ ਬਸਤੀ ਗਾਮੇ ਵਾਲੀ ਆਦਿ ਦੇ ਪੀੜਤ ਕਿਸਾਨ ਦੁੱਲਾ ਸਿੰਘ, ਹਰਭਿੰਦਰ ਸਿੰਘ, ਹਰਜੀਤ ਸਿੰਘ, ਮਨਦੀਪ ਸਿੰਘ, ਚਾਨਣ ਸਿੰਘ ਤੇ ਅਮਰਜੀਤ ਸਿੰਘ ਨੂੰ 4 ਲੱਖ 51000 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਅਤੇ ਅੱਗ ਦੀ ਲਪੇਟ 'ਚ ਆ ਕੇ ਜਾਨ ਗੁਆਉਣ ਵਾਲੇ ਨੌਜਵਾਨਾਂ ਅਰਜਨ ਸਿੰਘ ਅਤੇ ਕਰਨਪਾਲ ਸਿੰਘ ਜ਼ੀਰਾ ਦੇ ਪਰਿਵਾਰਾਂ ਨੂੰ 51-51 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦੇ ਚੈੱਕ ਭੇਟ ਕਰਨ ਵਾਲੀ ਡਾ. ਐੱਸਪੀ ਸਿੰਘ ਓਬਰਾਏ ਦੀ ਸਮਾਜ ਸੇਵੀ



ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਟੀਮ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ, ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ, ਜ਼ਿਲ੍ਹਾ ਜਰਨਲ ਸਕੱਤਰ ਪਾਲ ਸਿੰਘ ਅਤੇ ਜ਼ਿਲ੍ਹਾ ਕੈਸ਼ੀਅਰ ਵਿਜੈ ਕੁਮਾਰ ਬਹਿਲ ਤੋਂ ਇਲਾਵਾ ਪ੍ਰਕਿਰਤੀ ਕਲੱਬ ਜ਼ੀਰਾ ਦੇ ਪ੍ਰਧਾਨ ਜਰਨੈਲ ਸਿੰਘ ਭੁੱਲਰ, ਫਾਇਰ ਬ੍ਰਿਗੇਡ ਜ਼ੀਰਾ ਦੇ ਮੁਲਾਜ਼ਮਾਂ ਆਦਿ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ. ਗੁਰਚਰਨ ਸਿੰਘ ਨੂਰਪੁਰ, ਦਰਸ਼ਨ ਸਿੰਘ ਮੀਹਾਂ ਸਿੰਘ ਵਾਲਾ ਅਤੇ ਭਾਈ ਹਰਪਾਲ ਸਿੰਘ ਮਖੂ ਨੇ ਮੁਸੀਬਤ ਵੇਲੇ ਕਿਸਾਨਾਂ ਦੀ ਬਾਂਹ ਫੜਨ ਵਾਲੇ ਸਮਾਜ ਸੇਵੀ ਡਾ. ਓਬਰਾਏ ਦਾ ਧੰਨਵਾਦ ਕੀਤਾ।

### ਅੱਗ ਲੱਗਣ ਦੇ ਮਾਮਲੇ 'ਚ ਫੈਕਟਰੀ ਮਾਲਕ ਖ਼ਿਲਾਫ਼ ਕੇਸ ਦਰਜ

ਧਰਮਕੋਟ, 19 ਮਈ (ਪੱਤਰ ਪ੍ਰੇਰਕ)-ਲੰਘੀ ਦੇਰ ਸ਼ਾਮ ਕੋਟ ਈਸੇ ਖਾਂ ਦੇ ਸੰਘਣੀ ਆਬਾਦੀ ਵਾਲੇ ਮੁਹੱਲੇ 'ਚ ਕੈਮੀਕਲ ਫੈਕਟਰੀ 'ਚ ਅੱਗ ਲੱਗਣ ਦੇ ਮਾਮਲੇ 'ਚ ਪੁਲੀਸ ਨੇ ਫੈਕਟਰੀ ਮਾਲਕ ਬਲਰਾਜ ਧੀਰ ਅਤੇ ਇਮਾਰਤ ਦੇ ਮਾਲਕ ਅਮਰੀਕ ਸਿੰਘ ਵਿਰੁੱਧ ਮੁਕੱਦਮਾ ਦਰਜ ਕੀਤਾ ਹੈ। ਡੀਐੱਸਪੀ ਰਮਨਦੀਪ ਸਿੰਘ ਨੇ ਦੱਸਿਆ ਕਿ ਫੈਕਟਰੀ ਵਿਰੁੱਧ ਨਿਯਮਾਂ ਦੀ ਅਣਦੇਖੀ ਕਰਨ ਅਤੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਖ਼ਤਰੇ ਵਿੱਚ ਪਾਉਣ ਦੇ ਦੋਸ਼ ਹੇਠ ਥਾਣਾ ਕੋਟ ਈਸੇ ਖਾਂ 'ਚ ਮੁਕੱਦਮਾ ਦਰਜ ਕਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲੀਸ ਨੇ ਇਸ ਸਾਰੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਆਰੰਭ ਦਿੱਤੀ ਹੈ। ਥਾਣਾ ਮੁਖੀ ਗੁਰਵਿੰਦਰ ਸਿੰਘ ਭੁੱਲਰ ਸਾਰੇ ਮਾਮਲੇ ਨੂੰ ਦੇਖ ਰਹੇ ਹਨ। ਉਨ੍ਹਾਂ ਦੱਸਿਆ ਕਿ ਜੇ ਕੋਈ ਹੋਰ ਵਿਅਕਤੀ ਵੀ ਇਸ ਵਿੱਚ ਸ਼ਾਮਲ ਪਾਇਆ ਗਿਆ ਤਾਂ ਉਸ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ।

### ਧੂਰੀ ਵਿਕਾਸ ਮੰਚ ਵੱਲੋਂ ਜੋਬਨਪ੍ਰੀਤ ਕੌਰ ਦਾ ਸਨਮਾਨ

ਧੂਰੀ, 19 ਮਈ (ਪੱਤਰ ਪ੍ਰੇਰਕ)-ਧੂਰੀ ਵਿਕਾਸ ਮੰਚ ਧੂਰੀ ਵੱਲੋਂ ਅੱਜ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ ਦੀ ਅਗਵਾਈ ਹੇਠ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰ੍ਹਵੀਂ ਜਮਾਤ ਦੇ ਐਲਾਨੇ ਗਏ ਨਤੀਜਿਆਂ ਵਿੱਚ ਜ਼ਿਲ੍ਹੇ ਭਰ ਵਿੱਚੋਂ ਅੱਵਲ ਆਉਣ ਵਾਲੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਧੂਰੀ ਦੀ ਵਿਦਿਆਰਥਣ ਜੋਬਨਪ੍ਰੀਤ ਕੌਰ ਦਾ ਪ੍ਰਸ਼ੰਸ਼ਾ ਪੱਤਰ, ਯਾਦਗਾਰੀ ਚਿੰਨ੍ਹ ਅਤੇ 2100 ਰੁਪਏ ਨਕਦ ਦੇ ਕੇ ਸਨਮਾਨ ਕੀਤਾ ਗਿਆ। ਸੰਸਥਾ ਦੇ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ, ਸਕੱਤਰ ਜਨਰਲ ਹੰਸ ਰਾਜ ਬਜਾਜ ਨੇ ਜੋਬਨਪ੍ਰੀਤ ਕੌਰ ਨੂੰ ਵਧਾਈ ਦਿੱਤੀ। ਸਕੂਲ ਪ੍ਰਿੰਸੀਪਲ ਅਵਤਾਰ ਸਿੰਘ ਢਢੋਗਲ ਨੇ ਸੰਸਥਾ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਧਾਨ ਅਮਰ ਗਰਗ, ਉੱਪ ਚੇਅਰਮੈਨ ਜਤਿੰਦਰ ਸਿੰਘ ਸੋਨੀ ਮੰਡੇਰ, ਰਾਜੇਸ਼ਵਰ ਚੌਧਰੀ, ਮਨੋਹਰ ਸਿੰਘ ਸੱਗੂ, ਐਡਵੋਕੇਟ ਮਨਿੰਦਰ ਸਿੰਘ ਢੀਂਡਸਾ, ਸੁਰਿੰਦਰਪਾਲ ਸਿੰਘ ਨੀਟਾ, ਮੋਹਿਤ ਜਿੰਦਲ, ਵਰਿੰਦਰਪਾਲ ਸਿੰਘ ਭੁੱਲਰ ਹਾਜ਼ਰ ਸਨ।

# ਦਸਵੀਂ ਤੇ ਬਾਰ੍ਹਵੀਂ ਦੇ ਮੋਹਰੀ ਵਿਦਿਆਰਥੀਆਂ ਦਾ ਸਨਮਾਨ

## ਸਕੂਲ ਪ੍ਰਬੰਧਕਾਂ ਵੱਲੋਂ ਬੱਚਿਆਂ ਤੇ ਮਾਪਿਆਂ ਨੂੰ ਵਧਾਈ

ਮਾਨਸਾ, 19 ਮਈ (ਪੱਤਰ ਪ੍ਰੇਰਕ)-ਪੰਜਾਬ ਸਕੂਲ ਸਿੱਖਿਆ ਬੋਰਡ




ਮੁਹਾਲੀ (ਪੀਸੀਈਬੀ) ਵੱਲੋਂ ਐਲਾਨੇ ਗਏ ਬਾਰ੍ਹਵੀਂ ਜਮਾਤ ਦੇ ਨਤੀਜੇ 'ਚ ਗੁਰੂ ਨਾਨਕ ਕਾਲਜੀਏਟ ਸੈਕੰਡਰੀ ਸਕੂਲ ਬੁਢਲਾਡਾ ਦਾ ਨਤੀਜਾ 100 ਫੀਸਦੀ ਰਿਹਾ ਹੈ। ਪ੍ਰਿੰਸੀਪਲ ਡਾ. ਰੇਖਾ ਕਾਲੜਾ ਨੇ ਕਿਹਾ ਕਿ ਵਿਦਿਆਰਥੀਆਂ ਦੀ ਮਿਹਨਤ, ਲਗਨ ਅਤੇ ਪੜ੍ਹਨ ਰੁਚੀਆਂ ਦਾ ਨਤੀਜਾ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਵਿਦਿਆਰਥੀਆਂ ਦੇ ਨੰਬਰ 90 ਪ੍ਰਤੀਸ਼ਤ ਦੇ ਕਰੀਬ ਆਏ ਹਨ। ਬਾਰ੍ਹਵੀਂ ਆਰਟਸ 'ਚੋਂ ਸੋਮਾ ਸਿੰਘ ਨੇ 92 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਹਰਮਨ ਕੌਰ ਨੇ 91 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਅਤੇ ਪਰਵਾਜਪ੍ਰੀਤ ਕੌਰ ਨੇ 90 ਫ਼ੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਸਾਇੰਸ 'ਚੋਂ ਸਾਗਰ ਨੇ 92, ਦਲਜੀਤ ਸਿੰਘ ਨੇ 89, ਰਵੀ ਸਿੰਘ ਨੇ 88 ਅਤੇ ਜਸ਼ਨਪ੍ਰੀਤ ਸਿੰਘ ਨੇ 88 ਫੀਸਦੀ ਅੰਕ ਪ੍ਰਾਪਤ ਕੀਤੇ। ਕਾਮਰਸ 'ਚੋਂ ਜੋਤੀ ਸ਼ਰਮਾ ਨੇ 93, ਇਸਮੀਤ ਬਾਵਾ ਨੇ 90, ਗੁਰਵੀਰ ਸਿੰਘ ਨੇ 89 ਫੀਸਦੀ ਅੰਕ ਹਾਸਲ ਕੀਤੇ। ਇਨ੍ਹਾਂ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਗਿਆਂ ਅਤੇ ਸਨਮਾਨ ਕੀਤਾ ਗਿਆ। ਇਸੇ ਤਰ੍ਹਾਂ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮਾਨਸਾ ਦਾ ਬਾਰ੍ਹਵੀਂ ਤੇ ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਡਾਇਰੈਕਟਰ ਜੁਗਰਾਜ ਸਿੰਘ ਨੇ ਦੱਸਿਆ ਕਿ ਬਾਰ੍ਹਵੀਂ ਜਮਾਤ 'ਚੋਂ ਕਮਲਦੀਪ ਸਿੰਘ ਨੇ 500 ਚੋਂ 385 ਅੰਕ, ਜਸ਼ਨਦੀਪ ਸਿੰਘ ਨੇ 500 'ਚੋਂ 379 ਅੰਕ ਤੇ ਮਨਪ੍ਰੀਤ ਕੌਰ ਨੇ 500 'ਚੋਂ 369 ਅੰਕ ਪ੍ਰਾਪਤ ਕੀਤਾ। ਇਸੇ ਤਰ੍ਹਾਂ ਦਸਵੀਂ ਜਮਾਤ ਵਿੱਚੋਂ ਖੁਸ਼ਪ੍ਰੀਤ ਨੇ 650 'ਚੋਂ 526, ਖੁਸ਼ਪ੍ਰੀਤ ਕੌਰ ਨੇ 650 'ਚੋਂ 525 ਅੰਕ ਅਤੇ ਅਕਾਸ਼ਦੀਪ ਸਿੰਘ ਤੇ ਪ੍ਰੀਤ ਨੇ 520 ਅੰਕ ਹਾਸਲ ਕੀਤੇ। ਵਿਦਿਆਰਥੀਆਂ ਨੂੰ ਸਕੂਲ ਪ੍ਰਬੰਧਕਾਂ ਵੱਲੋਂ ਇਨ੍ਹਾਂ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਗਿਆ।

# ਹਰਿਆਣਾ ਨਾਲ ਲੱਗਦੀਆਂ ਸਰਹੱਦਾਂ 'ਤੇ ਪੁਲੀਸ ਦੀ ਘੇਰਾਬੰਦੀ

## ਅਪਰੇਸ਼ਨ ਸੀਲ ਤਹਿਤ ਸ਼ੱਕੀ ਵਾਹਨਾਂ ਦੀ ਚੈਕਿੰਗ; ਪੰਜ ਮਸ਼ਕੂਕ ਹਿਰਾਸਤ 'ਚ ਲਏ

ਮਾਨਸਾ, 19 ਮਈ (ਪੱਤਰ ਪ੍ਰੇਰਕ)-ਗੁਆਂਢੀ ਸੂਬੇ ਹਰਿਆਣਾ ਦੀ ਹੱਦ ਵਾਲੇ ਪਾਸਿਓਂ ਆਉਂਦੇਨਸ਼ਿਆਂ ਨੂੰ ਰੋਕਣ ਲਈ ਮਾਨਸਾ ਪੁਲੀਸ ਨੇ ਨਾਕਾਬੰਦੀ ਆਰੰਭ ਕਰ ਦਿੱਤੀ ਹੈ। ਰਾਜ ਵਿੱਚ ਜਦੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਚੱਲ ਰਹੀ ਹੈ ਤਾਂ ਉਸ ਸਮੇਂ ਮਾਨਸਾ ਪੁਲੀਸ ਨੇ ਇਸ ਮੁਹਿੰਮ ਨੂੰ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਦਿੱਲੀ, ਰਾਜਸਥਾਨ ਅਤੇ ਦੇਸ਼ ਦੇ ਹੋਰਨਾਂ ਸੂਬਿਆਂ 'ਚੋਂ ਇਸ ਖੇਤਰ ਵਿੱਚ ਨਸ਼ਾ ਲੈ ਕੇ ਆਉਂਦੇਮਸ਼ਕੂਕਾਂ ਨੂੰ ਪੰਜਾਬ 'ਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਕਾਬੂ ਕਰ ਲਿਆ ਜਾਵੇ। ਮਾਨਸਾ ਦੇ ਸੀਨੀਅਰ ਕਪਤਾਨ ਪੁਲੀਸ ਭਾਗੀਰਥ ਸਿੰਘ ਮੀਨਾ ਨੇ ਦੱਸਿਆ ਕਿ ਪੁਲੀਸ ਵੱਲੋਂ ਮਾਨਸਾ ਅਤੇ ਸਿਰਸਾ (ਹਰਿਆਣਾ) ਵਿਚਕਾਰ ਪਿੰਡ ਝੰਡਾ ਖੁਰਦ, ਸੰਘਾ, ਕਾਹਨੇਵਾਲਾ, ਸੂਰਤੀਆ ਰੋਡ, ਪਿੰਡ ਜੌੜਕੀਆਂ ਵਿੱਚ ਇਹ ਅੰਤਰਰਾਜੀ ਨਾਕਾਬੰਦੀ ਆਰੰਭ ਕੀਤੀ ਗਈ ਹੈ ਜਦੋਂਕਿ ਮਾਨਸਾ ਅਤੇ ਫਤਿਆਬਾਦ (ਹਰਿਆਣਾ) ਵਿਚਕਾਰ ਪਿੰਡ ਆਹਲੂਪੁਰ, ਮੋਡਾ, ਲੱਖੀਵਾਲ ਅਤੇ ਗੋਰਖਨਾਥ ਵਿਚਕਾਰ ਅਜਿਹੀ ਅੰਤਰਰਾਜੀ ਨਾਕੇਬੰਦੀ ਦੌਰਾਨ ਪਹਿਰੇਦਾਰੀ ਕਾਇਮ ਕਰ ਦਿੱਤੀ ਗਈ



ਹੈ। ਐੱਸਐੱਸਪੀ ਨੇ ਦੱਸਿਆ ਕਿ ਮਾਨਸਾ ਪੁਲੀਸ ਨੇ ਜ਼ਿਲ੍ਹੇ ਦੇ ਗੁਆਂਢੀ ਸੂਬੇ ਹਰਿਆਣਾ ਨਾਲ ਲੱਗਦੀਆਂ ਹੱਦਾਂ ਨੂੰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸੀਲ ਕੀਤਾ ਗਿਆ। ਪੁਲੀਸ ਵੱਲੋਂ ਅਪਰੇਸ਼ਨ ਸੀਲ-13 ਥਾਵਾਂ 'ਤੇ ਕੀਤਾ ਗਿਆ ਹੈ, ਜਿਸ ਦੌਰਾਨ ਜ਼ਿਲ੍ਹੇ ਅੰਦਰ ਦਾਖ਼ਲ ਹੋਣ ਵਾਲਿਆਂ ਦੀ ਥਾਵਾਂ 'ਤੇ ਪੁਲੀਸ ਵੱਲੋਂ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 'ਅਪਰੇਸ਼ਨ ਸੀਲ-13' ਤਹਿਤ ਕੀਤੀ ਗਈ ਨਾਕਾਬੰਦੀ ਦੌਰਾਨ 211 ਵਾਹਨਾਂ, 59 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ, ਜਿਨ੍ਹਾਂ 'ਚੋਂ 5 ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਵਿਰੁੱਧ ਐੱਨਡੀਪੀਐੱਸ ਐਕਟ ਅਤੇ ਬੀਐੱਨਐੱਸ ਤਹਿਤ 3 ਮੁਕੱਦਮੇ ਦਰਜ ਕਰਕੇ 3 ਗ੍ਰਾਮ ਹੈਰੋਇਨ, 145 ਕੈਪਸੂਲ ਸਿਗਨੇਚਰ ਦੀ ਬਰਾਮਦਗੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਵਿਅਕਤੀਆਂ ਵਿਰੁੱਧ ਵੱਖ-ਵੱਖ ਥਾਣਿਆਂ 'ਚ ਮੁਕੱਦਮੇ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ ਹੈ। ਉਨ੍ਹਾਂ ਦੱਸਿਆ ਕਿ ਟਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ 25 ਵਾਹਨਾਂ ਦੇ ਟਰੈਫ਼ਿਕ ਚਲਾਨ ਕੀਤੇ ਗਏ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਰੋਕਥਾਮ ਲਈ ਸਮੱਗਲਰਾ ਦੇ ਘਰਾਂ/ਟਿਕਾਣਿਆਂ ਪਰ ਰੇਡਾਂ ਕੀਤੀਆਂ ਜਾ ਰਹੀਆਂ ਹਨ ਅਤੇ ਸ਼ਹਿਰਾਂ/ਪਿੰਡਾਂ ਦੇ ਸਕੂਲ ਵਿੱਚ ਨਸ਼ਿਆਂ ਸਬੰਧੀ ਸੈਮੀਨਰ ਕਰਕੇ ਨੌਜਵਾਨਾਂ/ਬੱਚਿਆ ਨੂੰ ਨਸ਼ਿਆਂ ਤੋਂ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅੱਗੇ ਤੋਂ ਵੀ ਅੰਤਰਰਾਜੀ ਨਾਕਾਬੰਦੀਆਂ ਨਾਲ ਹੱਦਾਂ ਸੀਲ ਕਰਕੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ, ਸ਼ਰਾਬ ਦੀ ਤਸਕਰੀ ਕਰਨ ਵਾਲਿਆਂ ਵਿਰੁੱਧ ਮੁਕੱਦਮੇ ਦਰਜ ਕਰਕੇ ਵੱਡੀ ਬਰਾਮਦਗੀ ਕਰਵਾਈ ਜਾਵੇਗੀ।

# 'ਜੰਗ ਮਸਲਿਆਂ ਦਾ ਹੱਲ ਨਹੀਂ' ਵਿਸ਼ੇ 'ਤੇ ਸੈਮੀਨਾਰ



ਮਸਤੂਆਣਾ ਸਾਹਿਬ, 19 ਮਈ (ਪੱਤਰ ਪ੍ਰੇਰਕ)-ਕੁਦਰਤ-ਮਾਨਵ ਕੇਂਦਰਤ ਲੋਕ ਲਹਿਰ ਅਤੇ ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ ਵੱਲੋਂ ਸਾਂਝੇ ਤੌਰ 'ਤੇ 'ਜੰਗ ਮਸਲਿਆਂ ਦਾ ਹੱਲ ਨਹੀਂ, ਸਥਾਈ ਅਮਨ ਲੋਕਾਂ ਦੀ ਪਹਿਲੀ ਲੋੜ' ਵਿਸ਼ੇ ਉੱਤੇ ਗੁਰਸਾਗਰ ਮਸਤੂਆਣਾ ਸਾਹਿਬ ਵਿਖੇ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਅਮਨ-ਪਸੰਦ ਜਥੇਬੰਦੀਆਂ ਅਤੇ ਵਿਅਕਤੀਆਂ ਨੇ ਸ਼ਮੂਲੀਅਤ ਕੀਤੀ। ਕੁਦਰਤ-ਮਾਨਵ ਕੇਂਦਰਤ ਲੋਕ ਲਹਿਰ ਦੇ ਕੇਂਦਰੀ ਆਗੂ ਸੁਖਦੇਵ ਸਿੰਘ ਭੁਪਾਲ ਨੇ ਕਿਹਾ ਕਿ ਪਹਿਲਗਾਮ ਵਿੱਚ ਖਾੜਕੂਆਂ ਵੱਲੋਂ ਮਾਰੇ ਗਏ ਨਿਰਦੋਸ਼ ਲੋਕਾਂ ਦੀ ਘਟਨਾ ਜਿੱਥੇ ਬਹੁਤ ਹੀ ਮੰਦਭਾਗੀ ਸੀ, ਉੱਥੇ ਇਸ ਘਟਨਾ ਨੇ ਕੇਂਦਰ ਸਰਕਾਰ ਦੇ ਦਾਅਵਿਆਂ 'ਤੇ ਸਵਾਲ ਖੜ੍ਹੇ ਕੀਤੇ। ਉਨ੍ਹਾਂ ਕਿਹਾ ਕਿ ਕਸ਼ਮੀਰੀ ਅਤੇ ਪੰਜਾਬੀ, ਭਾਵੇਂ ਉਹ ਭਾਰਤ ਦੇ ਸ਼ਹਿਰੀ ਹਨ ਜਾਂ ਪਾਕਿਸਤਾਨ ਦੇ, ਕਦੇ ਵੀ ਜੰਗ ਨਹੀਂ ਚਾਹੁੰਦੇ, ਸਗੋਂ ਜੰਗ ਇਨ੍ਹਾਂ 'ਤੇ ਥੋਪੀ ਜਾਂਦੀ ਹੈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਬਿਕਰਮਜੀਤ ਸਿੰਘ ਨੇ ਨਿਭਾਈ। ਇਸ ਮੌਕੇ ਰੋਹੀ ਸਿੰਘ ਬੀਕੇਯੂ ਰਾਜੇਵਾਲ, ਮਹਿੰਦਰ ਸਿੰਘ ਭੱਠਲ, ਬਲਵਿੰਦਰ ਸਿੰਘ ਔਲਖ ਆਗੂ ਜ਼ੀਰਾ ਮੋਰਚਾ, ਡਾ. ਮੇਘਾ ਸਿੰਘ ਦਾਨਗੜ੍ਹ, ਜਗਦੀਸ਼ ਪਾਪੜਾ, ਬਲਬੀਰ ਸਿੰਘ ਲੌਂਗੋਵਾਲ, ਪੰਜਾਬੀ ਸੈਨਾ ਦੇ ਆਗੂ ਬਲਵੰਤ ਸਿੰਘ ਜੋਗਾ, ਜਗਪਾਲ ਸਿੰਘ ਊਧਾ ਨੇ ਵਿਚਾਰ ਚਰਚਾ ਵਿੱਚ ਹਿੱਸਾ ਲਿਆ।

# ਹੜ੍ਹ ਤੋਂ ਬਚਾਓ ਲਈ ਅਗਾਊਂ ਰੋਕਥਾਮ ਪ੍ਰਬੰਧ ਸ਼ੁਰੂ

ਸੰਗਰੂਰ , 19 ਮਈ (ਪੱਤਰ ਪ੍ਰੇਰਕ)-ਅਗਾਮੀ ਮੌਨਸੂਨ ਸੀਜ਼ਨ ਦੌਰਾਨ ਹੜ੍ਹ ਵਰਗੀ ਸਥਿਤੀ ਤੋਂ ਬਚਣ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਸੰਗਰੂਰ ਨੇ ਅਗਾਊਂ ਰੋਕਥਾਮ ਪ੍ਰਬੰਧ ਸ਼ੁਰੂ ਕਰ ਦਿੱਤੇ ਹਨ। ਇਸ ਸਬੰਧੀ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਨੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਸਮਾਂ ਰਹਿੰਦੇ ਕੰਮ ਮੁਕੰਮਲ ਕਰਨ ਦੀ ਹਦਾਇਤ ਕੀਤੀ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਅਮਿਤ ਬੈਂਬੀ, ਵਧੀਕ ਡਿਪਟੀ ਕਮਿਸ਼ਨਰ (ਵ) ਸੁਖਚੈਨ ਸਿੰਘ ਪਪੜਾ, ਸਾਰੇ ਐੱਸ ਡੀ ਐੱਮ ਅਤੇ ਵੱਖ ਵੱਖ ਵਿਭਾਗਾਂ ਦੇ ਜ਼ਿਲ੍ਹਾ ਮੁਖੀ ਸ਼ਾਮਲ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਨੇ ਵਧੀਕ ਡਿਪਟੀ ਕਮਿਸ਼ਨਰ (ਜ) ਨੂੰ ਡਿਸਟ੍ਰਿਕ ਡਿਜ਼ਾਸਟਰ ਮੈਨੇਜਮੈਂਟ ਪਲਾਨ ਤਿਆਰ ਕਰਨ ਅਤੇ ਉਸ ਉੱਤੇ ਕੰਮ ਕਰਨ ਦੀ ਹਦਾਇਤ ਕੀਤੀ। ਉਹਨਾਂ ਕਿਹਾ ਕਿ ਹੜ੍ਹ ਵਰਗੀ ਸਥਿਤੀ ਤੋਂ ਬਚਣ ਲਈ ਸਭ ਤੋਂ ਜ਼ਰੂਰੀ ਹੈ ਕਿ ਜ਼ਿਲ੍ਹਾ ਸੰਗਰੂਰ ਦੀ ਹਦੂਦ ਅੰਦਰੋਂ ਲੰਘਦੇ ਘੱਗਰ ਦਰਿਆ, ਸਾਇਫਨ, ਪ੍ਰਭਾਵਿਤ ਹੋਣ ਵਾਲੇ ਪਿੰਡਾਂ ਦੇ ਛੱਪੜਾਂ ਦੀ ਸਫ਼ਾਈ 30 ਜੂਨ ਤੋਂ ਪਹਿਲਾਂ ਪਹਿਲਾਂ ਮੁਕੰਮਲ ਕੀਤਾ ਜਾਵੇ। ਉਨ੍ਹਾਂ ਸਿਵਲ ਸਰਜਨ ਨੂੰ ਹਦਾਇਤ ਕੀਤੀ ਕਿ ਉਹ ਤੁਰੰਤ ਜ਼ਿਲ੍ਹਾ ਪੱਧਰੀ ਅਤੇ ਤਹਿਸੀਲ ਪੱਧਰੀ ਰਿਸਪਾਂਸ ਟੀਮਾਂ ਦਾ ਗਠਨ ਕਰਨ ਅਤੇ ਮੌਜੂਦ ਦਵਾਈਆਂ ਦਾ ਸਟਾਕ ਅਤੇ ਰਿਕਾਰਡ ਰੱਖਣ। ਇਸੇ ਤਰ੍ਹਾਂ ਮੁੱਖ ਖੇਤੀਬਾੜੀ ਅਫ਼ਸਰ ਅਤੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਨੂੰ ਪਸ਼ੂਆਂ ਲਈ ਹਰਾ ਅਤੇ ਸੁੱਕਾ ਚਾਰਾ ਪ੍ਰਬੰਧ ਕਰਨ ਬਾਰੇ ਕਿਹਾ ਗਿਆ।

# ਮਲੋਟ ਨੇੜੇ ਮੁਕਾਬਲੇ 'ਚ ਲਾਰੈਂਸ ਬਿਸ਼ਨੋਈ ਗਰੋਹ ਦਾ ਮੈਂਬਰ ਕਾਬੂ

## ਲੱਤ 'ਚ ਗੋਲੀ ਲੱਗਣ ਮਗਰੋਂ ਮਲੋਟ ਦੇ ਸਿਵਲ ਹਸਪਤਾਲ ਦਾਖ਼ਲ; ਮੁਲਜ਼ਮ ਕੋਲੋਂ ਦੋ ਪਿਸਤੌਲ ਤੇ ਜ਼ਿੰਦਾ ਕਾਰਤੂਸ ਬਰਾਮਦ



ਮੁਕਤਸਰ, 19 ਮਈ (ਪੱਤਰ ਪ੍ਰੇਰਕ)-ਮੁਕਤਸਰ ਪੁਲੀਸ ਨੇ ਮਲੋਟ ਕਸਬੇ ਨੇੜੇ ਹੋਏ ਸੰਖੇਪ ਮੁਕਾਬਲੇ ਵਿਚ ਲਾਰੈਂਸ ਬਿਸ਼ਨੋਈ ਗਰੋਹ ਦੇ ਮੈਂਬਰ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਮੁਕਾਬਲੇ ਦੌਰਾਨ ਮੁਲਜ਼ਮ ਦੇ ਲੱਤ ਵਿਚ ਗੋਲੀ ਲੱਗੀ ਤੇ ਉਸ ਨੂੰ ਮਲੋਟ ਦੇ ਸਿਵਲ ਹਸਪਤਾਲ ਵਿਚ ਭਰਤੀ ਕੀਤਾ ਗਿਆ ਹੈ। ਮੁਲਜ਼ਮ ਕੋਲੋਂ ਦੋ ਪਿਸਤੌਲ, ਦੋ ਜ਼ਿੰਦਾ ਕਾਰਤੂਸ ਤੇ ਕੁਝ ਖਾਲੀ ਖੋਲ ਬਰਾਮਦ ਹੋਈ ਹਨ। ਮੁਕਤਸਰ ਦੇ ਡੀਐੱਸਪੀ (ਡੀ) ਰਮਨਪ੍ਰੀਤ ਸਿੰਘ ਗਿੱਲ ਨੇ ਕਿਹਾ ਕਿ ਲੰਘੀ ਰਾਤ ਨਿਯਮਤ ਗਸ਼ਤ ਤੇ ਜਾਂਚ ਦੌਰਾਨ ਸੀਆਈਏ ਮਲੋਟ ਦੀ ਟੀਮ ਨੇ ਮਲੋਟ ਕਸਬੇ ਦੇ ਬਾਹਰਵਾਰ ਅਬੋਹਰ ਰੋਡ 'ਤੇ ਮੋਟਰਸਾਈਕਲ 'ਤੇ ਆਉਂਦੇਬਾਈਕ ਸਵਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਡੀਐੱਸਪੀ ਨੇ ਕਿਹਾ, "ਪੁਲੀਸ ਨੂੰ ਦੇਖ ਕੇ ਬਾਈਕ ਸਵਾਰ ਮਸ਼ਕੂਕ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਪੁਲੀਸ ਨੇ ਉਸ ਦਾ ਪਿੱਛਾ ਕੀਤਾ ਤਾਂ ਉਸ ਨੇ ਗੋਲੀ ਚਲਾ ਦਿੱਤੀ। ਪੁਲੀਸ ਵੱਲੋਂ ਕੀਤੀ ਜਵਾਬੀ ਫਾਇਰਿੰਗ ਵਿਚ ਮੁਲਜ਼ਮ ਦੇ ਲੱਤ ਵਿਚ ਗੋਲੀ ਲੱਗੀ। ਉਸ ਨੂੰ ਫੌਰੀ ਹਿਰਾਸਤ ਵਿਚ ਲੈ ਕੇ ਇਲਾਜ ਲਈ ਮਲੋਟ ਦੇ ਸਿਵਲ ਹਸਪਤਾਲ ਲਿਆਂਦਾ ਗਿਆ।" ਮੁਲਜ਼ਮ ਦੀ ਪਛਾਣ ਫ਼ਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਸੀਤੋ ਗੁੰਨੋ ਵਾਸੀ ਅਭਿਸ਼ੇਕ ਵਜੋਂ ਹੋਈ ਹੈ। ਡੀਐੱਸਪੀ ਨੇ ਕਿਹਾ, "ਉਹ ਲਾਰੈਂਸ ਬਿਸ਼ਨੋਈ ਗਰੋਹ ਦਾ ਮੈਂਬਰ ਹੈ ਤੇ ਹਥਿਆਰ ਸਪਲਾਈ ਕਰਨ ਦਾ ਕੰਮ ਕਰਦਾ ਹੈ। ਬੀਤੇ ਵਿਚ ਉਸ ਖਿਲਾਫ਼ ਹਰਿਆਣਾ ਵਿਚ ਲੁੱਟ ਖੋਹ ਦੇ ਦੋ ਕੇਸ ਦਰਜ ਹੋਏ ਸਨ।" ਪੁਲੀਸ ਨੇ ਮੁਲਜ਼ਮ ਕੋਲੋਂ ਦੋ ਪਿਸਤੌਲ, ਦੋ ਜ਼ਿੰਦਾ ਕਾਰਤੂਸ ਤੇ ਕੁਝ ਖਾਲੀ ਖੋਲ ਮਿਲਣ ਦਾ ਦਾਅਵਾ ਕੀਤਾ ਹੈ।

# ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਸਿਹਤ ਜਾਂਚ ਕੈਂਪ

## 250 ਮਰੀਜ਼ਾਂ ਦਾ ਚੈਕਅੱਪ; ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ



ਸੰਗਰੂਰ, 19 ਮਈ (ਪੱਤਰ ਪ੍ਰੇਰਕ)-ਸੰਗਰੂਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਵੱਲੋਂ ਵਿਸ਼ਾਲ ਮੈਡੀਕਲ ਕੈਂਪ ਸਥਾਨਕ ਅਗਰਵਾਲ ਧਰਮਸ਼ਾਲਾ ਵਿਖੇ ਲਗਾਇਆ ਗਿਆ। ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਰਾਜ ਕੁਮਾਰ ਅਰੋੜਾ ਦੀ ਅਗਵਾਈ ਹੇਠ ਲਗਾਏ ਕੈਂਪ ਵਿਚ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਜਦੋਂ ਕਿ ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਦੇ ਮੀਤ ਪ੍ਰਧਾਨ ਸੁਮਨ ਜ਼ਖ਼ਮੀ ਵਿਸ਼ੇਸ਼ ਮਹਿਮਾਨ ਸਨ। ਕੈਂਪ ਦੀ ਸ਼ੁਰੂਆਤ ਸ਼ਮ੍ਹਾ ਰੋਸ਼ਨ ਕਰਕੇ ਕੀਤੀ ਗਈ। ਕੈਂਪ ਵਿਚ ਡਾਕਟਰਾਂ ਵਲੋਂ 250 ਮਰੀਜ਼ਾਂ ਦਾ ਮੈਡੀਕਲ ਚੈਕ ਅੱਪ ਕੀਤਾ ਗਿਆ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਕੈਂਪ ਵਿਚ ਹੱਡੀਆਂ ਦੇ ਰੋਗਾਂ ਦੇ ਮਾਹਿਰ ਡਾ. ਕੁਲਦੀਪ ਸਿੰਘ ਰੇਖੀ ਅਤੇ ਡਾ. ਚਮਨਦੀਪ ਸਿੰਘ ਰੇਖੀ, ਫਿਜ਼ੀਓਥਰੈਪਿਸਟ ਡਾ. ਹਰਸਿਮਰਨ ਕੌਰ ਅਤੇ ਡਾ. ਮਨਪ੍ਰੀਤ ਕੌਰ ਨੇ ਜਾਗਰੂਕ ਕੀਤਾ। ਪਟਿਆਲਾ ਤੋਂ ਵਿਸ਼ੇਸ਼ ਤੌਰ ਤੇ ਕੈਲਸ਼ੀਅਮ ਦੀ ਜਾਂਚ ਲਈ ਬੀਐੱਮਬੀ ਮਸ਼ੀਨ ਲੈ ਕੇ ਪਹੁੰਚੇ ਮਾਹਿਰਾਂ ਨੇ 165 ਮਰੀਜ਼ਾਂ ਦੀ ਕੈਲਸ਼ੀਅਮ ਚੈੱਕ ਕੀਤੀ ਅਤੇ ਲੋੜ ਅਨੁਸਾਰ ਕੈਲਸ਼ੀਅਮ ਦੀ ਦਵਾਈ ਦਿੱਤੀ ਗਈ। ਨੱਕ, ਕੰਨ ਗਲੇ ਅਤੇ ਹੱਡੀਆਂ ਦੇ ਮਾਹਿਰ ਡਾ. ਐੱਚਐੱਸ ਬਾਲੀ ਨੇ ਵੀ ਸੇਵਾਵਾਂ ਦਿੱਤੀਆਂ।

# ਮੁੱਢਲੇ ਭਾਰਤੀ ਕੌਣ ਸਨ ਤੇ ਕਿੱਥੋਂ ਆਏ?



ਜਿਆਦਾਤਰ ਭਾਰਤੀ ਲੋਕ ਸੋਚਦੇ ਹਨ ਕਿ ਅਸੀਂ ਸਾਰੇ ਇੱਥੋਂ ਦੇ ਮੂਲ ਵਾਸੀ ਹਾਂ ਅਤੇ ਵੱਖ ਵੱਖ ਨਸਲਾਂ ਦਾ ਰਲੇਵਾਂ ਨਹੀਂ, ਪਰ ਸੱਚਾਈ ਕੁਝ ਹੋਰ ਹੈ। ਇਹ ਲੇਖ ਟੋਨੀ ਜੋਸਫ ਦੀ ਪੁਸਤਕ ਦੇ ਹਵਾਲੇ ਨਾਲ ਇਸ ਸਬੰਧੀ ਸੁਆਲਾਂ ਦੇ ਸਨਮੁੱਖ ਕਰਦਾ ਹੈ। ਟੋਨੀ ਜੋਸਫ਼ ਆਪਣੀ ਕਿਤਾਬ ' ' (ਮੁੱਢਲੇ ਭਾਰਤੀ, 2018) 'ਚ ਸਾਨੂੰ ਸਾਡੇ ਪੁਰਖਿਆਂ ਦੀ ਕਹਾਣੀ ਸੁਣਾਉਂਦਾ ਹੈ। ਉਹ ਅੱਜ ਦੇ ਦੌਰ ਦੇ ਪ੍ਰਸੰਗਿਕ ਵਿਸ਼ਿਆਂ ਨਾਲ ਜੁੜੇ ਸੁਆਲਾਂ ਨਾਲ ਖਹਿੰਦਾ ਦਿਖਾਈ ਦਿੰਦਾ ਹੈ: 'ਅਸੀਂ ਭਾਰਤੀ ਕੌਣ ਹਾਂ? ਅਸੀਂ ਸਾਰੇ ਕਿੱਥੋਂ ਆਏ? ਹੜੱਪਾ ਵਾਸੀ ਕੌਣ ਸਨ? ਕੀ ਆਰੀਅਨਾਂ ਦਾ ਭਾਰਤ 'ਚ ਪਰਵਾਸ ਹੋਇਆ? ਜਾਤ ਪਾਤ ਪ੍ਰਬੰਧ ਕਦੋਂ ਆਰੰਭ ਹੋਇਆ?' ਬਹੁਤੇ ਭਾਰਤੀਆਂ ਦਾ ਵਿਸ਼ਵਾਸ ਹੈ ਕਿ ਸਾਡੇ ਪੁਰਖੇ ਦੱਖਣੀ ਏਸ਼ੀਆ 'ਚ ਮੁੱਢ ਕਦੀਮ ਤੋਂ ਰਹਿ ਰਹੇ ਹਨ। ਪਰ ਜਿਵੇਂ ਬਾਅਦ 'ਚ ਸਾਹਮਣੇ ਆਇਆ ਕਿ ਇਹ ਕੋਈ ਬਹੁਤ ਪੁਰਾਣੀ ਗੱਲ ਵੀ ਨਹੀਂ। ਸਾਡੇ ਪੁਰਖਿਆਂ ਦੀ ਕਥਾ ਕਹਿਣ ਵਾਸਤੇ ਟੋਨੀ ਜੋਸਫ਼ ਸਾਨੂੰ ਪੈਂਹਠ ਹਜ਼ਾਰ ਸਾਲ ਪਿੱਛੇ ਲੈ ਜਾਂਦਾ ਹੈ ਜਦੋਂ ਹੋਮੋ ਸੇਪੀਅਨਜ਼ ਦੀਆਂ ਹੇੜਾਂ ਅਫਰੀਕਾ ਤੋਂ ਭਾਰਤੀ ਉਪ-ਮਹਾਂਦੀਪ 'ਤੇ ਪੈਰ ਧਰਦੀਆਂ ਅਤੇ ਆਪਣਾ ਰਾਹ ਬਣਾਉਂਦੀਆਂ ਹਨ। ਡੀ.ਐਨ.ਏ. ਦੀ ਖੋਜ ਤੇ ਜਣਨ ਵਿਗਿਆਨ (ਜੈਨੇਟਿਕਸ) ਦੇ ਸਬੂਤਾਂ ਅਤੇ ਇਸ ਨਾਲ ਸਬੰਧਿਤ ਹੋਰ ਖੋਜਾਂ ਰਾਹੀਂ ਟੋਨੀ ਜੋਸਫ਼ ਬਹੁਤ ਸਾਰੇ ਵਿਵਾਦਤ ਤੇ ਔਖੇ ਪ੍ਰਸ਼ਨਾਂ ਨਾਲ ਖਹਿਬੜਦਾ ਹੈ ਜਿਵੇਂ: 'ਕੀ ਉੱਤਰ ਭਾਰਤੀ ਲੋਕ ਜਣਨਵਿਗਿਆਨਕ ਤੌਰ 'ਤੇ ਦੱਖਣੀ ਭਾਰਤੀਆਂ ਤੋਂ ਭਿੰਨ ਹਨ? ਕੀ ਆਦਿਵਾਸੀ ਲੋਕ ਭਾਰਤ ਦੀ ਬਾਕੀ ਦੀ ਆਬਾਦੀ ਤੋਂ ਜਣਨਕ ਤੌਰ 'ਤੇ ਵੱਖਰੇ ਹਨ?'


ਜਣਨ ਵਿਗਿਆਨਕ ਆਧਾਰਾਂ ਅਨੁਸਾਰ ਅਫਰੀਕਾ ਤੋਂ ਪਹਿਲਾ ਸਫ਼ਲ ਪਰਵਾਸ ਕੋਈ ਸੱਤ੍ਹਰ ਹਜ਼ਾਰ ਸਾਲ ਪਹਿਲਾਂ ਹੋਇਆ। ਇਸ ਨੂੰ ਸਫ਼ਲ ਪਰਵਾਸ ਇਸ ਲਈ ਕਿਹਾ ਗਿਆ ਕਿਉਂਕਿ ਇਹ ਪਰਵਾਸੀ ਹੀ ਅੱਜ ਦੀ ਗ਼ੈਰ-ਅਫਰੀਕੀ ਲੋਕਾਈ ਦੇ ਪੁਰਖੇ ਹਨ। ਅਫਰੀਕਾ ਤੋਂ ਨਿਕਲੇ ਇਸ ਮਨੁੱਖ ਨੇ ਸੰਭਵ ਹੈ ਦੱਖਣੀ ਰਾਹ ਅਪਣਾਇਆ ਹੋਵੇ। ਕੋਈ ਪੈਂਹਠ ਹਜ਼ਾਰ ਸਾਲ ਪਹਿਲਾਂ ਅਫਰੀਕੀ ਪਰਵਾਸੀ ਜਦ ਭਾਰਤ ਪਹੁੰਚਿਆ ਤਾਂ ਉਸ ਦਾ ਸਾਹਮਣਾ ਪੁਰਾਤਨ ਮਾਨਵ ਨਾਲ ਹੋਇਆ। ਕੋਈ ਸੱਤ ਹਾਜ਼ਾਰ ਈਸਾ ਪੂਰਵ ਬਲੋਚਿਸਤਾਨ 'ਚ ਬੋਲਾਨ ਪਹਾੜਾਂ ਦੇ ਪੈਰਾਂ 'ਚ ਉਹ ਥਾਂ ਜਿਸ ਨੂੰ ਅੱਜ ਮਿਹਰਗੜ੍ਹ ਵਜੋਂ ਜਾਣਿਆ ਜਾਂਦਾ ਹੈ, ਵਿਖੇ ਖੇਤੀ ਨਿਰਭਰ ਵੱਸੋਂ ਦਾ ਵਸੇਬਾ ਹੋਇਆ ਜਿਸ ਨੇ ਅਗਲੇ ਸਮਿਆਂ 'ਚ ਸਿੰਧੂ ਅਤੇ ਭੂ-ਮੱਧ ਖੇਤਰਾਂ 'ਚ ਵੱਡੇ ਪੱਧਰ 'ਤੇ ਫੈਲਣਾ ਸੀ। ਸੱਤ ਹਜ਼ਾਰ ਤੋਂ ਤਿੰਨ ਹਜ਼ਾਰ ਈਸਾ ਪੂਰਵ ਇਰਾਨ ਦੇ ਜ਼ਗਰੋਸ ਖੇਤਰ ਤੋਂ ਖੇਤੀ ਨਿਰਭਰ ਵਸੋਂ ਦਾ ਦੱਖਣੀ ਏਸ਼ੀਆ 'ਚ ਪਰਵਾਸ ਹੋਇਆ ਜਿਨ੍ਹਾਂ ਦਾ ਮੇਲ ਮਿਲਾਪ ਇਸ ਦੌਰਾਨ ਮੁੱਢਲੇ ਭਾਰਤੀਆਂ ਨਾਲ ਹੋਇਆ। ਜਣਨਕ ਸਬੂਤਾਂ ਅਨੁਸਾਰ ਇਹ ਮਿਸ਼ਰਣੀਕਰਣ ਸੰਤਾਲੀ ਸੌ ਤੋਂ ਤਿੰਨ ਹਜ਼ਾਰ ਈਸਾ ਪੂਰਵ ਤੱਕ ਚੱਲਦਾ ਰਿਹਾ।

ਸੱਤ ਹਜ਼ਾਰ ਤੋਂ ਛੱਬੀ ਸੌ ਈਸਾ ਪੂਰਵ 'ਚ ਮਿਹਰਗੜ੍ਹ 'ਚ ਜੌਂ ਅਤੇ ਕਣਕ ਦੀ ਖੇਤੀ ਕੀਤੇ ਜਾਣ ਅਤੇ ਪਾਲਤੂ ਪਸ਼ੂਆਂ ਨੂੰ ਭੋਜਨ ਰੂਪ 'ਚ ਖਾਏ ਜਾਣ ਦੇ ਸਬੂਤ ਮਿਲੇ ਹਨ। ਇਹ ਥਾਂ ਤਕਰੀਬਨ ਛੱਬੀ ਸੌ ਤੋਂ ਦੋ ਹਜ਼ਾਰ ਈਸਾ ਪੂਰਵ 'ਚ ਉਜੜ ਗਈ। ਉਦੋਂ ਤੱਕ ਖੇਤੀ ਨਿਰਭਰ ਆਬਾਦੀ ਸਾਰੇ ਉੱਤਰੀ-ਪੱਛਮੀ ਭਾਰਤ 'ਚ ਸਿੰਧੂ-ਘੱਗਰ-ਹਕਰਾ ਘਾਟੀਆਂ ਅਤੇ ਗੁਜਰਾਤ 'ਚ ਫੈਲ ਗਈ। ਪਚਵੰਜਾ ਸੌ ਤੋਂ ਛੱਬੀ ਸੌ ਈਸਾ ਪੂਰਵ ਮੁੱਢਲੇ ਹੜੱਪਾ ਕਾਲ ਕਾਲੀਬੰਗਾਂ, ਰਾਖੀਗੜ੍ਹੀ (ਭਾਰਤ), ਬਨਾਵਾਲੀ ਅਤੇ ਰਹਿਮਾਨ ਡੇਹਰੀ (ਪਾਕਿਸਤਾਨ) 'ਚ ਖੇਤੀ ਨਿਰਭਰ ਵਸੋਂ ਦੇ ਵਿਲੱਖਣ ਸ਼ੈਲੀ ਵਾਲੀਆਂ ਸ਼ਹਿਰੀ ਵਸੇਬਾਂ 'ਚ ਵਿਕਸਤ ਹੋਣ ਦੇ ਵੀ ਸਬੂਤ ਮਿਲਦੇ ਹਨ। ਛੱਬੀ ਸੌ ਤੋਂ ਉੱਨੀ ਸੌ ਈਸਾ ਪੂਰਵ 'ਚ ਪ੍ਰੌੜ ਹੜੱਪਾ ਕਾਲ 'ਚ ਕਈ ਥਾਵਾਂ 'ਤੇ ਨਵੀਂ ਉਸਾਰੀ, ਮੁੜ ਉਸਾਰੀ ਅਤੇ ਉਜਾੜੇ ਦੇਖਣ ਨੂੰ ਮਿਲੇ। ਉੱਚ ਪੱਧਰੀ ਮਿਆਰਾਂ ਜਿਵੇਂ ਲਿਪੀ, ਮੋਹਰਾਂ, ਚਿੱਤਰਾਂ ਅਤੇ ਤੋਲ ਵੱਟਿਆਂ ਦੀ ਹੋਂਦ ਵਿਆਪਕ ਪੱਧਰ 'ਤੇ ਦੇਖਣ ਨੂੰ ਮਿਲਦੀ ਹੈ। ਮੁੱਢਲੇ ਤੇ ਪ੍ਰੌੜ ਹੜੱਪਾ ਕਾਲ ਕੇਵਲ ਪੰਜ ਪੀੜ੍ਹੀਆਂ ਭਾਵ ਸੌ ਤੋਂ ਡੇਢ ਸੌ ਸਾਲ 'ਚ ਵਾਪਰ ਗਿਆ ਪ੍ਰਤੀਤ ਹੁੰਦਾ ਹੈ। ਤੇਈ ਸੌ ਤੋਂ ਸਤਾਰਾਂ ਸੌ ਈਸਾ ਪੂਰਵ ਕਾਲ ਦੀ ਸਭਿਅਤਾ ਜੋ ਅਮੂ ਦਰਿਆ ਦੇ ਆਸ ਪਾਸ ਦੇ ਇਲਾਕਿਆਂ ਵਿਕਸਤ ਹੋਈ, ਨਾਲ ਹੜੱਪਾ ਸਭਿਅਤਾ ਦੇ ਵਿਓਪਾਰਕ ਅਤੇ ਸਭਿਆਚਾਰਕ ਸਬੰਧ ਸਨ। ਇੱਕੀ ਸੌ ਈਸਾ ਪੂਰਵ 'ਚ ਕਜ਼ਾਕ ਸਤੈਪੀਆਂ ਤੋਂ ਦੱਖਣ ਵੱਲ ਪਸ਼ੂਪਾਲਕਾਂ ਦਾ ਪਰਵਾਸ ਹੋਇਆ ਜੋ ਦੱਖਣੀ-ਮੱਧ ਏਸ਼ਿਆਈ ਖੇਤਰਾਂ ਤਕ ਫੈਲ ਗਿਆ। ਦੋ ਹਜ਼ਾਰ ਈਸਾ ਪੂਰਵ ਦੌਰਾਨ ਚੀਨ ਤੋਂ ਪਰਵਾਸ ਦੀਆਂ ਦੋ ਮੁੱਖ ਲਹਿਰਾਂ ਖੇਤੀ ਇਨਕਲਾਬ ਅਤੇ ਜਨਸੰਖਿਆ ਵਾਧੇ ਕਾਰਨ ਵਾਪਰੀਆਂ। ਇਨ੍ਹਾਂ ਨੇ ਹੀ ਦੱਖਣ-ਪੂਰਬੀ ਏਸ਼ੀਆ ਦੀ ਲੋਕਾਈ ਨੂੰ ਮੁੜ-ਸਰੂਪ ਬਖ਼ਸ਼ਿਆ। ਇਸ ਨਾਲ ਆਸਟਰੋ-ਏਸ਼ਿਆਈ ਭਾਸ਼ਾਵਾਂ, ਨਵੇਂ ਪੌਦਿਆਂ ਤੇ ਰੁੱਖਾਂ ਅਤੇ ਨਵੀਂ ਕਿਸਮ ਦੇ ਚੌਲ਼ਾਂ ਦੀ ਆਮਦ ਹੋਈ। ਦੋ ਹਜ਼ਾਰ ਤੋਂ ਹਜ਼ਾਰ ਈਸਾ ਪੂਰਵ ਦਰਮਿਆਨ ਮੱਧ ਏਸ਼ੀਆ ਦੀਆਂ ਸਤੈਪੀਆਂ ਤੋਂ ਉੱਠੀਆਂ ਚਰਵਾਹਿਆਂ ਅਤੇ ਪਸ਼ੂਪਾਲਕ ਪਰਵਾਸੀਆਂ ਦੀ ਬਹੁਪਰਤੀ ਲਹਿਰਾਂ ਨੇ ਭਾਰਤੀ-ਯੂਰਪੀ ਭਾਸ਼ਾਵਾਂ, ਨਵੇਂ ਧਾਰਮਿਕ ਅਤੇ ਸਭਿਆਚਾਰਕ ਵਿਵਹਾਰ ਵੀ ਲਿਆਂਦੇ।

ਉੱਨੀ ਸੌ ਤੋਂ ਤੇਰਾਂ ਸੌ ਈਸਾ ਪੂਰਵ ਦੇ ਅੰਤਲੇ ਹੜੱਪਾ ਕਾਲ 'ਚ ਉਸ ਸਭਿਅਤਾ 'ਚ ਲੰਮੇਰੇ ਸੋਕੇ ਨੇ ਚੀਨ ਅਤੇ ਮਿਸਰ ਦੀਆਂ ਪੱਛਮੀ ਏਸ਼ਿਆਈ ਸਭਿਅਤਾਵਾਂ ਨੂੰ ਵੀ ਪ੍ਰਭਾਵਿਤ ਕੀਤਾ। ਇਸ ਨਾਲ ਹੜੱਪਾ ਸਭਿਅਤਾ ਦਾ ਹੌਲ਼ੀ ਹੌਲ਼ੀ ਨਿਘਾਰ ਹੋਇਆ ਅਤੇ ਅੰਤ ਖ਼ਾਤਮਾ ਹੋ ਗਿਆ। ਇਸ ਤੋਂ ਬਾਅਦ ਯੂਨਾਨੀਆਂ, ਯਹੂਦੀਆਂ, ਹੂਣਾਂ, ਸ਼ੱਕਾਂ, ਪਾਰਸੀਆਂ, ਸੀਰੀਅਨਾਂ, ਮੁਗ਼ਲਾਂ, ਪੁਰਤਗਾਲੀਆਂ ਅਤੇ ਅੰਗਰੇਜ਼ਾਂ ਆਦਿ ਸਾਰਿਆਂ ਨੇ ਭਾਰਤੀ ਦ੍ਰਿਸ਼ 'ਤੇ ਆਪਣੇ ਨਿਸ਼ਾਨ ਛੱਡੇ।

ਹੁਣ ਇਹ ਪ੍ਰਸ਼ਨ ਉੱਠਣਾ ਸੁਭਾਵਿਕ ਹੈ ਕਿ ਆਖ਼ਰ ਅਸੀਂ ਭਾਰਤੀ ਕੌਣ ਹਾਂ? ਅਕਸਰ ਇਹ ਸੋਚਿਆ ਜਾਂਦਾ ਹੈ ਕਿ 'ਆਦਿਵਾਸੀ'/ਮੂਲਵਾਸੀ ਜੋ ਭਾਰਤ ਦੀ ਆਬਾਦੀ ਦਾ 8 ਫੀਸਦੀ ਹਨ, ਬਾਕੀ ਭਾਰਤੀਆਂ ਤੋਂ ਬਹੁਤ ਭਿੰਨ, ਵੱਖਰੇ ਅਤੇ ਦੂਰ ਦੀ ਰਹਿਣੀ ਬਹਿਣੀ ਵਾਲੇ ਹਨ। ਇਸ ਲਈ ਇਹ ਸਾਡੇ 'ਚੋਂ ਨਹੀਂ ਬਲਕਿ ਹੋਰ/ਦੂਜੇ ਹਨ। ਪਰ ਅੱਜ ਜੀਵ-ਅਣਵਿਕ ਸਬੂਤਾਂ ਨੇ ਸਿੱਧ ਕਰ ਦਿੱਤਾ ਹੈ ਕਿ ਇਹ ਮੂਲ ਤੇ ਮੁੱਢਲੇ ਅਫਰੀਕੀ ਮੂਲ ਦੇ ਹਨ ਜਿਨ੍ਹਾਂ ਦਾ ਅਫਰੀਕਾ ਤੋਂ ਭਾਰਤ 'ਚ ਪਰਵਾਸ ਕੋਈ ਪੈਂਹਠ ਹਜ਼ਾਰ ਸਾਲ ਪਹਿਲਾਂ ਹੋਇਆ। ਇੰਝ ਆਦਿਵਾਸੀਆਂ ਦੇ ਪੁਰਖੇ ਮੁੱਢਲੇ ਭਾਰਤੀ ਹੋਣ ਕਾਰਨ ਕੋਈ ਬਾਹਰੀ ਨਹੀਂ ਸਗੋਂ ਸਾਡੇ 'ਚੋਂ ਹੀ ਹਨ। ਅੱਜ ਦੇ ਸਾਰੇ ਭਾਰਤੀ ਪਹਿਲੇ ਭਾਰਤੀ ਬੰਦੇ ਦੇ ਵੰਸ਼ ਵਿਚੋਂ ਹਨ। ਹੜੱਪਾ ਤੋਂ ਮਿਲੀ 'ਨ੍ਰਿਤਕੀ' ਦੀ ਮੂਰਤੀ ਆਪਣੀ ਦਿੱਖ ਤੋਂ ਆਦਿਵਾਸੀ ਕੁੜੀ ਜਾਪਦੀ ਹੈ। ਇਹ ਪਹਿਲੇ ਭਾਰਤੀ ਹੀ ਏਸ਼ੀਆ ਦੇ ਪਹਿਲੇ ਸ਼ਹਿਰੀ ਇਨਕਲਾਬ ਦੇ ਅੰਗ ਸਨ। ਸੱਤ ਸਦੀਆਂ ਤੱਕ ਚੱਲੀ ਪ੍ਰੌੜ ਹੜੱਪਾ ਸਭਿਅਤਾ ਜੋ ਆਪਣੇ ਸਮਿਆਂ ਦੀ ਜਨਸੰਖਿਆ ਤੇ ਖੇਤਰਫਲ ਵਜੋਂ ਸਭ ਤੋਂ ਵੱਡੀ ਸੀ, ਦਾ ਆਧਾਰਮੂਲਕ ਸਰੋਤ ਇਸ ਦਾ ਸਾਂਝਾ ਸਭਿਆਚਾਰ ਸੀ।

ਹੜੱਪਾ ਸਭਿਅਤਾ ਦੇ ਨਿਘਾਰ ਤੋਂ ਬਾਅਦ ਅਤੇ ਸਤੈਪੀਆਂ ਤੋਂ ਆਉਣ ਵਾਲੇ ਪਰਵਾਸੀਆਂ ਦਰਮਿਆਨ ਦਾ ਸਮਾਂ ਪੁਰਾਤੱਤਵੀ ਹਨੇਰੇ ( ) ਦਾ ਸਮਾਂ ਸੀ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿਉਂਕਿ ਸਤੈਪੀਆਂ ਤੋਂ ਆਏ ਪਸ਼ੂਪਾਲਕ ਪਰਵਾਸੀਆਂ ਦੇ ਸਮੂਹ ਕੋਈ ਬਹੁਤੇ ਵੱਡੇ ਨਹੀਂ ਸਨ। ਇਨ੍ਹਾਂ ਆਰੀਆਈ ਪਰਵਾਸੀਆਂ ਨੇ ਕਿਹੜੇ ਰਾਹ ਅਪਣਾਏ, ਕਿੰਨੇ ਸਮੂਹਾਂ 'ਚ ਆਏ ਅਤੇ ਕਦੋਂ ਤੱਕ ਇਹ ਪਰਵਾਸ ਚੱਲਦਾ ਰਿਹਾ, ਬਾਰੇ ਬਹੁਤ ਜਾਣਕਾਰੀ ਨਹੀਂ। ਪਰ ਮੁੱਢਲੇ ਵੈਦਿਕ ਸਰੋਤਾਂ ਤੋਂ ਪਤਾ ਚੱਲਦਾ ਹੈ ਕਿ ਭਾਰੋਪੀ (-) ਭਾਸ਼ਾਈ ਸਮੂਹਾਂ 'ਚ ਟਕਰਾਓ ਹੁੰਦੇ ਰਹੇ। ਭਾਸ਼ਾ ਵਿਗਿਆਨ ਅਤੇ ਜਣਨ ਵਿਗਿਆਨ ਇਸ ਪਰਵਾਸ ਪ੍ਰਕਿਰਿਆ 'ਤੇ ਰੌਸ਼ਨੀ ਪਾਉਂਦਾ ਹੈ। ਭਾਰਤ ਦੇ ਭਾਸ਼ਾਈ ਸਰਵੇਖਣ ਕਰਨ ਵਾਲੇ ਸਰ ਜੌਰਜ ਗ੍ਰੀਅਰਸਨ ਦੇ 1930 'ਚ ਹੋਰ ਵਿਕਸਤ 'ਗ੍ਰੀਅਰਸਨ ਹਾਈਪੋਥੇਸਿਸ' ਅਤੇ 2005 'ਚ ਫ੍ਰੈਂਕਲਿਨ ਸੀ. ਸਾਊਥਵਰਥ ਦੇ ਕਹਿਣ ਅਨੁਸਾਰ ਭਾਰੋਪੀ ਭਾਸ਼ਾਵਾਂ ਨੂੰ ਉੱਤਰੀ-ਕੇਂਦਰੀ ਭਾਸ਼ਾਵਾਂ ਜਿਵੇਂ ਹਿੰਦੀ, ਪੰਜਾਬੀ, ਰਾਜਸਥਾਨੀ, ਬੁੰਦੇਲੀ ਅਤੇ ਪਹਾੜੀ ਦੇ ਨਾਲ ਨਾਲ ਦੱਖਣ-ਪੱਛਮੀ ਪੂਰਬੀ ਭਾਸ਼ਾਵਾਂ ਜਿਵੇਂ ਬੰਗਲਾ, ਭੋਜਪੁਰੀ, ਉੜੀਆ, ਮਰਾਠੀ ਅਤੇ ਕੌਂਕਣੀ 'ਚ ਵੰਡਿਆ ਜਾ ਸਕਦਾ ਹੈ। ਸਾਊਥਵਰਥ ਦਾ ਆਪਣੀ ਕਿਤਾਬ ' ' 'ਚ ਕਹਿਣਾ ਹੈ ਕਿ ਮੱਧ-ਏਸ਼ਿਆਈ ਲੋਕਾਂ ਦੀਆਂ ਹੇੜਾਂ ਭਾਰਤੀ-ਇਰਾਨੀ ਸੀਮਾਵਾਂ 'ਚ ਘੁਸਣ ਬਾਅਦ ਪੰਜਾਬ ਤੋਂ ਹੁੰਦੇ ਹੋਏ ਪੂਰਬ ਵੱਲ ਇਕ ਪਾਸੇ ਗੰਗਾ ਅਤੇ ਦੂਜੇ ਪਾਸੇ ਸਿੰਧ ਰਾਹੀਂ ਦੱਖਣ ਵੱਲ ਚਲੀਆਂ ਗਈਆਂ। ਭਾਸ਼ਾਵਾਂ ਦੀ ਉਪਰ ਦਰਸਾਈ ਵੰਡ ਦਰਅਸਲ ਹਿੰਦੂ ਆਰੀਆਵ੍ਰਤ ਖੇਤਰਾਂ ਅਤੇ ਗ਼ੈਰ-ਆਰੀਆਈ ਭਾਸ਼ਾਵਾਂ ਬੋਲਣ ਵਾਲੇ ਮਲੇਸ਼-ਦੇਸ ਦੇ ਖੇਤਰਾਂ ਦਰਮਿਆਨ ਹੈ ਜਿੱਥੇ ਹਿੰਦੂ ਅਨੁਸ਼ਠਾਨਾਂ ਦਾ ਪਾਲਣ ਨਹੀਂ ਹੁੰਦਾ ਸੀ। ਇਹ ਦੋਵੇਂ ਖੇਤਰ ਭੂਗੋਲਿਕ ਰੂਪ 'ਚ ਵਿੰਧਿਆਚਲ ਪਠਾਰ ਕਾਰਨ ਵੰਡੇ ਗਏ ਜੋ ਪੂਰੇ ਮੱਧ ਭਾਰਤ 'ਚ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੱਕ ਫੈਲਿਆ ਹੋਇਆ ਹੈ। ਗ਼ੈਰ-ਆਰੀਆਈ ਭਾਸ਼ਾਵਾਂ ਤੋਂ ਭਾਵ ਗ਼ੈਰ-



ਭਾਰੋਪੀ ਭਾਸ਼ਾਵਾਂ ਨਹੀਂ। ਇਹ ਉਹ ਭਾਸ਼ਾਵਾਂ ਹਨ ਜੋ ਬਾਹਰੀ ਖੇਤਰ 'ਚ ਆਉਣ ਕਾਰਨ ਆਰੀਆਵਰਤ ਦੇ ਰੂੜ੍ਹੀਵਾਦ ਦੀ ਦ੍ਰਿਸ਼ਟੀ ਅਨੁਸਾਰ ਗ਼ੈਰ-ਆਰੀਆਈ ਹਨ। ਟੋਨੀ ਜੋਸਫ਼ ਅਨੁਸਾਰ ਤਿਵਾੜੀ ਬ੍ਰਾਹਮਣਾਂ ਜੋ ਜ਼ਿਆਦਾਤਰ ਪੁਜਾਰੀ ਅਤੇ ਪਰੰਪਰਕ ਸੰਸਕ੍ਰਿਤ ਗ੍ਰੰਥਾਂ ਨੂੰ ਸਾਂਭਣ ਵਾਲੇ ਹਨ, ਦੇ ਜੈਵਿਕ ਤੱਤ ਸਤੈਪੀ ਪੁਰਖਿਆਂ ਨਾਲ ਮੇਲ ਖਾਂਦੇ ਹਨ। ਇਨ੍ਹਾਂ ਦੀ ਮੁੱਢਲਾ ਵੈਦਿਕ ਸਭਿਆਚਾਰ ਫੈਲਾਉਣ 'ਚ ਵੱਡੀ ਭੂਮਿਕਾ ਸੀ। ਭਾਸ਼ਕ ਅਤੇ ਜੈਵਿਕ ਵੱਖਰਤਾ ਉਨ੍ਹਾਂ ਪਾਠਗਤ ਹਵਾਲਿਆਂ 'ਚ ਵੀ ਮਿਲਦੀ ਹੈ ਜੋ 'ਆਰੀਆਵਰਤ' ਅਤੇ 'ਮਲੇਸ਼-ਦੇਸ' ਨਾਲ ਸਬੰਧਿਤ ਹਨ।

ਜੋਹਨ ਬਰੋਂਖੋਰਸਤ ਆਪਣੀ ਕਿਤਾਬ 'ਗਰੇਟਰ ਮਗਧ' 'ਚ ਦੱਸਦਾ ਹੈ ਅਤੇ 150 ਈਸਾ ਪੂਰਵ ਲਿਖੀ 'ਮਹਾਭਾਸ਼ਯ' 'ਚ ਪਤੰਜਲੀ ਇਹ ਪ੍ਰਸ਼ਨ ਪੁੱਛਦਾ ਹੈ ਕਿ ਆਰੀਆ ਧਰਤ ਕਿਹੜੀ ਹੈ? ਜੁਆਬ ਹੈ ਜਿੱਥੇ ਸਰਸਵਤੀ ਨਦੀ ਅਲੋਪ ਹੁੰਦੀ ਹੈ ਜੋ ਹਿਮਾਲਿਆ ਦੀ ਤਰਾਈ 'ਚ ਕਾਲਕਾ ਦੇ ਜੰਗਲ ਹਨ ਅਤੇ ਇਸ ਦੀ ਗੰਗਾ-ਯਮੁਨਾ ਦੁਆਬ ਤੋਂ ਕੋਈ ਬਹੁਤੀ ਦੂਰੀ ਵੀ ਨਹੀਂ। 'ਬੁੱਧਯਾਨਾ ਧਰਮ ਸੂਤਰ' ਅਤੇ 'ਵਸ਼ਿਸ਼ਟ ਧਰਮ ਸੂਤਰ' 'ਚ ਵੀ ਇਹੋ ਸਵਾਲ ਪੁੱਛਿਆ ਗਿਆ ਹੈ। ਉੱਤਰ-ਮੱਧ ਭਾਰਤ 'ਚ 'ਅੰਦਰੂਨੀ ਭਾਸ਼ਕ ਸਮੂਹ' ਦਾ ਵਿਰੋਧ ਦੱਖਣ-ਪੱਛਮ ਪੂਰਬੀ 'ਬਾਹਰੀ ਭਾਸ਼ਕ ਸਮੂਹ' ਨਾਲ ਸੀ। ਪਤੰਜਲੀ ਵੱਲੋਂ ਪਰਿਭਾਸ਼ਤ ਆਰੀਵ੍ਰਤ ਤੋਂ ਪੂਰਬ ਦਾ ਖੇਤਰ ਪਹਿਲਾਂ ਹੀ ਭਾਰੋਪੀ ਭਾਸ਼ਾਵਾਂ ਵਾਲਾ ਸੀ ਜਿੱਥੇ ਹੜੱਪਾ ਸਭਿਅਤਾ ਦੇ ਨਿਘਾਰ ਤੋਂ ਬਾਅਦ 500 ਈਸਾ ਪੂਰਵ ਦੂਜਾ ਪ੍ਰਮੁੱਖ ਸ਼ਹਿਰੀਕਰਣ ਹੋ ਰਿਹਾ ਸੀ। ਇਸੇ ਖੇਤਰ 'ਚ ਪਹਿਲਾ ਭਾਰਤੀ ਮੌਰਿਆ ਸਾਮਰਾਜ ਮਗਧ ਦੇ ਖੇਤਰ 'ਚ 322-180 ਈਸਾ ਪੂਰਵ 'ਚ ਸਥਾਪਿਤ ਹੋਇਆ ਜੋ ਪਰਿਭਾਸ਼ਤ ਆਰੀਆਵਰਤ ਦੇ ਕਾਫ਼ੀ ਨਜ਼ਦੀਕ ਦਾ ਇਲਾਕਾ ਸੀ। ਮਗਧ ਖੇਤਰ 'ਚ ਛੇਵੀਂ ਤੋਂ ਚੌਥੀ ਸਦੀ 'ਚ ਬੁੱਧ ਧਰਮ ਅਤੇ ਸੱਤਵੀਂ ਤੋਂ ਪੰਜਵੀਂ ਸਦੀ ਦਰਮਿਆਨ ਜੈਨ ਮੱਤ ਪੈਦਾ ਹੋਇਆ। ਇਨ੍ਹਾਂ ਦੋਵਾਂ ਨੇ ਉਸ ਵੇਲੇ ਦੇ ਧਾਰਮਿਕ ਗ੍ਰੰਥਾਂ, ਬਲੀਆਂ, ਧਾਰਮਿਕ ਅਨੁਸ਼ਠਾਨਾਂ ਅਤੇ ਸਮਾਜਿਕ ਰੂੜ੍ਹੀਵਾਦ ਨੂੰ ਚੁਣੌਤੀ ਦਿੱਤੀ। ਸੋਚਣ ਵਾਲੀ ਗੱਲ ਹੈ ਕਿ ਆਰੀਆਵਰਤ ਦੀ ਕੁਲੀਨਤਾ 'ਚ 'ਮਲੇਸ਼-ਦੇਸ' ਪ੍ਰਤੀ ਏਨੀ ਘਿਰਣਾ ਕਿਉਂ ਸੀ? ਬਰੋਂਖੋਰਸਤ ਅਨੁਸਾਰ ਗੰਗ-ਯਮੁਨੀ ਦੁਆਬ ਦੇ ਪੂਰਬ ਦਾ ਖੇਤਰ ਪਤੰਜਲੀ ਦੇ ਸਮੇਂ ਤੱਕ ਬ੍ਰਾਹਮਣੀ ਖੇਤਰ ਨਹੀਂ ਸੀ ਸਮਝਿਆ ਗਿਆ। ਇਸ ਤੋਂ ਇਹ ਭਾਵ ਨਹੀਂ ਸੀ ਕਿ ਓਥੇ ਬ੍ਰਾਹਮਣ ਨਹੀਂ ਸਨ ਰਹਿ ਰਹੇ। ਬ੍ਰਾਹਮਣ ਸਮਾਜ 'ਚ ਬਲੀਆਂ ਅਤੇ ਪੁਜਾਰੀ ਵਰਗ ਨੂੰ ਦਾਨ ਦੇਣ 'ਤੇ ਬਹੁਤ ਬਲ ਸੀ। ਪੁਜਾਰੀ ਵਰਗ ਦੇ ਸੱਤਾਧਾਰੀ ਵਰਗ ਨਾਲ ਵੀ ਬੜਾ ਨੇੜਲੇ ਸਬੰਧ ਸਨ।

ਗੰਗਾ-ਯਮੁਨਾ ਪ੍ਰਯਾਗ ਦੇ ਪੂਰਬ ਦਾ ਇਲਾਕਾ ਦਰਅਸਲ ਆਦਰਸ਼ ਬ੍ਰਾਹਮਣ ਸਮਾਜ ਨਹੀਂ ਸੀ। ਮਗਧ ਰਾਜ ਦੇ ਸ਼ਾਸਕ ਸ਼੍ਰੀਨਿਕਾ, ਬਿੰਬੀਸਾਰ ਅਤੇ ਅਜਾਤਸ਼ਤਰੂ ਨੂੰ ਬੋਧੀ ਤੇ ਜੈਨ ਮੱਤ ਵਾਲੇ ਆਪਣਾ ਮੰਨਦੇ ਹਨ। 350 ਈਸਾ ਪੂਰਵ 'ਚ ਪਾਟਲੀਪੁੱਤਰ ਨੂੰ ਸੰਗਠਿਤ ਕਰਨ ਵਾਲਾ ਨੰਦ ਜੈਨ ਮੱਤ ਦਾ ਪੋਸ਼ਕ ਸੀ। ਚੰਦਰਗੁਪਤ ਮੌਰਿਆ ਨੇ ਨੰਦ ਦਾ ਅੰਤ ਕੀਤਾ ਤੇ ਅੰਤ 'ਚ ਜੈਨੀ ਸੰਤ ਬਣਿਆ। ਬਿੰਦੂਸਾਰ ਨੇ ਗੈਰ-ਬ੍ਰਾਹਮਣੀ ਮੱਤ ਆਜੀਵਕ ਦੇ ਸਿਰ ਹੱਥ ਰੱਖਿਆ। ਅਸ਼ੋਕ ਨੇ ਬੁੱਧ ਮੱਤ ਅਪਣਾਇਆ। 185 ਈਸਾ ਪੂਰਵ 'ਚ ਰਾਜਾ ਸੁੰਗ ਦਾ ਬ੍ਰਾਹਮਣ ਰਾਜ ਸੀ। ਚਾਲੀ ਪੰਜਾਹ ਸਾਲ ਬਾਅਦ ਵਿਆਕਰਣਕਾਰ ਪਤੰਜਲੀ ਗੰਗਾ ਤੋਂ ਪੂਰਬ ਦੇ ਇਲਾਕੇ ਨੂੰ ਆਰੀਆਵਰਤ ਨਹੀਂ ਮੰਨਦਾ। ਮਗਧ ਦਾ ਦ੍ਰਿਸ਼ ਅੰਤ ਨੂੰ ਮਾਨਵ ਧਰਮ ਸ਼ਾਸਤਰ ਮਨੂਸਿਮਰਤੀ ਜੋ ਤੀਜੀ ਸਦੀ ਈਸਾ ਪੂਰਵ ਤੋਂ ਪਹਿਲਾਂ ਲਿਖੀ ਗਈ ਆਰੀਆਵਰਤ ਨੂੰ ਸਾਗਰ ਤੋਂ ਸਾਗਰ ਤੱਕ ਦੇ ਹਿਮਾਲੇ ਤੇ ਵਿੰਧਿਆ ਦੇ ਵਿਚਲੇ ਖੇਤਰ ਨੂੰ ਮੰਨਦਾ ਹੈ। 'ਮਹਾਭਾਸ਼ਯ' ਅਤੇ 'ਮਨੂਸਿਮਰਤੀ' ਦੇ ਲਿਖਣ ਕਾਲ ਦਰਮਿਆਨ ਸ਼ਾਇਦ ਮਗਧ ਦੀ ਵਿਚਾਰਧਾਰਾ ਕੁਲੀਨ ਆਰੀਆਵਰਤ 'ਚ ਬਦਲੀ। ਟੋਨੀ ਜੋਸਫ਼ ਅਨੁਸਾਰ 2013 'ਚ ਛਪੀ ਕਿਤਾਬ ਮੁਤਾਬਿਕ ਇਹ ਮੱਤ ਗ਼ਲਤ ਸਾਬਿਤ ਹੋਇਆ ਕਿ ਬਾਹਰੋਂ ਆਉਣ ਵਾਲੇ ਆਰੀਅਨਾਂ ਨੇ ਇਸ ਉਪਮਹਾਂਦੀਪ 'ਚ ਜਾਤ ਪ੍ਰਥਾ ਲਾਗੂ ਕੀਤੀ। ਤਿਹੱਤਰ ਲੋਕਾਂ ਦੇ ਸਮੂਹਾਂ ਦੇ ਜੀਨੋਮਜ਼ ਡਾਟਾ ਅਨੁਸਾਰ ਦੋ ਹਜ਼ਾਰ ਈਸਾ ਪੂਰਵ ਤੋਂ ਸੌ ਈਸਾ ਪੂਰਵ ਤੱਕ ਏਨੇ ਵੱਡੇ ਪੱਧਰ 'ਤੇ ਵਿਭਿੰਨ ਜਨਸਮੂਹਾਂ 'ਚ ਮਿਸ਼ਰਣ ਹੋਇਆ ਕਿ ਹਰ ਬਾਸ਼ਿੰਦੇ 'ਚ ਅਫਰੀਕਾ ਤੋਂ ਆਏ ਮੁੱਢਲੇ ਭਾਰਤੀ, ਹੜੱਪਈ ਅਤੇ ਸਤੈਪੀ ਪੁਰਖਿਆਂ ਦੇ ਭਿੰਨ ਭਿੰਨ ਡਿਗਰੀ ਦੇ ਜੀਨਜ਼ ਪਾਏ ਗਏ। ਇਸ ਅਨੁਸਾਰ ਇਸ ਖੇਤਰ 'ਚ ਅੰਤਰ ਸਬੰਧਿਤ ਲੋਕਾਂ 'ਚ ਜਨ-ਮਿਸ਼ਰਣ ਬੜਾ ਆਮ ਸੀ। ਇਹ ਰੁਝਾਨ ਹੌਲ਼ੀ ਹੌਲ਼ੀ ਵਿਰਲਾ ਪੈਂਦਾ ਗਿਆ ਕਿਉਂਕਿ ਲੋਕਾਂ 'ਚ ਵੱਡੇ ਪੱਧਰ 'ਤੇ ਸਗੋਤੀ ਵਿਆਹਾਂ ਦਾ ਰਿਵਾਜ ਵਧਿਆ। ਹੜੱਪਾ ਸਭਿਅਤਾ ਦੇ ਨਿਘਾਰ ਤੋਂ ਬਾਅਦ ਜਦੋਂ ਬਹੁਤ ਸਾਰਾ ਪਲਾਇਨ ਉੱਤਰ-ਪੱਛਮ ਤੋਂ ਦੱਖਣ-ਪੂਰਬ ਵੱਲ ਹੋਇਆ ਤਾਂ ਵੀ ਬਹੁਤ ਵੱਡੇ ਪੱਧਰ 'ਤੇ ਅੰਤਰਮਿਸ਼ਰਣ ਹੋਇਆ ਜਿਸ ਦਾ ਪ੍ਰਭਾਵ ਬੜਾ ਡੂੰਘੇਰਾ ਅਤੇ ਲੰਮੇ ਸਮੇਂ ਤੱਕ ਰਿਹਾ। ਇਸ ਜਣਨਕ-ਮਿਸ਼ਰਣ ਦਾ ਅਚਾਨਕ ਸੌ ਈਸਾ ਪੂਰਵ ਦੇ ਕਰੀਬ ਅੰਤ ਹੋ ਗਿਆ। ਇਸ ਸਬੰਧ 'ਚ ਜਣਨ ਵਿਗਿਆਨਕ ਅਧਿਐਨ ਬੜੇ ਸਟੀਕ ਢੰਗ ਨਾਲ ਸੰਕੇਤ ਕਰਦੇ ਹਨ। ਟੋਨੀ ਜੋਸਫ਼ ਦਾ ਕਹਿਣਾ ਹੈ ਕਿ ਲਗਪਗ ਪਹਿਲੀ ਸਦੀ ਈਸਵੀ 'ਚ ਇਕ ਨਵੀਂ ਵਿਚਾਰਧਾਰਾ ਸੱਤਾ ਹਾਸਿਲ ਕਰਨ ਲੱਗਦੀ ਹੈ ਜਿਸ ਨਾਲ ਸਮਾਜ 'ਤੇ ਨਵੀਂ ਜੀਵਨ ਸ਼ੈਲੀ ਵਾਲੀਆਂ ਨਵੀਆਂ ਪਾਬੰਦੀਆਂ ਆਇਦ ਹੋਣ ਲਗੀਆਂ। ਜਣਨਕ ਸਬੂਤਾਂ ਅਨੁਸਾਰ ਇਸ ਸਮਾਜ-ਇੰਜੀਨੀਅਰਿੰਗ ਨੂੰ ਏਨੀ ਸਫ਼ਲਤਾ ਮਿਲੀ ਜਿਸ ਦੀ ਪਹਿਲਾਂ ਕਿਤੇ ਕੋਈ ਮਿਸਾਲ ਨਹੀਂ ਮਿਲਦੀ। ਇਸ ਨਾਲ ਅੰਤਰ-ਮਿਸ਼ਰਣੀਕਰਣ ਬੰਦ ਹੋ ਗਿਆ ਤੇ ਕਠੋਰ ਜਾਤੀ ਪ੍ਰਥਾ ਆਰੰਭ ਹੋ ਗਈ। ਚਾਰ ਵਰਣਾਂ ਦਾ ਵਰਨਣ ਜੋ ਰਿਗਵੇਦ ਦੇ ਇਕ ਭਾਗ 'ਚ ਆਇਆ ਉਹ ਬਾਅਦ 'ਚ ਪਾਇਆ ਗਿਆ। ਜਾਤ ਨਾਲ ਸਬੰਧਿਤ ਵਿਸ਼ੇਸ਼ ਕਿੱਤੇ ਦਾ ਵਰਨਣ ਰਿਗਵੇਦ 'ਚ ਨਹੀਂ। ਪਹਿਲੀ ਸਦੀ ਈਸਾ ਪੂਰਵ 'ਚ ਮੌਰਿਆ ਸਾਮਰਾਜ ਦੇ ਨਿਘਾਰ ਦਾ ਕੀ ਇਸ ਵਿਚਾਰਧਾਰਾ ਨਾਲ ਕੋਈ ਸਬੰਧ ਬਣਦਾ ਹੈ? ਕੀ ਮੌਰਿਆ ਸਮਾਰਾਜ ਦੀ ਹਾਰ ਨਾਲ ਬੁੱਧ ਮੱਤ ਦਾ ਸਮੇਂ ਦੇ ਦ੍ਰਿਸ਼ ਤੋਂ ਅਲੋਪ ਹੋ ਜਾਣਾ ਅਤੇ ਜੈਨ ਮੱਤ ਦੇ ਨਿਘਾਰ ਵੀ ਜੁੜਿਆ ਹੈ? ਕੀ ਆਰੀਆਵਰਤ ਦੀ ਰੂੜ੍ਹੀਵਾਦੀ ਵਿਚਾਰਧਾਰਾ ਜੋ ਸਮਾਜਿਕ ਦਰਜਾਬੰਦੀ ਅਤੇ ਵਰਣਸੰਕਲਨ ਭਾਵ ਜਾਤਾਂ, ਨਸਲਾਂ ਅਤੇ ਵਰਗਾਂ ਦੇ ਮਿਸ਼ਰਣ ਦਾ ਵਿਰੋਧ ਕਰਦੀ ਸੀ, ਨੇ ਮਗਧ ਦੇ ਖੁੱਲ੍ਹੇ, ਪ੍ਰਗਤੀਸ਼ੀਲ ਅਤੇ ਅਨੁਸ਼ਠਾਨ ਵਿਰੋਧੀ ਵਰਤਾਰੇ ਨੂੰ ਚੁਣੌਤੀ ਦਿੱਤੀ? ਕੀ ਚੌਥੀ ਤੋਂ ਦੂਜੀ ਸਦੀ ਈਸਾ ਪੂਰਵ ਆਰੀਆਵਰਤ 'ਚ ਮੌਰਿਆ ਸਾਮਰਾਜ ਦੇ ਫੈਲਾਅ ਵੱਲੋਂ ਬਲੀਆਂ ਦੇਣ ਵਾਲੀ ਬ੍ਰਾਹਮਣੀ ਵਿਚਾਰਧਾਰਾ ਦੀ ਚੜ੍ਹਤ, ਰਾਜ ਸੱਤਾ ਨਾਲ ਵਿਸ਼ੇਸ਼ ਸਬੰਧਾਂ ਨੂੰ ਚੁਣੌਤੀ ਦੇਣ ਕਾਰਨ, ਕੀ ਆਰੀਆਵਰਤ ਦਾ ਜਾਤ ਪ੍ਰਥਾ ਕਾਇਮ ਕਰਨਾ ਇਕ ਤਰ੍ਹਾਂ ਦਾ ਜਵਾਬੀ ਹਮਲਾ ਸੀ? ਕੀ ਇਸ ਨਾਲ ਉਨ੍ਹਾਂ ਨੇ ਆਪਣੇ ਪਵਿੱਤਰ ਹੋਣ ਦੇ ਆਦਰਸ਼ ਅਤੇ ਸਗੋਤੀ ਵਿਆਹ ਪ੍ਰਥਾ ਨੂੰ ਪੂਰਬੀ ਖੇਤਰਾਂ 'ਚ ਭਾਰੋਪੀ ਭਾਸ਼ਾਵਾਂ ਬੋਲਣ ਵਾਲੇ ਸਮੁੱਚੇ ਸਮਾਜਾਂ 'ਤੇ ਥੋਪ ਦਿੱਤਾ? ਜੋ ਹ ਾ ਨ ਨ ਬਰੋਂਖੋਰਸਤ ਅਨੁਸਾਰ ਇਸ ਉਪਮਹਾਂਦੀਪ 'ਚ ਜਾਤੀ ਪ੍ਰਥਾ ਦੀ ਸਥਾਪਨਾ ਤੇ ਆਰੀਆ ਲੋਕਾਂ ਦਾ ਆਗਮਨ ਇਕੋ ਸਮੇਂ ਵਾਪਰਣ ਵਾਲਾ ਸਹਿਉਦੇਸ਼ੀ ਵਰਤਾਰਾ ਨਹੀਂ। ਇਹ ਤਾਂ ਭਾਰਤੀ ਲੋਕਾਂ ਦੇ ਗਲ਼ ਦੋ ਸਹਿੰਸਰਾਂ ਬਾਅਦ 'ਚ ਪਈ। ਜਦੋਂ ਤੱਕ ਇਹ ਵਾਪਰੀ ਵਿਭਿੰਨ ਪੱਧਰਾਂ ਦਾ ਅੰਤਰ-ਮਿਸ਼ਰਣ ਪਹਿਲਾਂ ਹੀ ਹੋ ਚੁੱਕਾ ਸੀ। ਮੌਰਿਆ ਸਾਮਰਾਜ ਦੀ ਸਥਾਪਤੀ ਤੋਂ ਪਹਿਲਾਂ ਤੇ ਬਾਅਦ 'ਚ ਸ਼ਹਿਰੀਕਰਣ, ਨਵੇਂ ਧਰਮਾਂ ਦਾ ਉਦੇ, ਵਿਚਾਰਧਾਰਾਵਾਂ ਦੇ ਆਗਮਨ ਅਤੇ ਵਿਓਪਾਰੀ ਵਰਗ ਦੀ ਚੜ੍ਹਤ ਨੇ ਪੂਰਬੀ ਭਾਰਤ 'ਚ ਸਭਿਆਚਾਰਕ ਉਬਾਲ ਪੈਦਾ ਕੀਤਾ। ਇਸ ਦੇ ਵਿਚਾਰਾਂ ਦਾ ਪ੍ਰਭਾਵ ਜਾਤੀ ਪ੍ਰਥਾ ਦੇ ਸਥਾਪਨ ਤੋਂ ਬਹੁਤ ਪਹਿਲਾਂ ਫੈਲ ਚੁੱਕਾ ਸੀ।

ਭਾਰਤੀ ਇਤਿਹਾਸ 'ਚ ਈਸਾ ਤੋਂ ਕੁਝ ਸਦੀਆਂ ਪੂਰਵ ਤੇ ਕੁਝ ਸਦੀਆਂ ਬਾਅਦ ਦਾ ਸਮਾਂ ਸਿਰਜਣਾਤਮਕ ਅਤੇ ਪ੍ਰਗਤੀਸ਼ੀਲ ਸੀ। ਉਪਨਿਸ਼ਦਾਂ ਦਾ ਲਿਖੇ ਜਾਣਾ, ਬੁੱਧ ਅਤੇ ਜੈਨ ਮੱਤ ਦੇ ਰੂਪ 'ਚ ਨਵੇਂ ਦਰਸ਼ਨਾਂ ਦੇ ਹੋਂਦ 'ਚ ਆਉਣ ਨਾਲ ਨਵੇਂ ਵਿਚਾਰਾਂ, ਨਵੀਆਂ ਲੋਕ ਭਾਸ਼ਾਵਾਂ ਦਾ ਸੰਵਾਦ ਦਾ ਮਾਧਿਅਮ ਬਣਨਾ ਅਤੇ ਭਾਰਤੀ ਸਭਿਆਚਾਰਕ ਵਿਚਾਰਾਂ ਦਾ ਪੂਰਬੀ ਏਸ਼ੀਆ ਤੇ ਚੀਨ ਤੱਕ ਦੂਰ-ਦਰਾਜ਼ ਇਲਾਕਿਆਂ 'ਚ ਫੈਲਣਾ ਬੜਾ ਮਹੱਤਵਪੂਰਣ ਵਰਤਾਰਾ ਸੀ। ਇਸ ਦੌਰਾਨ ਪੂਰਬੀ ਤੇ ਦੱਖਣੀ ਭਾਰਤ 'ਚੋਂ ਬਹੁਤ ਸਾਰੇ ਸਮੁੰਦਰੋਂ ਪਾਰ ਜਾਣ ਦੇ ਹੀਲੇ ਹੋਏ। ਇਸ ਦੇ ਵਿਰੋਧ 'ਚ ਆਰੀਆਵਰਤ 'ਚ ਸਮੁੰਦਰੋਂ ਪਾਰ ਜਾਣ ਦੀਆਂ ਯਾਤਰਾਵਾਂ 'ਤੇ ਕਈ ਪਾਬੰਦੀਆਂ ਲੱਗੀਆਂ ਤਾਂ ਕਿ ਅੰਤਰ-ਮਿਸ਼ਰਣ ਨਾ ਹੋ ਸਕੇ। ਨਵੀਆਂ ਸਮਾਜਿਕ ਦਰਜਾਬੰਦੀਆਂ ਕਾਰਨ ਵਿਭਿੰਨ ਸਮਾਜਿਕ ਸਮੂਹਾਂ ਦੇ ਮਿਸ਼ਰਣ ਨੂੰ ਰੋਕ ਦਿੱਤਾ ਗਿਆ। ਸੰਸਕ੍ਰਿਤ ਭਾਸ਼ਾ ਕੁਲੀਨ ਅਤੇ ਬ੍ਰਾਹਮਣੀ ਬੁੱਧੀਜੀਵੀਆਂ ਦੇ ਪ੍ਰਵਚਨ ਅਤੇ ਸੰਵਾਦ ਦਾ ਮਾਧਿਅਮ ਬਣ ਗਈ।

ਦੂਜੀ ਸਦੀ 'ਚ ਸਮਾਜ 'ਤੇ ਥੋਪੀ ਗਈ ਸਮਾਜਿਕ ਸੰਰਚਨਾ ਨੇ ਦੇਸ਼ ਨੂੰ ਵੰਡ ਕੇ ਰੱਖ ਦਿੱਤਾ। ਟੋਨੀ ਜੋਸਫ਼ ਦਾ ਕਹਿਣਾ ਹੈ ਕਿ ਆਰੀਆਵਰਤ ਅਤੇ ਮਗਧ ਦੇ ਕੁਲੀਨ ਵਰਗ ਦਰਮਿਆਨ ਵਿਚਾਰਧਾਰਕ ਟਕਰਾਓ ਮੁੱਕ ਗਿਆ। ਬੁੱਧ ਮੱਤ ਆਪਣੀ ਜਨਮ ਭੋਇੰ 'ਚ ਹਾਰ ਜਾਣ ਤੋਂ ਬਾਅਦ ਕਈ ਸਦੀਆਂ ਤੱਕ ਹੌਲ਼ੀ ਹੌਲ਼ੀ ਕਮਜ਼ੋਰ ਹੁੰਦਾ ਗਿਆ। ਪਹਿਲੀ ਸਦੀ 'ਚ ਜਾਤ ਪ੍ਰਥਾ ਦੇ ਪੂਰੀ ਤਰ੍ਹਾਂ ਸਥਾਪਿਤ ਹੋ ਜਾਣ ਤੋਂ ਬਾਅਦ ਅਜਿਹੇ ਟਕਰਾਓ ਸੱਤਵੀਂ ਸਦੀ ਤੱਕ ਚੱਲਦੇ ਰਹੇ। ਅਜਿਹਾ ਸਾਨੂੰ ਆਦਿ ਸ਼ੰਕਰਚਾਰਯ ਦੀਆਂ ਲਿਖਤਾਂ ਤੋਂ ਪਤਾ ਚੱਲਦਾ ਹੈ ਜਿਸ ਨੇ ਬੁੱਧ ਅਤੇ ਜੈਨ ਮੱਤ ਨਾਲ ਸਿੱਧੀ ਟੱਕਰ ਲਈ ਸੀ। ਰੋਮਿਲਾ ਥਾਪਰ ਦਾ ਕਹਿਣਾ ਹੈ ਕਿ ਭਾਰਤੀ ਤਾਰਕਿਕਤਾ ਅਤੇ ਸ਼ੰਕਾਵਾਦ ਭਾਰਤੀ ਵਿਚਾਰ ਪਰੰਪਰਾ ਦਾ ਹਿੱਸਾ ਰਿਹਾ। ਇਹ ਸਿਰਫ਼ ਚਾਰਵਾਕਾਂ ਜਾਂ ਲੋਕਾਇਤਾਂ ਤੱਕ ਹੀ ਸੀਮਤ ਨਹੀਂ ਸੀ ਬਲਕਿ ਇਹ ਪ੍ਰਵਿਰਤੀ ਬੁੱਧ ਤੇ ਜੈਨ ਮੱਤ 'ਚ ਵੀ ਦੇਖੀ ਗਈ। ਪ੍ਰਸ਼ਨ ਕਰਨ ਅਤੇ ਸੰਵਾਦ ਰਚਾਉਣ ਦੀ ਪਰੰਪਰਾ ਦੇ ਬੀਜ ਇਨ੍ਹਾਂ ਵਿਚਾਰਧਾਰਾਵਾਂ 'ਚ ਪਏ ਹਨ। ਟੋਨੀ ਜੋਸਫ਼ ਅਨੁਸਾਰ ਦੱਖਣ-ਪੂਰਬੀ ਭਾਰਤ ਅਤੇ ਉੱਤਰ-ਪੱਛਮੀ ਭਾਰਤ ਦੇ ਲੋਕਾਂ ਦੇ ਖਾਣ ਪਾਣ 'ਚ ਅੰਤਰ ਦਾ ਕਾਰਨ ਵੀ ਜਣਨ ਵਿਗਿਆਨਕ ਹੈ ਜੋ ਜੀਨਜ਼ ਲੜੀ ਤੋਂ ਸਪੱਸ਼ਟ ਹੋ ਜਾਂਦਾ ਹੈ। ਇਹ ਲੜੀ ਪਝੰਤਰ ਸੌ ਸਾਲ ਪਹਿਲਾਂ ਯੂਰਪ 'ਚ ਸ਼ੁਰੂ ਹੋਈ। ਇਹ ਜੀਨਜ਼ ਮਨੁੱਖੀ ਦੇਹ ਨੂੰ ਦੁੱਧ ਦੇ ਉਪਭੋਗ ਨੂੰ ਬਚਪਨ ਤੇ ਬਾਲਗ਼ ਉਮਰ 'ਚ ਵੱਧ ਸਵੀਕਾਰ ਕਰਦੇ ਹਨ। ਹੋਮੋ ਸੇਪੀਅਨਜ਼ ਨੇ ਇਹ ਯੋਗਤਾ ਉਦੋਂ ਹੀ ਵਿਕਸਤ ਕਰ ਲਈ ਜਦੋਂ ਤੋਂ ਉਹ ਪਸ਼ੂ ਪਾਲਣ ਕਰ ਰਿਹਾ ਸੀ। ਉੱਤਰ-ਪੱਛਮੀ ਭਾਰਤੀ ਉੱਤਰ-ਪੂਰਬੀ ਭਾਰਤੀਆਂ ਨਾਲੋਂ ਦੁੱਧ ਦੀ ਵੱਧ ਵਰਤੋਂ ਕਰਦੇ ਹਨ। ਦੂਜੇ ਪਾਸੇ ਦੱਖਣੀ ਤੇ ਪੂਰਬੀ ਭਾਰਤ ਦੇ ਵਾਸੀ ਆਪਣੇ ਜੈਵਿਕ ਕਾਰਨਾਂ ਕਾਰਕੇ ਮੀਟ ਮੱਛੀ ਦਾ ਜ਼ਿਆਦਾ ਸੇਵਨ ਕਰਦੇ ਹਨ।

ਟੋਨੀ ਜੋਸਫ਼ ਅਨੁਸਾਰ ਹੁਣ ਤੱਕ ਇਹੋ ਹੀ ਸਮਝਿਆ ਜਾਂਦਾ ਰਿਹਾ ਹੈ ਕਿ ਸਾਡਾ ਇਤਿਹਾਸ ਤਕਰੀਬਨ ਸਾਢੇ ਚਾਰ ਹਜ਼ਾਰ ਵਰ੍ਹੇ ਪਹਿਲਾਂ ਉਦੋਂ ਸ਼ੁਰੂ ਹੋਇਆ ਜਦੋਂ ਹੜੱਪਾ ਸਭਿਅਤਾ ਆਪਣੇ ਪ੍ਰੌਢ ਪੜਾਅ 'ਤੇ ਪਹੁੰਚੀ ਜਾਂ ਸ਼ਾਇਦ ਉਦੋਂ ਜਦੋਂ ਕਈ ਸਦੀਆਂ ਬਾਅਦ ਵੇਦ ਰਚੇ ਗਏ। ਪਰ ਡੀ.ਐਨ.ਏ. ਦੀ ਖੋਜ ਨੇ ਪੂਰਵਇਤਿਹਾਸ ਬਾਰੇ ਸਾਰੇ ਕਿਆਸ ਗ਼ਲਤ ਸਾਬਿਤ ਕਰ ਦਿੱਤੇ। ਜਦੋਂ ਹੁਣ ਪੂਰੇ ਯੂਰੇਸ਼ੀਆ 'ਚ ਪੂਰਵਇਤਿਹਾਸ ਬਾਰੇ ਡੀਐਨਏ, ਪੁਰਾਤੱਤਵ ਅਤੇ ਭਾਸ਼ਕ ਸਰੋਤਾਂ ਆਧਾਰਿਤ ਖੋਜ ਵਿਕਸਤ ਹੋ ਰਹੀ ਹੈ ਤਾਂ ਹੁਣ ਸਮਾਂ ਆ ਗਿਆ ਹੈ ਕਿ ਇਤਿਹਾਸ ਨੂੰ ਮੁੜ ਲਿਖਿਆ ਜਾਵੇ। ਇਹ ਕੋਈ ਔਖਾ ਕਾਰਜ ਨਹੀਂ ਕਿਉਂਕਿ ਇਸ ਨਾਲ ਸਾਡੀ ਸਭਿਅਤਾ 'ਚ ਜੁੜਾਵ ਹੀ ਹੋਇਆ ਹੈ ਘਟਾਓ ਨਹੀਂ। ਅਸੀਂ ਆਪਣੇ ਆਪ ਨੂੰ ਉਸ ਬਹੁ-ਸਰੋਤੀ ਸਭਿਅਤਾ ਵਜੋਂ ਪਰਿਭਾਸ਼ਿਤ ਕਰ ਸਕਦੇ ਹਾਂ। ਇਹ ਆਪਣੀਆਂ ਸਭਿਆਚਾਰਕ ਮਨੋਵੇਗੀ ਤਰੰਗਾਂ, ਪਰੰਪਰਾਵਾਂ ਅਤੇ ਇਨ੍ਹਾਂ ਦੇ ਵਿਵਹਾਰ ਕਈ ਪ੍ਰਕਾਰ ਦੀਆਂ ਵਿਰਾਸਤਾਂ ਅਤੇ ਪਰਵਾਸੀ ਇਤਿਹਾਸਾਂ 'ਚੋਂ ਗ੍ਰਹਿਣ ਕਰਦੀ ਹੈ। ਪੈਂਹਠ ਹਜ਼ਾਰ ਸਾਲ ਪਹਿਲਾਂ ਅਫ਼ਰੀਕਾ ਤੋਂ ਬਾਹਰ ਆਏ ਨਿਡਰ ਤੇ ਖੋਜੀ ਪਰਵਾਸੀਆਂ ਨੇ ਭਾਰਤੀ ਉਪਮਹਾਂਦੀਪ ਦੀ ਧਰਤ 'ਤੇ ਪੈਰ ਰੱਖਿਆ। ਅੱਜ ਸਾਡੀ ਬਹੁਤੀ ਆਬਾਦੀ ਦੀ ਬੰਸਾਵਲੀ ਇਨ੍ਹਾਂ ਪਰਵਾਸੀਆਂ ਦੇ ਜਣਨ ਵਿਗਿਆਨਕ ਅੰਸ਼ਾਂ ਨਾਲ ਜੁੜੀ ਹੋਈ ਹੈ। ਜਿਹੜੇ ਪੱਛਮੀ ਏਸ਼ੀਆ ਦੇ ਇਰਾਨ ਦੇ ਜ਼ਗਰੋਸ ਖੇਤਰ ਤੋਂ ਖੇਤੀ ਨਿਰਭਰ ਲੋਕਾਂ ਨੇ ਭਾਰਤ 'ਚ ਆ ਖੇਤੀ ਇਨਕਲਾਬ ਆਰੰਭਿਆ ਜਿਸ ਕਾਰਨ ਹੜੱਪਾ ਸਭਿਅਤਾ ਉਸਰੀ। ਇਹੋ ਸਭਿਅਤਾ ਬਾਅਦ 'ਚ ਨਵੇਂ ਵਿਵਹਾਰਾਂ, ਸੰਕਲਪਾਂ ਅਤੇ ਦ੍ਰਾਵਿੜੀ ਭਾਸ਼ਾਵਾਂ ਦੀ ਕੁਠਾਲੀ ਬਣੀ। ਇਹ ਅੱਜ ਵੀ ਸਾਡੇ ਸਭਿਆਚਾਰ ਨੂੰ ਅਮੀਰ ਕਰ ਰਹੀ ਹੈ। ਜਿਹੜੇ ਲੋਕ ਪੂਰਬੀ ਏਸ਼ੀਆ ਤੋਂ ਆਏ ਉਹ ਆਪਣੇ ਨਾਲ ਨਵੀਆਂ ਭਾਸ਼ਾਵਾਂ, ਪੌਦੇ, ਬਨਸਪਤੀ ਅਤੇ ਖੇਤੀ ਤਕਨੀਕਾਂ ਲਿਆਏ। ਮੱਧ ਏਸ਼ੀਆ ਤੋਂ ਆਏ ਪਰਵਾਸੀ ਆਪਣੇ ਨਾਲ ਉਸ ਭਾਸ਼ਾ ਦਾ ਮੁੱਢਲਾ ਰੂਪ ਲੈ ਕੇ ਆਏ ਜਿਸ ਨੇ ਬਾਅਦ 'ਚ ਸੰਸਕ੍ਰਿਤ ਭਾਸ਼ਾ ਦੇ ਰੂਪ 'ਚ ਸਥਾਪਿਤ ਹੋਣਾ ਸੀ। ਇਸ ਤੋਂ ਬਹੁਤ ਮਗਰੋਂ ਸ਼ਰਣ ਲੈਣ ਲਈ, ਵਿਓਪਾਰ ਕਰਨ ਲਈ ਜਾਂ ਹਮਲਾਵਰ ਬਣ ਕੇ ਆਏ ਪਰਵਾਸੀ ਇੱਥੋਂ ਦੇ ਹੀ ਹੋ ਕੇ, ਇੱਥੇ ਹੀ ਵੱਸ ਰਸ ਗਏ। ਇਨ੍ਹਾਂ ਸਾਰਿਆਂ ਨੇ ਭਾਰਤੀ ਸਭਿਅਤਾ ਅਤੇ ਸਮਾਜ ਦੇ ਨਿਰਮਾਣ 'ਚ ਯੋਗਦਾਨ ਪਾਇਆ। ਇਸ ਲਈ ਕਿਹਾ ਜਾ ਸਕਦਾ ਹੈ ਕਿ ਅਸੀਂ ਸਾਰੇ ਭਾਰਤੀ ਹਾਂ ਅਤੇ ਅਸੀਂ ਸਾਰੇ ਪਰਵਾਸੀ ਹਾਂ।

-ਮਨਮੋਹਨ

# ਮਿਸ ਫਲੋਰੈਂਸ ਨੂੰ ਯਾਦ ਕਰਦਿਆਂ

ਮਿਸ ਫਲੋਰੈਂਸ ਦੇ 201ਵੇਂ ਜਨਮ ਦਿਹਾੜੇ ਨੂੰ ਵਿਸ਼ਵ ਪੱਧਰ ਉੱਤੇ ਕੌਮਾਂਤਰੀ ਨਰਸ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ। ਮਿਸ ਫਲੋਰੈਂਸ ਦਾ ਅਸਲੀ ਨਾਮ ਨਾਈਟਿੰਗੇਲ ਸੀ, ਉਸਦਾ ਦਾ ਜਨਮ 12 ਮਈ 1820 ਨੂੰ ਇਟਲੀ ਦੇ ਸ਼ਹਿਰ ਫਲੋਰੈਂਸ ਵਿੱਚ ਇਕ ਅਮੀਰ ਘਰਾਣੇ ਵਿੱਚ ਹੋਇਆ। ਬਚਪਨ ਤੋਂ ਹੀ ਉਹ ਲੋੜਵੰਦਾਂ ਅਤੇ ਬਿਮਾਰ ਲੋਕਾਂ ਪ੍ਰਤੀ ਰਹਿਮ ਦਿਲ ਸਨ। ਇਨ੍ਹਾਂ ਲੋਕਾਂ ਦੀ ਮਦਦ ਕਰਨ ਨੂੰ ਹੀ ਉਹ ਰੱਬ ਦੀ ਪੂਜਾ ਆਖਦੀ ਪਰ ਮਾਪੇ ਇਸ ਵਿਵਹਾਰ ਤੋਂ ਨਾ-ਖੁਸ਼ ਸਨ। ਮਾਪਿਆਂ ਦੀ ਇੱਛਾ ਦੇ ਵਿਰੋਧ ਦੇ ਬਾਵਜੂਦ ਮਿਸ ਫਲੋਰੈਂਸ ਨੇ 1844 ਵਿੱਚ ਜਰਮਨੀ ਦੇ ਇਕ ਮਸ਼ਹੂਰ ਹਸਪਤਾਲ ਵਿੱਚ ਉਸਨੇ ਨਰਸਿੰਗ ਵਿਦਿਆਰਥਣ ਵਜੋਂ ਦਾਖਲਾ ਲੈ ਲਿਆ।

1850 ਵਿੱਚ ਲੰਡਨ ਵਿੱਚ ਨਰਸਿੰਗ ਦੀ ਨੌਕਰੀ ਕਰਨੀ ਸ਼ੁਰੂ ਕੀਤੀ, ਇਥੇ ਉਨ੍ਹਾਂ ਦੀਆਂ ਸੇਵਾਵਾਂ ਤੋਂ ਹਸਪਤਾਲ ਸਟਾਫ ਇੰਨਾ ਪ੍ਰਭਾਵਿਤ ਹੋਇਆ ਕਿ ਇਕ ਸਾਲ ਦੇ ਅੰਦਰ ਹੀ ਉਨ੍ਹਾਂ ਨਰਸਿੰਗ ਸੁਪਰਡੈਂਟ ਦੇ ਜਮਿਵਾਰ ਅਹੁਦੇ ਨੂੰ ਸੰਭਾਲ ਲਿਆ। ਉਸ ਸਮੇਂ ਸੰਸਾਰ ਭਰ ਵਿੱਚ ਹੈਜਾ ਨਾਂ ਦੀ ਮਹਾਮਾਰੀ ਚੱਲ ਰਹੀ ਸੀ, ਜਿਸ ਕਰਕੇ ਇਹ ਸਮਾਂ ਉਸੇ ਤਰ੍ਹਾਂ ਦੀ ਹੀ ਚੁਣੌਤੀ ਵਾਲਾ ਸੀ, ਜਿਵੇਂ ਕਰੋਨਾ ਮਹਾਮਾਰੀ ਦੇ ਚੱਲਦਿਆਂ ਅੱਜ ਨਰਸਿੰਗ ਸਟਾਫ ਲਈ ਹੈ। ਇਸ ਮੁਸ਼ਕਲ ਦੌਰ ਦਾ ਅਜੇ ਪੂਰੀ ਤਰ੍ਹਾਂ ਅੰਤ ਹੋਣਾ ਬਾਕੀ ਸੀ ਕਿ 1853 ਵਿੱਚ ਕਰੀਮੀਆ ਦੀ ਜੰਗ ਸ਼ੁਰੂ ਹੋ ਗਈ, ਇਸ ਜੰਗ ਦੌਰਾਨ ਮਿਸ ਫਲੋਰੈਂਸ ਨੇ 34 ਹੋਰ ਨਰਸਾਂ ਦੇ ਸਹਿਯੋਗ ਨਾਲ ਜ਼ਖਮੀ ਫੌਜੀਆਂ ਦੀ ਦੇਖਭਾਲ ਕੀਤੀ। ਉਸ ਨੇ ਨੋਟ ਕੀਤਾ ਕਿ ਬਹੁਤਾਤ ਫੌਜੀਆਂ ਦੀ ਮੌਤ ਜ਼ਖਮੀ ਹੋਣ ਦੀ ਵਜ੍ਹਾ ਨਾਲ ਨਹੀਂ ਸਗੋਂ ਇੰਨਫੈਕਸ਼ਨ ਹੋਣ (ਲਾਗ ਲੱਗਣ) ਕਾਰਨ ਹੋ ਰਹੀ ਸੀ, ਜਿਸਦਾ ਮੁੱਖ ਕਾਰਨ ਯੋਗ ਸਾਫ-ਸਫਾਈ ਦਾ ਘਾਟ ਸੀ। ਮਿਸ ਫਲੋਰੈਂਸ ਜ਼ਖਮੀਆਂ ਦੀ ਮਰ੍ਹਮ ਪੱਟੀ ਦੇ ਨਾਲ-ਨਾਲ ਹਸਪਤਾਲ ਦੀ ਸਫਾਈ 'ਤੇ ਵਿਸ਼ੇਸ਼ ਤਵੱਜੋਂ ਦੇਣੀ ਸ਼ੁਰੂ ਕਰ ਦਿੱਤੀ ਤਾਂ ਬਹੁਤ ਜਲਦੀ ਕੁਝ ਹੀ ਦਿਨਾਂ ਬਾਅਦ ਮੌਤ ਦਰ ਘਟਣੀ ਸ਼ੁਰੂ ਹੋ ਗਈ। ਉਹ ਹਰ ਵਕਤ ਜ਼ਖਮੀਆਂ ਦੀ ਸੇਵਾ ਕਰਦੀ ਨਜ਼ਰ ਆਈ, ਇਥੋਂ ਤੱਕ ਰਾਤ ਨੂੰ ਵੀ ਹੱਥ 'ਚ ਲੈਂਪ ਲੈ ਬਿਮਾਰ ਫੌਜੀਆਂ ਦੇਖਭਾਲ ਕਰਦੀ ਰਹਿੰਦੀ, ਜਿਸ ਕਾਰਨ 'ਲੇਡੀ ਵਿਦ ਲੈਂਪ' ਕਰ ਕੇ ਵੀ ਉਹ ਜਾਣੀ ਜਾਣ ਲੱਗੀ।

ਇਸ ਜੰਗ ਦੇ ਮਾਹੌਲ ਦੇ ਚਲਦਿਆਂ ਹੀ ਉਸ ਨੇ ਨਾਈਟਿੰਗੇਲ ਨੇ ਕੁਝ ਵਿਸ਼ੇਸ਼ ਨੋਟ ਲਿਖੇ, ਜਿਨ੍ਹਾਂ ਦਾ ਮੁੱਖ ਵਿਸ਼ਾ 'ਸਿਹਤ ਨੂੰ ਪ੍ਰਭਾਵਿਤ ਕਰਨ ਵਾਲੇ ਵਿਸ਼ੇਸ਼ ਕਾਰਨ ਅਤੇ ਹਸਪਤਾਲ ਪ੍ਰਸਾਸਨ ਦੀਆਂ ਜ਼ਿੰਮੇਵਾਰੀਆਂ' ਉੱਤੇ ਆਧਾਰਿਤ ਸੀ। ਉਸ ਨੇ ਪਹਿਲੀ ਵਾਰ ਲਿਖਤੀ ਤੌਰ 'ਤੇ ਨੋਟ ਜਾਰੀ ਕਰਦਿਆਂ ਦੱਸਿਆ ਕਿ ਰੋਗੀ ਦਾ ਕਮਰਾ ਹਵਾਦਾਰ ਹੋਣਾ ਚਾਹੀਦਾ ਹੈ, ਸੂਰਜ ਦੀ ਰੌਸ਼ਨੀ ਕਮਰੇ ਤੱਕ ਪਹੁੰਚਣੀ ਅਤਿਅੰਤ ਜਰੂਰੀ ਹੈ, ਨੇੜੇ ਜ਼ਿਆਦਾ ਸ਼ੋਰ-ਸ਼ਰਾਬਾ ਨਹੀਂ ਹੋਣਾ ਚਾਹੀਦਾ, ਬਿਸਤਰ ਅਤੇ ਕਮਰਾ ਸਾਫ-ਸੁਥਰਾ ਹੋਣਾ ਚਾਹੀਦਾ ਹੈ ਅਤੇ ਰੋਗੀ ਨੂੰ ਤਾਜ਼ਾ ਪੋਸ਼ਟਿਕ ਆਹਾਰ ਲੈਣਾ ਚਾਹੀਦਾ ਹੈ। ਅਜੋਕੇ ਸਮੇਂ ਵਿੱਚ ਵੀ ਕਰੋਨਾ ਮਹਾਮਾਰੀ ਦੇ ਦੌਰਾਨ ਵੀ ਜਦੋਂ ਪੀੜਤ ਮਰੀਜ਼ ਨੂੰ ਇਕਾਂਤ 'ਚ ਰੱਖਿਆ ਜਾਂਦਾ ਹੈ ਤਾਂ ਉਪਰੋਕਤ ਸਾਰੀਆਂ ਗੱਲਾਂ ਦਾ ਧਿਆਨ ਖਾਸ ਤੌਰ 'ਤੇ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ। ਮਿਸ ਫਲੋਰੈਂਸ ਨਾਈਟਿੰਗੇਲ ਨੇ ਦੁਨੀਆਂ ਭਰ ਵਿੱਚ ਇਕ ਸਟੈਟਇਸਟਿਕਸ ਵਜੋਂ ਵੀ ਨਾਮਣਾ ਖੱਟਿਆ। ਉਸਨੇ ਜੰਗ ਮੌਕੇ ਮਾਰੇ ਗਏ ਫੌਜੀਆਂ ਦੇ ਮੌਤ ਦੇ ਕਾਰਨਾਂ ਦੇ ਬਾਰੇ ਇਕ ਰਿਪੋਰਟ ਤਿਆਰ ਕੀਤੀ, ਜਿਸ ਵਿੱਚ ਸਾਹਮਣੇ ਆਇਆ ਕਿ 18,000 ਫੌਜੀਆਂ 'ਚੋਂ 16,000 ਦੀ ਮੌਤ ਦੀ ਵਜ੍ਹਾ ਇਲਾਜਯੋਗ ਬੀਮਾਰੀਆਂ ਤੋਂ ਹੋਈ, ਜਿਨ੍ਹਾਂ ਦੀ ਸਹੀ ਵਕਤ ਸਹੀ ਦੇਖਭਾਲ ਨਾ ਮਿਲਣਾ ਸੀ। ਇਨ੍ਹਾਂ ਅੰਕੜਿਆਂ ਨੇ ਸਭ ਨੂੰ ਹੈਰਾਨ ਕਰ ਦਿੱਤਾ। 38 ਸਾਲ ਦੀ ਉਮਰ ਵਿੱਚ ਉਹ ਖੁਦ ਬਿਮਾਰ ਪੈ ਗਈ ਅਤੇ ਬਹੁਤ ਸਾਲ ਬਿਸਤਰ 'ਤੇ ਹੀ ਰਹੀ, ਇਸ ਸਮੇਂ ਦੌਰਾਨ ਮਿਸ ਫਲੋਰੈਂਸ ਇਕ ਬਹੁ-ਪੱਖੀ ਸਖਸੀਅਤ ਤਰ੍ਹਾਂ ਸਾਹਮਣੇ ਆਈ, ਉਸਨੇ ਲੇਖਕ, ਕਵੀਤਰੀ ਅਤੇ ਗਾਇਕਾ ਦੇ ਤੌਰ 'ਤੇ ਵੀ ਪ੍ਰਸਿਧੀ ਹਾਸਲ ਕੀਤੀ। ਉਸਨੇ ਸਾਰੀ ਉਮਰ ਰੋਗੀਆਂ ਅਤੇ ਲੋੜਵੰਦਾਂ ਦੀ ਸੇਵਾ ਕਰਦਿਆਂ ਹੀ ਬਿਤਾਈ। ਆਪਣੀ ਜਮਾਂ-



ਪੂੰਜੀ ਖਰਚ ਕੇ ਉਸ ਨੇ ਸੰਤ ਥੌਮਸ ਹਸਪਤਾਲ ਵਿੱਚ ਨਰਸਿੰਗ ਸਕੂਲ ਦੀ ਸਥਾਪਨਾ ਕੀਤੀ ਅਤੇ ਲੜਕੀਆਂ ਨੂੰ ਨਰਸਿੰਗ ਨੂੰ ਇਕ ਕਿੱਤੇ ਦੇ ਤੌਰ 'ਤੇ ਅਪਨਾਉਣ ਲਈ ਉਤਸ਼ਾਹਿਤ ਕੀਤਾ। ਇਸ ਤਰ੍ਹਾਂ ਮਿਸ ਫਲੋਰੈਂਸ ਨਾਈਟਿੰਗੇਲ ਨੇ ਸਭ ਤੋਂ ਪਹਿਲਾਂ ਨਰਸਿੰਗ ਨੂੰ ਇਕ ਪ੍ਰੋਫੈਸ਼ਨਲ ਕਿੱਤੇ ਵਾਂਗ ਦੁਨੀਆਂ ਵਿੱਚ ਉਭਾਰਿਆ। 1908 ਵਿੱਚ 88 ਸਾਲ ਦੀ ਉਮਰ ਵਿੱਚ ਕਿੰਗ ਐਡਵਰਡ ਵੱਲੋਂ ਉਸ ਨੂੰ ਨੈਸ਼ਨਲ ਐਵਾਰਡ ਨਾਲ ਸਨਮਾਨਿਆ ਗਿਆ। 13 ਅਗਸਤ 1910 ਨੂੰ ਲੰਡਨ ਵਿੱਚ ਆਪਣੇ ਘਰ ਹੀ ਇਕ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਦਿਲ ਦਾ ਦੌਰਾ ਪੈਣ ਕਾਰਨ ਉਹ ਸਦਾ ਲਈ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਈ। ਉਸ ਨੇ ਮਰਨ ਤੋਂ ਪਹਿਲਾਂ ਆਪਣੀ ਇੱਛਾ ਜ਼ਾਹਰ ਕੀਤੀ ਕਿ ਉਸਦੀਆਂ ਅੰਤਿਮ ਰਸਮਾਂ ਪੂਰੀ ਸਾਦਗੀ ਦੇ ਨਾਲ ਨਿਭਾਈਆਂ ਜਾਣ। ਇਸ ਤਰ੍ਹਾਂ ਮਿਸ ਨੇ ਆਪਣਾ ਸਾਰਾ ਜੀਵਨ ਬਿਮਾਰ ਵਿਅਕਤੀਆਂ ਦੀ ਸੇਵਾ-ਸੰਭਾਲ ਕਰਦਿਆਂ ਅਤੇ ਨਰਸਿੰਗ ਪ੍ਰੋਫੈਸ਼ਨ ਦਾ ਦੁਨੀਆਂ ਭਰ ਵਿੱਚ ਪ੍ਰਚਾਰ ਅਤੇ ਪ੍ਰਸਾਰ ਕਰਦਿਆਂ ਬਿਤਾ ਦਿੱਤਾ।

ਸਾਰਾ ਸੰਸਾਰ ਕਰੋਨਾ ਨਾਂ ਦੀ ਕਰੋਪੀ ਨਾਲ ਜੂਝ ਰਿਹਾ ਹੈ ਅਤੇ ਮਿਸ ਫਲੋਰੈਂਸ ਨਾਈਟਿੰਗੇਲ ਦੇ ਜਨਮ ਦਿਨ ਮੌਕੇ ਉਸਦੀਆਂ ਮਨੁੱਖਤਾ ਨੂੰ ਦਿੱਤੀਆਂ ਸੇਵਾਵਾਂ ਨੂੰ ਯਾਦ ਕੀਤਾ ਜਾ ਰਿਹਾ ਹੈ। ਦੋ ਸਦੀਆਂ ਬਾਅਦ ਵੀ ਉਸ ਮਹਾਨ ਦੇਵੀ ਦੀਆਂ ਕਹੀਆਂ ਗੱਲਾਂ ਸੱਚ ਸਾਬਤ ਹੋ ਰਹੀਆਂ ਹਨ। ਸਾਰੇ ਪ੍ਰਣ ਕਰੀਏ ਕਿ ਇਸ ਮਹਾਮਾਰੀ ਵਿਚੋਂ ਨਿਕਲਣ ਲਈ ਇਕ-ਦੂਜੇ ਦਾ ਸਹਿਯੋਗ ਦੇਈਏ। ਆਪਣੀ ਅਤੇ ਆਪਣੇ ਆਲੇ-ਦੁਆਲੇ ਦੀ ਸਫਾਈ ਰੱਖੀਏ। ਸਰਕਾਰ ਵੱਲੋਂ ਸਿਹਤ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਉੱਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰੀਏ। ਸਮੇਂ-ਸਮੇਂ 'ਤੇ ਹੱਥ ਧੋਂਦੇ ਰਹੀਏ ਅਤੇ ਵਾਰ-ਵਾਰ ਹੱਥਾਂ ਨੂੰ ਸੈਨੇਟਾਈਜ਼ ਕਰੀਏ। ਕਿਤੇ ਵੀ ਭੀੜ ਨਾ ਬਣਾਈਏ, ਹਰ ਜਗ੍ਹਾ ਉਪਰ ਇਕ ਗਜ ਤੱਕ ਦੀ ਦੂਰੀ ਜਰੂਰ ਬਣਾਕੇ ਰੱਖੀਏ। ਮਾਸਕ ਦੀ ਵਰਤੋਂ ਨੂੰ ਯਕੀਨੀ ਬਣਾਈਏ। ਬਿਨਾਂ ਲੋੜ ਤੋਂ ਘਰ ਤੋਂ ਬਾਹਰ ਨਾ ਨਿਕਲਿਆ ਜਾਵੇ। ਸਭ ਤੋਂ ਜਰੂਰੀ ਧਿਆਨ ਰੱਖਣ-ਯੋਗ ਗੱਲ ਹੈ ਕਿ ਅਸੀਂ ਇਸ ਔਖੀ ਘੜੀ ਵਕਤ ਇਨਸਾਨੀਅਤ ਨੂੰ ਵਿਸਾਰੀਏ ਅਤੇ ਇਕ-ਦੂਜੇ ਨੂੰ ਸਾਥ-ਸਹਿਯੋਗ ਦੇਈਏ। ਆਪਣੇ ਦੋਸਤਾਂ-ਮਿੱਤਰਾਂ ਨਾਲ ਗੱਲ ਕਰੀਏ ਅਤੇ ਉਨ੍ਹਾਂ ਨੂੰ ਦੱਸੀਏ ਕਿ ਇਹ ਸੱਚ ਹੈ ਇਹ ਕਰੋਨਾ ਨਾਂ ਦਾ ਵਾਇਰਸ ਸਾਨੂੰ ਬਿਮਾਰ ਜਾਂ ਬਹੁਤ ਬਿਮਾਰ ਜਾਂ ਫਿਰ ਹੋ ਸਕਦਾ ਹੈ ਸਾਡੀ ਜਾਨ ਹੀ ਲੈ ਲਵੇ ਪਰ ਅਸੀਂ ਸਵੈ-ਸ਼ਕਤੀ ਨਾਲ ਅਤੇ ਹੌਸਲੇ ਵਿੱਚ ਰਹਿ ਕੇ ਇਸ ਨੂੰ ਹਰਾ ਸਕਦੇ ਹਾਂ। ਕਰੋਨਾ ਰਿਪੋਰਟ ਪਾਜ਼ੇਟਿਵ ਆਉਣ 'ਤੇ ਘਬਰਾਉਣਾ ਨਹੀਂ ਸਗੋਂ ਡਾਕਟਰ ਦੀ ਸਲਾਹ ਨਾਲ ਕੋਸ਼ਿਸ਼ ਕਰਨਾ ਕਿ ਘਰ ਵਿੱਚ ਹੀ ਇਕਾਂਤਵਾਸ ਵਿੱਚ ਇਲਾਜ ਰਹਿ ਇਲਾਜ ਕਰਨਾ ਹੈ। ਪਰਿਵਾਰ ਨੂੰ ਮਰੀਜ ਨੂੰ ਉਸਦੇ ਨਾਲ ਹੋਣ ਦਾ ਭਰੋਸਾ ਦੇਣਾ ਬਹੁਤ ਜਰੂਰੀ ਹੈ। ਸਮੇਂ ਸਮੇਂ ਡਾਕਟਰ ਨੂੰ ਮਰੀਜ਼ ਦੀ ਸਿਹਤ ਬਾਰੇ ਜਾਣਕਾਰੀ ਦਿੰਦੇ ਰਹਿਣਾ ਹੈ। ਰੋਗੀ ਦੇ ਖਾਣ-ਪੀਣ ਦਾ ਵਿਸ਼ੇਸ਼ ਧਿਆਨ ਰੱਖਣਾ ਹੈ। ਇਨ੍ਹਾਂ ਸਭ ਹਦਾਇਤਾਂ ਦੀ ਪਾਲਣਾ ਕਰਦੇ ਹੋਏ, ਅਸੀਂ ਇਸ ਕਰੋਨਾ ਨਾਮਕ ਜੰਗ ਉੱਤੇ ਯਕੀਨੀ ਤੌਰ 'ਤੇ ਜਿੱਤ ਪ੍ਰਾਪਤ ਕਰ ਸਕਦੇ ਹਾਂ ਅਤੇ ਇਹ ਹੀ ਮਿਸ ਫਲੋਰੈਂਸ ਨਾਈਟਿੰਗੇਲ ਦੀਆਂ ਸੇਵਾਵਾਂ ਪ੍ਰਤੀ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ।

-ਯਸ਼ਪ੍ਰੀਤ ਕੌਰ

# ਕੈਨੇਡਾ ਮਹਾਨ ਬਣੇਗਾ ਜਾਂ ...?

ਤਿੰਨ ਮਿਸਾਲਾਂ ਨਾਲ ਗੱਲ ਸ਼ੁਰੂ ਕਰਾਂਗਾ। ਏਅਰਪੋਰਟਾਂ 'ਤੇ ਇਹ ਸਹੂਲਤ ਬਜ਼ੁਰਗਾਂ ਜਾਂ ਬਿਮਾਰ ਲੋਕਾਂ ਲਈ ਦਿੱਤੀ ਜਾਂਦੀ ਹੈ ਕਿ ਜੇ ਉਹ ਤੁਰ ਨਹੀਂ ਸਕਦੇ ਤਾਂ ਉਹ ਵ੍ਹੀਲਚੇਅਰ ਦੀ ਮੰਗ ਕਰ ਸਕਦੇ ਹਨ। ਇਸ ਨਾਲ ਨਾ ਸਿਰਫ ਵ੍ਹੀਲਚੇਅਰ ਮਿਲਦੀ ਹੈ ਸਗੋਂ ਇਕ ਏਅਰਪੋਰਟ ਦਾ ਕਰਮਚਾਰੀ ਤੁਹਾਨੂੰ ਵ੍ਹੀਲਚੇਅਰ 'ਤੇ ਬਿਠਾ ਕੇ ਜਿੱਥੇ ਤੁਸੀਂ ਜਾਣਾ ਹੋਵੇ, ਲਿਜਾਂਦਾ ਹੈ। ਸਾਡੇ ਕੁਝ ਲੋਕਾਂ ਨੇ ਤਰੀਕਾ ਇਹ ਕੱਢਿਆ ਹੈ ਕਿ ਜੇ ਕਿਸੇ ਬਜ਼ੁਰਗ ਨੂੰ ਇਕੱਲੇ ਭੇਜਣਾ ਹੈ ਤਾਂ ਵ੍ਹੀਲਚੇਅਰ ਮੰਗ ਲਓ, ਉਸ ਨਾਲ ਸਾਰਾ ਕੰਮ ਸੌਖਾ ਹੋ ਜਾਵੇਗਾ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਏਅਰਪੋਰਟ ਵਾਲਿਆਂ ਨੂੰ ਨਵਾਂ ਕੰਮ ਛਿੜ ਗਿਆ ਹੈ। ਉਨ੍ਹਾਂ ਨੂੰ ਆਪਣੀ ਉਮੀਦ ਨਾਲੋਂ ਵੱਧ ਲੋਕ ਵ੍ਹੀਲਚੇਅਰਾਂ 'ਤੇ ਲਾਉਣੇ ਪੈਂਦੇ ਹਨ।

ਕੈਨੇਡਾ ਦੇ ਸਿਹਤ ਢਾਂਚੇ ਦੀ ਭਾਵੇਂ ਬਹੁਤ ਤਾਰੀਫ ਕੀਤੀ ਜਾਂਦੀ ਹੈ, ਪਰ ਇਹ ਵੀ ਖਾਮੀਆਂ ਤੋਂ ਮੁਕਤ ਨਹੀਂ ਹੈ। ਇੱਥੇ ਹਸਪਤਾਲਾਂ ਦੇ ਐਮਰਜੈਂਸੀ ਸਿਸਟਮ ਵਿਚ ਐਨੀ ਲੰਬੀ ਉਡੀਕ ਹੋ ਜਾਂਦੀ ਹੈ ਕਿ ਉਸ ਦੇ ਮੁਕਾਬਲੇ ਤੁਹਾਨੂੰ ਇੰਡੀਆ ਦਾ ਸਿਸਟਮ ਸੁਪਰਫਾਸਟ ਲੱਗੇਗਾ। ਹਸਪਤਾਲਾਂ ਦੀ ਐਮਰਜੈਂਸੀ ਵਿਚ ਹੀ ਕਈ ਕਈ ਘੰਟੇ ਉਡੀਕ ਕਰਨੀ ਪੈਂਦੀ ਹੈ। ਪਰ ਜੇ ਕਿਸੇ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੋਵੇ, ਐਨੀ ਖਰਾਬ ਤਾਂ ਇਹ ਸੁਵਿਧਾ ਵੀ ਹੈ ਕਿ ਤੁਸੀਂ 911 ਕਾਲ ਕਰੋ ਅਤੇ ਐਂਬੂਲੈਂਸ ਘਰ ਬੁਲਾ ਲਓ। ਇਹ ਐਮਰਜੈਂਸੀ ਸੁਵਿਧਾ ਹੈ। ਸਾਡੇ ਵਾਲੇ ਕੁਝ ਸੱਜਣਾਂ ਨੇ ਨਵਾਂ ਤਰੀਕਾ ਕੱਢਿਆ। ਉਹ ਐਮਰਜੈਂਸੀ ਰੂਮ ਦੀ ਲਾਈਨ ਤੋਂ ਬਚਣ ਲਈ ਖੁਦ ਐਮਰਜੈਂਸੀ ਵਿਚ ਨਹੀਂ ਜਾਂਦੇ। ਉਹ 911 ਕਾਲ ਕਰਦੇ ਹਨ। ਘਰ ਵਿਚ ਐਂਬੂਲੈਂਸ ਬੁਲਾਉਂਦੇ ਹਨ। ਕਿਸੇ ਦਰਦ ਜਾਂ ਬਹੁਤ ਜ਼ਿਆਦਾ ਤਕਲੀਫ ਦਾ ਬਹਾਨਾ ਕਰਦੇ ਹਨ। ਐਂਬੂਲੈਂਸ ਆਏਗੀ ਅਤੇ ਹਸਪਤਾਲ ਲਿਜਾਏਗੀ। ਜਦੋਂ ਕੋਈ ਮਰੀਜ਼ ਐਂਬੂਲੈਂਸ ਰਾਹੀਂ ਹੌਸਪੀਟਲ ਪਹੁੰਚਿਆ ਤਾਂ ਉਸ ਨੂੰ ਪਹਿਲ ਦੇ ਆਧਾਰ 'ਤੇ ਦੇਖਿਆ ਜਾਵੇਗਾ। ਆਪਣਾ ਉੱਲੂ ਸਿੱਧਾ ਹੋਣਾ ਚਾਹੀਦਾ ਹੈ, ਭਾਵੇਂ ਕਿਵੇਂ ਵੀ ਹੋਵੇ। ਕੈਨੇਡਾ ਵਿਚ ਨਵੇਂ ਆਉਣ ਵਾਲਿਆਂ ਲਈ ਇੱਥੇ ਡਰਾਈਵਿੰਗ ਲਾਇਸੈਂਸ ਲੈਣਾ ਪਹਿਲੀ ਵੱਡੀ ਚੁਣੌਤੀ ਹੁੰਦੀ ਹੈ। ਇੱਥੋਂ ਦਾ ਡਰਾਈਵਰ ਲਾਇਸੈਂਸ ਦਾ ਸਿਸਟਮ ਹੋਰ ਵਿਕਸਿਤ ਮੁਲਕਾਂ ਦੀ ਤਰ੍ਹਾਂ ਕਾਫੀ ਪ੍ਰਭਾਵਸ਼ਾਲੀ ਹੈ। ਲਾਇਸੈਂਸ ਲੈਣ ਲਈ ਪਹਿਲਾਂ ਲਿਖਤੀ ਟੈਸਟ ਪਾਸ ਕਰੋ। ਉਸ ਤੋਂ ਬਾਅਦ ਡਰਾਈਵਿੰਗ ਸਕੂਲ ਤੋਂ ਟਰੇਨਿੰਗ ਲਓ ਅਤੇ ਬਾਅਦ ਵਿਚ ਡਰਾਈਵ ਟੈਸਟ ਦਿਓ। ਵੱਡੀ ਗਿਣਤੀ ਅਜਿਹੇ ਲੋਕਾਂ ਦੀ ਹੁੰਦੀ ਹੈ ਜਿਹੜੇ ਦੂਜੀ ਜਾਂ ਤੀਜੀ ਕੋਸ਼ਿਸ਼ ਵਿਚ ਡਰਾਈਵ ਟੈਸਟ ਪਾਸ ਕਰਦੇ ਹਨ। ਬਹੁਤ ਵਿਰਲੇ ਹੋਣਗੇ ਜਿਨ੍ਹਾਂ ਨੇ ਪਹਿਲੀ ਕੋਸ਼ਿਸ਼ ਵਿਚ ਹੀ ਟੈਸਟ ਪਾਸ ਕੀਤਾ। ਕੁਝ ਸਾਲ ਪਹਿਲਾਂ ਕੋਈ



ਮਿਲਿਆ। ਉਹ ਨਵਾਂ ਆਇਆ ਸੀ ਅਤੇ ਲਾਇਸੈਂਸ ਲੈਣ ਵਾਸਤੇ ਤਿਆਰੀ ਕਰ ਰਿਹਾ ਸੀ। ਮੈਨੂੰ ਕਹਿੰਦਾ ਕਿ ਕੁਝ ਲੈ ਦੇ ਕੇ ਲਾਇਸੈਂਸ ਲੈਣ ਵਾਲਾ ਸਿਸਟਮ ਨਹੀਂ ਚੱਲਦਾ। ਮੈਂ ਕਿਹਾ ਇੱਥੇ ਇਸ ਤਰ੍ਹਾਂ ਨਹੀਂ ਹੁੰਦਾ। ਇੱਥੇ ਤਾਂ ਟੈਸਟ ਪਾਸ ਕਰਨਾ ਪੈਣਾ ਹੈ। ਮੈਂ ਹੀ ਅਨਜਾਣ ਸਾਂ। ਹੁਣ ਸੁਣਦੇ ਹਾਂ ਕਿ ਭਾਵੇਂ ਬਿਨਾਂ ਟੈਸਟ ਦੇ ਪੈਸੇ ਦੇ ਕੇ ਲਾਇਸੈਂਸ ਲੈਣ ਵਾਲੀ ਇੰਡੀਆ ਵਰਗੀ ਗੱਲ ਨਾ ਹੋਵੇ, ਪਰ ਸਾਡੇ ਲੋਕਾਂ ਨੇ ਡਰਾਈਵ ਟੈਸਟ ਵਿਚ ਹੇਰਾਫੇਰੀਆਂ ਦੇ ਤਰੀਕੇ ਜ਼ਰੂਰ ਕੱਢ ਲਏ ਹਨ। ਇਨ੍ਹਾਂ ਤਿੰਨਾਂ ਮਿਸਾਲਾਂ ਦੇ ਸਾਰ ਨੂੰ ਇਕ ਹੋਰ ਦੋਸਤ ਨੇ ਪੇਸ਼ ਕੀਤਾ। ਉਹ ਕਹਿੰਦਾ ਹੈ ਕਿ ਕੈਨੇਡਾ ਵਾਲੇ ਮੁਲਕ ਤਾਂ ਸਤਜੁਗੀ ਬਣਾਉਣਾ ਚਾਹੁੰਦੇ ਹਨ, ਪਰ ਸਾਰੀ ਦੁਨੀਆ ਵਿਚੋਂ ਬੰਦੇ ਕਲਜੁਗੀ ਬੁਲਾ ਲਏ। ਅਜਿਹੇ ਲੋਕਾਂ ਨਾਲ ਕਿਹੜਾ ਮੁਲਕ ਬਣਾਉਣਗੇ? ਕੈਨੇਡਾ ਦੇ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਤ ਕਈ ਲੋਕ ਇਹ ਮੰਨਦੇ ਹਨ ਕਿ ਕੈਨੇਡਾ ਨੇ ਬਹੁ-ਸਭਿਆਚਾਰਵਾਦ ਦੇ ਨਾਂ 'ਤੇ ਜਿਸ ਤਰ੍ਹਾਂ ਦਾ ਮੁਲਕ ਉਸਾਰਨਾ ਸ਼ੁਰੂ ਕੀਤਾ ਹੈ, ਉਸ ਨਾਲ ਉਹ ਇਕ ਨਵੀਂ ਸਭਿਅਤਾ ਉਸਾਰ ਰਹੇ ਹਨ। ਭਵਿੱਖ ਦਾ ਇਕ ਅਜਿਹਾ ਸਮਾਜ ਉਸਾਰ ਰਹੇ ਹਨ ਜਿਹੜਾ ਕਿਸੇ ਇਕ ਨਸਲ, ਧਰਮ, ਭਾਸ਼ਾ ਜਾਂ ਸਭਿਆਚਾਰ 'ਤੇ ਆਧਾਰਿਤ ਨਹੀਂ ਹੋਵੇਗਾ। ਜਿਸ ਨੂੰ ਕਿਸੇ ਇਕ ਸਭਿਆਚਾਰ ਜਾਂ ਨਸਲ ਨਾਲ ਨਹੀਂ ਜੋੜਿਆ ਜਾ ਸਕੇਗਾ। ਉਨ੍ਹਾਂ ਦਾ ਮੰਨਣਾ ਹੈ ਕਿ ਕੈਨੇਡਾ ਦਾ ਬਹੁ-ਸਭਿਆਚਾਰਵਾਦ ਇਕ ਦਿਨ ਇਸ ਨੂੰ ਸਭਿਆਚਾਰਕ ਵਖਰੇਵਿਆਂ ਤੋਂ ਪਾਰ ਲੈ ਜਾਵੇਗਾ। ਇਸ ਨਾਲ ਕੈਨੇਡਾ ਦੁਨੀਆ ਸਾਹਮਣੇ ਇਕ ਨਵੀਂ ਤਰ੍ਹਾਂ ਦੇ ਸਮਾਜ ਦੀ ਮਿਸਾਲ ਬਣੇਗਾ। ਇਕ ਸੁਪਨੇ ਦੇ ਤੌਰ 'ਤੇ ਇਹ ਇਕ ਖੂਬਸੂਰਤ ਖਿਆਲ ਲੱਗਦਾ ਹੈ। ਕਿਸੇ ਵਕਤ ਮਾਰਕਸਵਾਦੀ ਸੋਚ ਨੇ ਸਟੇਟ ਤੋਂ ਮੁਕਤ ਸਮਾਜ ਦਾ ਸੁਪਨਾ ਲਿਆ ਸੀ, ਜਿੱਥੇ ਨਾ ਸਟੇਟ ਹੋਵੇਗਾ ਅਤੇ ਨਾ ਨਿੱਜੀ ਸੰਪਤੀ। ਉਹ ਵੀ ਇਕ ਖੂਬਸੂਰਤ ਖਿਆਲ ਸੀ, ਪਰ ਵਿਹਾਰਕ ਤੌਰ 'ਤੇ ਗੱਲ ਉਸ ਪਾਸੇ ਜਾਣ ਦੀ ਬਜਾਏ ਉਲਟ ਪਾਸੇ ਗਈ। ਕੀ ਕੈਨੇਡਾ ਦੇ ਸੁਪਨੇ ਨਾਲ ਵੀ ਉਸੇ ਤਰ੍ਹਾਂ ਹੋ ਸਕਦਾ ਹੈ? ਕੈਨੇਡਾ ਦੇ ਭਵਿੱਖ ਨੂੰ ਲੈ ਕੇ ਸਾਰੇ ਲੋਕ ਉਸ ਤਰ੍ਹਾਂ ਆਸਵੰਦ ਨਹੀਂ, ਜਿਵੇਂ ਕੈਨੇਡਾ ਦੇ ਮੌਜੂਦਾ ਪ੍ਰਧਾਨ ਮੰਤਰੀ ਜਾਂ ਉਨ੍ਹਾਂ ਵਰਗੀ ਸੋਚ ਰੱਖਣ ਵਾਲੇ ਹੋਰ ਵੀ ਕਈ ਲੋਕ ਹੋਣਗੇ। ਉਨ੍ਹਾਂ ਦੇ ਕੁਝ ਆਪਣੇ ਖਦਸ਼ੇ ਹਨ।

ਭਵਿੱਖ ਵਿਚ ਕੀ ਹੋਣਾ ਹੈ, ਪੰਜਾਹ ਸਾਲ ਜਾਂ ਸੌ ਸਾਲ ਬਾਅਦ ਕੈਨੇਡਾ ਨੇ ਜਾਂ ਦੁਨੀਆ ਨੇ ਕੀ ਬਣਨਾ ਹੈ, ਉਸ ਬਾਰੇ ਕੋਈ ਭਵਿੱਖਬਾਣੀ ਨਹੀਂ ਕਰ ਸਕਦਾ। ਪਰ ਜੋ ਖਦਸ਼ੇ ਹਨ, ਉਨ੍ਹਾਂ ਬਹਾਨੇ ਅੱਜ ਦੇ ਸਮੇਂ ਦੀਆਂ ਕੁਝ ਸਮੱਸਿਆਵਾਂ ਬਾਰੇ ਗੱਲ ਹੋ ਸਕਦੀ ਹੈ। ਇਕ ਦਿਨ ਕਿਸੇ ਨਾਲ ਗੱਲ ਹੋ ਰਹੀ ਸੀ। ਉਹ ਕਹਿ ਰਹੇ ਸਨ ਕਿ ਦੁਨੀਆ ਦੇ ਅਲੱਗ ਅਲੱਗ ਮੁਲਕਾਂ ਵਿਚੋਂ ਲੋਕਾਂ ਨੂੰ ਕੈਨੇਡਾ ਵਿਚ ਬੁਲਾਉਣ ਦਾ ਮਕਸਦ ਸਾਰੀ ਦੁਨੀਆ ਵਿਚੋਂ ਪ੍ਰਤਿਭਾਸ਼ਾਲੀ ਅਤੇ ਮਿਹਨਤੀ ਲੋਕਾਂ ਨੂੰ ਇਸ ਮੁਲਕ ਵਿਚ ਸੱਦਣਾ ਹੈ ਤਾਂ ਜੋ ਉਨ੍ਹਾਂ ਸਾਰਿਆਂ ਦੀ ਪ੍ਰਤਿਭਾ ਅਤੇ ਮਿਹਨਤ ਮਿਲ ਕੇ ਦੁਨੀਆ ਦਾ ਇਕ ਮਿਸਾਲੀ ਮੁਲਕ ਤਿਆਰ ਕੀਤਾ ਜਾ ਸਕੇ। ਐਨੇ ਭਾਂਤ-ਸੁਭਾਂਤੇ ਲੋਕਾਂ ਨੂੰ ਇਸ ਸਮਾਜ ਦਾ ਅੰਗ ਬਣਾਉਣ ਲਈ ਕੈਨੇਡਾ ਦੇ ਲੀਡਰਾਂ ਨੇ ਬਹੁ-ਸਭਿਆਚਾਰਵਾਦ ਦੀ ਨੀਤੀ ਅਪਣਾਈ ਤਾਂ ਜੋ ਅਲੱਗ ਅਲੱਗ ਪਿਛੋਕੜ ਵਿਚੋਂ ਆਏ ਲੋਕ ਇਸ ਮੁਲਕ ਵਿਚ ਓਪਰਾ ਨਾ ਮਹਿਸੂਸ ਕਰਨ। ਉਹ ਵੀ ਆਪਣੇ ਆਪ ਨੂੰ ਇਸ ਮੁਲਕ ਦੇ ਬਰਾਬਰ ਦੇ ਹਿੱਸੇਦਾਰ ਸਮਝਣ। ਪਰ ਗੜਬੜ ਇਹ ਹੋ ਗਈ ਹੈ ਕਿ ਜਿੰਨੀ ਕੁ ਗਿਣਤੀ ਵਿਚ ਸਾਰੀ ਦੁਨੀਆ ਵਿਚੋਂ ਪ੍ਰਤਿਭਾਸ਼ੀਲ ਅਤੇ ਕਾਬਲ ਲੋਕ ਕੈਨੇਡਾ ਵਿਚ ਆਉਂਦੇ ਹਨ, ਉਸ ਤੋਂ ਵੱਧ ਅਜਿਹਾ ਤਬਕਾ ਆ ਰਿਹਾ ਹੈ ਜਿਹੜਾ ਕੈਨੇਡਾ ਦੀਆਂ ਬਹੁ-ਸਭਿਆਚਾਰਕ ਕਦਰਾਂ ਕੀਮਤਾਂ, ਲੋਕਤੰਤਰੀ ਕਦਰਾਂ ਕੀਮਤਾਂ ਅਤੇ ਸਮਾਜਿਕ ਇਨਸਾਫ ਦੀ ਸੋਚ ਦੇ ਬਿਲਕੁਲ ਉਲਟ ਹੈ।

ਜਿਹੜੇ ਲੋਕ ਕੈਨੇਡਾ ਪਹੁੰਚਣ ਲਈ ਜਾਅਲੀ ਵਿਆਹ ਕਰਦੇ ਹਨ। ਹਰ ਤਰ੍ਹਾਂ ਦੇ ਜਾਅਲੀ ਤਰੀਕੇ ਵਰਤਦੇ ਹਨ। ਝੂਠੇ ਰਿਫਊਜੀ ਕਲੇਮ ਫਾਈਲ ਕਰਦੇ ਹਨ। ਹਰ ਤਰ੍ਹਾਂ ਦਾ ਧੋਖਾ ਕਰਦੇ ਹਨ। ਉਹ ਇਸ ਮੁਲਕ ਵਿਚ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਧੋਖੇ ਨਾਲ ਕਰਦੇ ਹਨ। ਅਜਿਹੇ ਲੋਕਾਂ ਤੋਂ ਤੁਸੀਂ ਕੀ ਉਮੀਦ ਰੱਖਦੇ ਹੋ ਕਿ ਉਹ ਕੋਈ ਸਾਫ ਸੁਥਰੀ ਜ਼ਿੰਦਗੀ ਇੱਥੇ ਜਿਊਣਗੇ।

ਕੋਵਿਡ ਸੰਕਟ ਦੌਰਾਨ ਜੋ ਤਰ੍ਹਾਂ ਤਰ੍ਹਾਂ ਦੀਆਂ ਸਹੂਲਤਾਂ ਤੇ ਲਾਭਾਂ ਦੇ ਸਰਕਾਰ ਨੇ ਐਲਾਨ ਕੀਤੇ, ਉਨ੍ਹਾਂ ਦੀ ਜੋ ਦੁਰਵਰਤੋਂ ਹੋਈ ਹੈ, ਉਸ ਤੋਂ ਇਸ ਨਵੇਂ ਕੈਨੇਡੀਅਨ ਸਮਾਜ ਦੀ ਝਲਕ ਮਿਲ ਜਾਂਦੀ ਹੈ।

ਅੱਜ ਸਾਰੀ ਦੁਨੀਆ ਦੇ ਪੱਛੜੇ ਮੁਲਕਾਂ ਵਿਚੋਂ ਲੋਕ ਹਰ ਗਲਤ-ਠੀਕ ਹਥਕੰਡਾ ਵਰਤ ਕੇ ਕੈਨੇਡਾ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਲੋਕ ਆਪਣੇ ਨਾਲ ਆਪਣੀਆਂ ਹਰ ਤਰ੍ਹਾਂ ਦੀਆਂ ਚੰਗੀਆਂ ਮਾੜੀਆਂ ਆਦਤਾਂ ਵੀ ਲੈ ਕੇ ਆ ਰਹੇ ਹਨ। ਆਪਣਾ ਸਿਆਸੀ ਸਭਿਆਚਾਰ ਵੀ ਨਾਲ ਲਿਆ ਰਹੇ ਹਨ। ਕੰਮ ਕਰਨ ਦੇ ਤਰੀਕੇ ਵੀ ਨਾਲ ਲਿਆ ਰਹੇ ਹਨ। ਕੈਨੇਡਾ ਦੇ ਸਿਆਸੀ ਢਾਂਚੇ ਵਿਚ ਸਾਡੇ ਲੋਕਾਂ ਦੁਆਰਾ ਲਿਆਂਦੇ ਵਿਗਾੜ ਦੀ ਗੱਲ ਪਹਿਲਾਂ ਵੀ ਕਈ ਵਾਰ ਹੋ ਚੁੱਕੀ ਹੈ। ਆਧੁਨਿਕ ਕੈਨੇਡਾ ਦੇ ਮੋਢੀਆਂ ਦਾ ਇਹ ਖਿਆਲ ਸੀ ਕਿ ਬਾਹਰੋਂ ਆਉਣ ਵਾਲੇ ਲੋਕਾਂ ਦੀ ਗਿਣਤੀ ਹਰ ਸਾਲ ਐਨੀ ਕੁ ਰਹਿਣੀ ਚਾਹੀਦੀ ਹੈ ਕਿ ਉਨ੍ਹਾਂ ਨਾਲ ਮੁਲਕ ਵਿਚ ਇਕਦਮ ਭੀੜ ਨਾ ਪੈਦਾ ਹੋਵੇ। ਉਨ੍ਹਾਂ ਦੇ ਆਉਣ ਨਾਲ ਪਹਿਲਾਂ ਰਹਿ ਰਹੇ ਲੋਕਾਂ ਵਿਚ ਅਸੁਰੱਖਿਆ ਅਤੇ ਬੇਚੈਨੀ ਨਾ ਪੈਦਾ ਹੋਵੇ ਅਤੇ ਨਵੇਂ ਆਇਆਂ ਨੂੰ ਸਿਸਟਮ ਦਾ ਹਿੱਸਾ ਬਣਨ ਲਈ ਉਚਿਤ ਸਮਾਂ ਮਿਲ ਜਾਵੇ। ਪਰ ਮੁਲਕ ਦੀ ਮੌਜੂਦਾ ਲੀਡਰਸ਼ਿਪ ਵੱਧ ਤੋਂ ਵੱਧ ਲੋਕਾਂ ਨੂੰ ਲਿਆਉਣ ਦੀ ਦੌੜ ਵਿਚ ਹੈ।

ਇਸ ਤਰ੍ਹਾਂ ਦੇ ਹਾਲਾਤ ਨੂੰ ਦੇਖ ਕੇ ਕਈ ਲੋਕ ਇਹ ਸੁਆਲ ਉਠਾ ਰਹੇ ਹਨ ਕਿ ਕੀ ਕੈਨੇਡਾ ਸੱਚਮੁੱਚ ਸਾਰੀ ਦੁਨੀਆ ਦੀ ਪ੍ਰਤਿਭਾ ਆਪਣੇ ਵੱਲ ਖਿੱਚ ਰਿਹਾ ਹੈ ਜਾਂ ਸਾਰੀ ਦੁਨੀਆ ਦੀਆਂ ਬੁਰਾਈਆਂ ਅਤੇ ਵਿਗਾੜਾਂ ਲਈ ਇਸ ਨੇ ਆਪਣੇ ਦਰਵਾਜ਼ੇ ਖੋਲ੍ਹ ਰੱਖੇ ਹਨ? ਇਸ ਸੁਆਲ ਦਾ ਕੋਈ ਇਕ ਜਵਾਬ ਪੂਰੇ ਭਰੋਸੇ ਨਾਲ ਸ਼ਾਇਦ ਕੋਈ ਨਹੀਂ ਦੇ ਸਕਦਾ।

-ਸ਼ਮੀਲ

# ਆਈਆਈਟੀ ਬੰਬੇ ਵੱਲੋਂ ਤੁਰਕੀ ਦੇ ਅਦਾਰਿਆਂ ਨਾਲ ਸਮਝੌਤੇ ਮੁਅੱਤਲ

ਮੁੰਬਈ, 19 ਮਈ (ਪੱਤਰ ਪ੍ਰੇਰਕ)- ਭਾਰਤੀ ਤਕਨੀਕੀ ਸੰਸਥਾ (ਆਈਆਈਟੀ) ਬੰਬੇ ਨੇ ਭਾਰਤ ਦੇ ਪਾਕਿਸਤਾਨ ਨਾਲ ਤਣਾਅ ਦੌਰਾਨ ਤੁਰਕੀ ਵੱਲੋਂ ਪਾਕਿਸਤਾਨ ਦੀ ਹਮਾਇਤ ਕਰਨ 'ਤੇ ਤੁਰਕੀ ਦੀਆਂ ਯੂਨੀਵਰਸਿਟੀਆਂ ਨਾਲ ਆਪਣੇ ਸਾਰੇ ਸਮਝੌਤੇ ਮੁਅੱਤਲ ਕਰ ਦਿੱਤੇ ਹਨ। ਆਈਆਈਟੀ ਬੰਬੇ ਨੇ ਆਪਣੇ ਅਧਿਕਾਰਤ ਐਕਸ ਹੈਂਡਲ 'ਤੇ ਪੋਸਟ ਕੀਤਾ, ''ਤੁਰਕੀ ਨੂੰ ਲੈ ਕੇ ਮੌਜੂਦਾ ਭੂ-ਰਾਜਸੀ ਸਥਿਤੀ ਦੇ ਮੱਦੇਨਜ਼ਰ ਆਈਆਈਟੀ ਬੰਬੇ ਵੱਲੋਂ ਤੁਰਕੀ ਦੀਆਂ ਯੂਨੀਵਰਸਿਟੀਆਂ ਨਾਲ ਆਪਣੇ ਸਮਝੌਤਿਆਂ ਨੂੰ ਅਗਲੇ ਨੋਟਿਸ ਜਾਰੀ ਕੀਤੇ ਜਾਣ ਤੱਕ ਮੁਅੱਤਲ ਕਰਨ ਦੀ ਪ੍ਰਕਿਰਿਆ ਚਲਾਈ ਜਾ ਰਹੀ ਹੈ।'' ਆਈਆਈਟੀ ਬੰਬੇ ਅਤੇ ਤੁਰਕੀ ਦੇ ਕੁਝ ਅਦਾਰਿਆਂ ਵਿਚਾਲੇ ਫੈਕਲਟੀ ਐਕਸਚੇਂਜ ਪ੍ਰੋਗਰਾਮ ਸਬੰਧੀ ਸਮਝੌਤਾ ਸੀ। ਇਹ ਘਟਨਾਕ੍ਰਮ 'ਅਪਰੇਸ਼ਨ ਸਿੰਧੂਰ' ਦੌਰਾਨ ਤੁਰਕੀ ਵੱਲੋਂ ਪਾਕਿਸਤਾਨ ਦੀ ਹਮਾਇਤ ਕੀਤੇ ਜਾਣ ਤੋਂ ਬਾਅਦ ਸਾਹਮਣੇ ਆਇਆ ਹੈ। ਦੱਸਣਯੋਗ ਇਸ ਤੋਂ ਪਹਿਲਾਂ ਆਈਆਈਟੀ ਰੁੜਕੀ ਨੇ ਤੁਰਕੀ ਦੀ ਇਨੋਨੂ ਯੂਨੀਵਰਸਿਟੀ ਨਾਲ ਕੀਤਾ ਗਿਆ ਆਪਣਾ ਸਮਝੌਤਾ ਰਸਮੀ ਤੌਰ 'ਤੇ ਰੱਦ ਕਰ ਦਿੱਤਾ ਸੀ। ਇਸ ਤੋਂ ਇਲਾਵਾ ਪੰਜਾਬ ਅਧਾਰਿਤ ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਵੀ ਤੁਰਕੀ ਤੇ ਅਜ਼ਰਬਾਇਜਾਨ ਦੀਆਂ 23 ਯੂਨੀਵਰਸਿਟੀਆਂ ਨਾਲ ਆਪਣੇ ਅਕਾਦਮਿਕ ਸਮਝੌਤੇ ਰੱਦ ਕੀਤੇ ਗਏ ਹਨ। ਪ੍ਰਯਾਗਰਾਜ (ਉੱਤਰ ਪ੍ਰਦੇਸ਼): ਪ੍ਰਯਾਗਰਾਜ ਅਧਾਰਿਤ ਫਲਾਂ ਦੇ ਵਪਾਰੀਆਂ ਨੇ ਭਾਰਤ-ਪਾਕਿਸਤਾਨ ਦਰਮਿਆਨ ਤਣਾਅ ਦੌਰਾਨ ਤੁਰਕੀ ਵੱਲੋਂ ਪਾਕਿਸਤਾਨ ਦੀ ਹਮਾਇਤ ਕਰਨ 'ਤੇ ਤੁਰਕੀ ਦੇ ਸੇਬਾਂ ਦੇ ਬਾਈਕਾਟ ਦਾ ਫ਼ੈਸਲਾ ਕੀਤਾ ਹੈ। ਪ੍ਰਯਾਗਰਾਜ ਅਧਾਰਿਤ ਸੇਬਾਂ ਦੇ ਵਪਾਰੀ ਸੌਰਭ ਨੇ ਕਿਹਾ, ''ਤਣਾਅ ਤੋਂ ਬਾਅਦ ਅਸੀਂ ਤੁਰਕੀ ਤੋਂ ਆਏ ਸੇਬ ਵੇਚਣੇ ਬੰਦ ਕਰ ਦਿੱਤੇ ਹਨ। ਗਾਹਕ ਸਾਡੇ ਤੋਂ ਤੁਰਕੀ ਦੀ ਬਜਾਇ ਹੋਰ ਦੇਸ਼ਾਂ ਦੇ ਸੇਬ ਮੰਗ ਰਹੇ ਹਨ।'' ਸੇਬਾਂ ਦੇ ਇੱਕ ਹੋਰ ਵਪਾਰੀ ਵਿਨੋਦ ਨੇ ਕਿਹਾ, ''ਤੁਰਕੀ ਤੋਂ ਤਿੰਨ-ਚਾਰ ਤਰ੍ਹਾਂ ਦੇ ਫਲ ਮੰਗਵਾਏ ਜਾਂਦੇ ਹਨ। ਹੁਣ ਸਾਰੇ ਵਪਾਰੀਆਂ ਤੇ ਗਾਹਕਾਂ ਨੇ ਉਨ੍ਹਾਂ ਦਾ ਪੂਰੀ ਤਰ੍ਹਾਂ ਬਾਈਕਾਟ ਕੀਤਾ ਹੈ। ਗਾਹਕ ਤੁਰਕੀ ਤੋਂ ਆਏ ਫਲ ਲੈਣ ਤੋਂ ਇਨਕਾਰ ਕਰ ਰਹੇ ਹਨ।''

# ਪਹਿਲੇ ਪਰਮਾਣੂ ਪ੍ਰੀਖਣ ਦੀ ਵਰ੍ਹੇਗੰਢ 'ਤੇ ਕਾਂਗਰਸ ਵੱਲੋਂ ਇੰਦਰਾ ਦੀ ਸ਼ਲਾਘਾ

ਨਵੀਂ ਦਿੱਲੀ, 19 ਮਈ (ਪੱਤਰ ਪ੍ਰੇਰਕ)-ਮੁਲਕ ਦੇ ਪਹਿਲੇ ਪਰਮਾਣੂ ਪ੍ਰੀਖਣ ਦੀ 51ਵੀਂ ਵਰ੍ਹੇਗੰਢ 'ਤੇ ਕਾਂਗਰਸ ਨੇ ਅੱਜ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਫ਼ੈਸਲਾਕੁਨ ਲੀਡਰਸ਼ਿਪ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਮੁਸ਼ਕਲ ਹਾਲਾਤ 'ਚ ਵੀ ਮਿਸਾਲੀ ਹੌਸਲਾ ਦਿਖਾਇਆ ਸੀ। ਭਾਰਤ ਨੇ 1974 'ਚ ਅੱਜ ਦੇ ਹੀ ਦਿਨ ਪੋਖਰਨ 'ਚ ਪਹਿਲਾ ਪਰਮਾਣੂ ਪ੍ਰੀਖਣ ਕੀਤਾ ਸੀ ਜਿਸ ਨੂੰ 'ਅਪਰੇਸ਼ਨ ਸਮਾਈਲਿੰਗ ਬੁੱਧਾ' ਨਾਮ ਦਿੱਤਾ ਗਿਆ ਸੀ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ 51 ਸਾਲ ਪਹਿਲਾਂ ਭਾਰਤ ਪਹਿਲਾ ਪਰਮਾਣੂ ਪ੍ਰੀਖਣ ਕਰਕੇ ਦੁਨੀਆ ਦੇ ਉਨ੍ਹਾਂ ਛੇ ਦੇਸ਼ਾਂ 'ਚ ਸ਼ਾਮਲ ਹੋ ਗਿਆ ਸੀ ਜਿਨ੍ਹਾਂ ਕੋਲ ਪਰਮਾਣੂ ਹਥਿਆਰ ਹਨ। ਖੜਗੇ ਨੇ 'ਐਕਸ' 'ਤੇ ਕਿਹਾ, ''ਸਾਡੇ ਵਿਗਿਆਨੀਆਂ ਅਤੇ ਖੋਜੀਆਂ ਨੇ ਆਪਣੀ ਪ੍ਰਤਿਭਾ ਅਤੇ ਸਮਰਪਣ ਰਾਹੀਂ ਬੇਮਿਸਾਲ ਪ੍ਰਾਪਤੀ ਹਾਸਲ ਕੀਤੀ ਸੀ। ਅਸੀਂ ਉਨ੍ਹਾਂ ਦੇ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਸ੍ਰੀਮਤੀ ਇੰਦਰਾ ਗਾਂਧੀ ਨੇ ਮਿਸਾਲੀ ਅਤੇ ਫ਼ੈਸਲਾਕੁਨ ਅਗਵਾਈ ਕੀਤੀ ਸੀ। ਉਨ੍ਹਾਂ ਦੀ ਵਿਰਾਸਤ ਅੱਜ ਵੀ ਕਾਇਮ ਹੈ। ਜੈ ਹਿੰਦ।'' ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਫੇਸਬੁੱਕ ਪੋਸਟ 'ਚ ਕਿਹਾ ਕਿ ਇੰਦਰਾ ਗਾਂਧੀ ਦੀ ਦੂਰਅੰਦੇਸ਼ੀ ਅਤੇ ਫ਼ੈਸਲਾਕੁਨ ਅਗਵਾਈ ਹੇਠ ਭਾਰਤ ਨੇ ਪੋਖਰਨ 'ਚ ਪਹਿਲਾ ਪਰਮਾਣੂ ਪ੍ਰੀਖਣ ਕੀਤਾ ਸੀ।

# ਸ਼ਰਾਬ ਹਾਦਸੇ ਦੇ ਮ੍ਰਿਤਕਾਂ ਦੇ ਪਰਿਵਾਰਾਂ ਦਾ ਸਾਰਾ ਖ਼ਰਚ ਚੁੱਕੇਗੀ ਸਰਕਾਰ

## ਹਾਦਸੇ ਦੇ ਚਾਰ ਪੀੜਤ ਪਰਿਵਾਰਾਂ ਨੂੰ 10-10 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਦੇ ਚੈੱਕ ਵੰਡੇ



ਮਜੀਠਾ, 19 ਮਈ (ਪੱਤਰ ਪ੍ਰੇਰਕ)- ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਪਿੰਡ ਭੰਗਵਾਂ ਪੁੱਜ ਕੇ ਸ਼ਰਾਬ ਹਾਦਸੇ ਵਿੱਚ ਮ੍ਰਿਤਕ ਹੋਏ ਉਨ੍ਹਾਂ ਪੀੜਤ ਪਰਿਵਾਰਾਂ ਨੂੰ ਮੁੱਖ ਮੰਤਰੀ ਵੱਲੋਂ ਐਲਾਨੀ ਗਈ ਮੁਆਵਜ਼ਾ ਰਾਸ਼ੀ ਦੇ ਚੈੱਕ ਵੰਡੇ, ਜੋ ਪਹਿਲੇ ਦਿਨ ਇਸ ਤੋਂ ਵਾਂਝੇ ਰਹਿ ਗਏ ਸਨ। ਉਨ੍ਹਾਂ ਪਿੰਡ ਦੇ ਪੀੜਤ ਚਾਰ ਪਰਿਵਾਰਾਂ ਨੂੰ 10-10 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਦੇ ਚੈੱਕ ਦਿੱਤੇ। ਇਸ ਮੌਕੇ ਸ੍ਰੀ ਧਾਲੀਵਾਲ ਨੇ ਪਿੰਡ ਵਾਸੀਆਂ ਨੂੰ ਕਿਹਾ ਕਿ ਇਸ ਹਾਦਸੇ ਕਾਰਨ ਕਈ ਘਰਾਂ ਦੇ ਕਮਾਊ ਜੀਅ ਸਾਡੇ ਤੋਂ ਤੁਰ ਗਏ ਹਨ। ਸੂਬਾ ਸਰਕਾਰ ਨੇ ਆਪਣਾ ਫਰਜ਼ ਸਮਝਦਿਆਂ ਇਨ੍ਹਾਂ ਪੀੜਤ ਪਰਿਵਾਰਾਂ ਨੂੰ 10-10 ਲੱਖ ਰੁਪਏ ਦੀ ਆਰਥਿਕ ਸਹਾਇਤਾ ਮੁਆਵਜ਼ੇ ਵਜੋਂ ਦਿੱਤੀ ਹੈ। ਇਸ ਤੋਂ ਇਲਾਵਾ ਜਿਹੜੇ ਬੱਚੇ ਪੜ੍ਹਨਯੋਗ ਹਨ, ਉਨ੍ਹਾਂ ਨੂੰ ਪੜ੍ਹਾਇਆ ਵੀ ਜਾਵੇਗਾ। ਉਨ੍ਹਾਂ ਇਸ ਮੌਕੇ ਹਾਜ਼ਰ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਿਨ੍ਹਾਂ ਪਰਿਵਾਰਾਂ ਕੋਲ ਕੋਈ ਘਰ ਨਹੀਂ ਹਨ, ਉਨ੍ਹਾਂ ਨੂੰ ਰਹਿਣ ਲਈ ਛੱਤ ਨਹੀਂ ਹੈ, ਉਨ੍ਹਾਂ ਦੇ ਕੇਸ ਵੀ ਭੇਜੇ ਜਾਣ ਤਾਂ ਜੋ ਉਨ੍ਹਾਂ ਨੂੰ ਪੱਕਾ ਘਰ ਬਣਾ ਕੇ ਦਿੱਤਾ ਜਾ ਸਕੇ। ਇਸ ਮੌਕੇ ਹਲਕਾ ਇੰਚਾਰਜ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਅਤੇ ਪਾਰਟੀ ਦੇ ਹੋਰ ਮੋਹਤਬਰ ਵੀ ਹਾਜ਼ਰ ਸਨ। ਕੈਬਨਿਟ ਮੰਤਰੀ ਸ੍ਰੀ ਧਾਲੀਵਾਲ ਨੇ ਪਿੰਡ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਇਨ੍ਹਾਂ ਲੋੜਵੰਦ ਪਰਿਵਾਰਾਂ ਦੀ ਮਦਦ ਕਰਨ ਤਾਂ ਜੋ ਇਹ ਆਪਣਾ ਔਖਾ ਸਮਾਂ ਕੱਟ ਸਕਣ। ਉਨ੍ਹਾਂ ਕਿਹਾ ਕਿ ਦੋਸ਼ੀਆਂ ਦੇ ਖ਼ਿਲਾਫ਼ ਪਰਚਾ ਦਰਜ ਕਰ ਲਿਆ ਗਿਆ ਹੈ ਅਤੇ ਪੁਲੀਸ ਆਪਣਾ ਕੰਮ ਕਰ ਰਹੀ ਹੈ। ਸੂਬਾ ਸਰਕਾਰ ਇਨ੍ਹਾਂ ਮੌਤ ਦੇ ਸੌਦਾਗਰਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਉਣ ਲਈ ਚਾਰਜਸ਼ੀਟ ਕਰੇਗੀ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨਾ ਵਾਪਰਨ।

# ਮਨੀਪੁਰ ਦੇ ਤਿੰਨ ਜ਼ਿਲ੍ਹਿਆਂ 'ਚੋਂ ਚਾਰ ਅਤਿਵਾਦੀ ਗ੍ਰਿਫ਼ਤਾਰ

## ਬਿਸ਼ਨੂਪੁਰ ਜ਼ਿਲ੍ਹੇ 'ਚੋਂ ਹਥਿਆਰ ਤੇ ਗੋਲਾ ਬਾਰੂਦ ਬਰਾਮਦ

ਇੰਫਾਲ, 19 ਮਈ (ਪੱਤਰ ਪ੍ਰੇਰਕ)-ਸੁਰੱਖਿਆ ਬਲਾਂ ਨੇ ਮਨੀਪੁਰ ਦੇ ਇੰਫਾਲ ਪੂਰਬੀ, ਇੰਫਾਲ ਪੱਛਮੀ ਅਤੇ ਥੌਬਲ ਜ਼ਿਲ੍ਹਿਆਂ ਵਿੱਚੋਂ ਵੱਖ-ਵੱਖ ਪਾਬੰਦੀਸ਼ੁਦਾ ਗੁਟਾਂ ਨਾਲ ਸਬੰਧਤ ਚਾਰ ਅਤਿਵਾਦੀਆਂ, ਜੋ ਜਬਰੀ ਵਸੂਲੀ ਅਤੇ ਨਵੇਂ ਕਾਡਰ ਦੀ ਭਰਤੀ 'ਚ ਸ਼ਾਮਲ ਸਨ, ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਅੱਜ ਦੱਸਿਆ ਕਿ ਇਨ੍ਹਾਂ ਚਾਰਾਂ ਨੂੰ ਸ਼ਨਿਚਰਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸੁਰੱਖਿਆ ਬਲਾਂ ਨੇ ਥੌਬਲ ਜ਼ਿਲ੍ਹੇ 'ਚ ਲੇਈਰੌਂਗਥੇਲ ਪਿਤਰਾ ਤੋਂ ਕਾਂਗਲੇਈਪਾਕ ਕਮਿਊਨਿਸਟ ਪਾਰਟੀ (ਪੀਡਬਲਿਊਜੀ) ਦੇ ਇੱਕ ਮੈਂਬਰ ਨੂੰ ਗ੍ਰਿਫ਼ਤਾਰ ਕੀਤਾ। ਪੁਲੀਸ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤਾ ਗਿਆ ਇਹ ਵਿਅਕਤੀ ਥੌਬਲ ਜ਼ਿਲ੍ਹੇ 'ਚ ਕਥਿਤ ਜਬਰੀ ਵਸੂਲੀ 'ਚ ਸ਼ਾਮਲ ਸੀ। ਉਸ ਕੋਲੋਂ ਇੱਕ ਪਿਸਤੌਲ ਤੇ ਗੋਲੀਸਿੱਕਾ ਬਰਾਮਦ ਹੋਇਆ ਹੈ। ਇਸ ਤੋਂ ਇਲਾਵਾ ਪਾਬੰਦੀਸ਼ੁਦਾ ਕਾਂਗਲੇਈ ਯਾਵੋਲ ਕੰਨਾ ਲੂਪ ਦੇ ਇੱਕ ਮੈਂਬਰ ਨੂੰ ਇੰਫਾਲ ਪੂਰਬੀ ਜ਼ਿਲ੍ਹੇ ਦੇ ਖਾਬੇਈਸੋਈ ਤੋਂ ਗ੍ਰਿਫ਼ਤਾਰ ਕੀਤਾ ਗਿਆ। ਉਸ ਉੱਤੇ ਸੰਗਠਨ ਲਈ ਨਵੇਂ ਕਾਰਕੁਨਾਂ ਦੀ ਭਰਤੀ 'ਚ ਸ਼ਾਮਲ ਹੋਣ ਦਾ ਦੋਸ਼ ਹੈ।

ਪੁਲੀਸ ਅਨੁਸਾਰ ਸੁਰੱਖਿਆ ਬਲਾਂ ਨੇ ਇੰਫਾਲ ਪੱਛਮੀ ਜ਼ਿਲ੍ਹੇ ਦੇ ਖੁੱਬੋਂਗ ਤੋਂ ਯੂਨਾਈਟਿਡ ਨੈਸ਼ਨਲ ਲਿਬਰੇਸ਼ਨ ਫਰੰਟ (ਪਮਬੇਈ) ਦੇ ਇੱਕ ਕਾਰਕੁਨ ਨੂੰ ਗ੍ਰਿਫ਼ਤਾਰ ਕੀਤਾ, ਜਿਸ 'ਤੇ ਖੁੱਬੋਂਗ ਬਾਜ਼ਾਰ 'ਚ ਐੱਨਐੱਚ-37 ਉੱਤੇ ਚੱਲਣ ਵਾਲੇ ਟਰੱਕਾਂ ਤੋਂ ਜਬਰੀ ਵਸੂਲੀ ਕਰਨ ਦਾ ਦੋਸ਼ ਹੈ। ਪੁਲੀਸ ਨੇ ਦੱਸਿਆ ਕਿ ਜਬਰੀ ਵਸੂਲੀ 'ਚ ਸ਼ਾਮਲ ਪੀਪਲਜ਼ ਲਿਬਰੇਸ਼ਨ ਆਰਮੀ ਦੇ ਇੱਕ ਕਾਰਕੁਨ ਨੂੰ ਥੌਬਲ ਜ਼ਿਲ੍ਹੇ ਦੇ ਵਾਂਗਜਿੰਗ ਸੋਰੋਖੈਬਮ ਲੇਈਰਾਕ ਤੋਂ ਗ੍ਰਿਫ਼ਤਾਰ ਕੀਤਾ ਗਿਆ। ਇਸ ਦੌਰਾਨ ਪੁਲੀਸ ਨੇ ਕਿਹਾ ਕਿ ਬਿਸ਼ਨੂਪੁਰ ਜ਼ਿਲ੍ਹੇ ਦੀ ਕੁੰਭੀ ਸੈਤੂਪੁਰ 'ਚ ਤਲਾਸ਼ੀ ਮੁਹਿੰਮ ਦੌਰਾਨ ਵੱਡੀ ਗਿਣਤੀ 'ਚ ਹਥਿਆਰ ਤੇ ਗੋਲਾ ਬਾਰੂਦ ਬਰਾਮਦ ਹੋਇਆ ਹੈ, ਜਿਸ ਵਿੱਚ ਐੱਸਐੱਲਆਰ ਮੈਗਜ਼ੀਨ, ਇੱਕ ਪਿਸਤੌਲ ਦੀ ਮੈਗਜ਼ੀਨ, ਇੱਕ ਸਿੰਗਲ ਬੈਰਲ ਰਾਈਫਲ, ਕਾਰਬਾਈਨਾਂ, ਇੱਕ ਸੀਐੱਮਜੀ, ਇੱਕ ਪਿਸਤੌਲ ਤੇ ਪੰਜ ਪੀਈਕੇ ਧਮਾਕਖੇਜ਼ ਆਦਿ ਸ਼ਾਮਲ ਹਨ।

# ਟੈਕਨੀਕਲ ਸਰਵਿਸਜ਼ ਯੂਨੀਅਨ ਵੱਲੋਂ ਗੇਟ ਰੈਲੀ ਹੱਕੀ ਮੰਗਾਂ ਲਈ ਸਰਕਾਰ ਖਿਲਾਫ਼ ਰੈਲੀ 20 ਨੂੰ



ਖੰਨਾ, 19 ਮਈ (ਪੱਤਰ ਪ੍ਰੇਰਕ)- ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਮੈਂਬਰਾਂ ਨੇ ਅੱਜ ਆਪਣੀਆਂ ਹੱਕੀਂ ਮੰਗਾਂ ਸਬੰਧੀ ਸਬ-ਡਿਵੀਜ਼ਨ ਖੰਨਾ ਦੇ ਗੇਟ ਅੱਗੇ ਰੈਲੀ ਕਰਦਿਆਂ ਨਾਅਰੇਬਾਜ਼ੀ ਕੀਤੀ। ਇਸ ਮੌਕੇ ਕਰਤਾਰ ਚੰਦ, ਕੁਲਵਿੰਦਰ ਸਿੰਘ, ਜਸਵਿੰਦਰ ਸਿੰਘ, ਸੁਖਪ੍ਰੀਤ ਸਿੰਘ ਅਤੇ ਹਰੀ ਸ਼ੰਕਰ ਨੇ ਕੇਂਦਰ ਦੀਆਂ ਵੱਖ ਵੱਖ ਯੂਨੀਅਨਾਂ ਅਤੇ ਫੈਡਰੇਸ਼ਨਾਂ ਵੱਲੋਂ 20 ਮਈ ਨੂੰ ਦਿੱਤੇ ਦੇਸ਼ ਵਿਆਪੀ ਹੜਤਾਲ ਦੇ ਸੱਦੇ ਨੂੰ ਸਫ਼ਲ ਸਬੰਧੀ ਵਿਚਾਰ-ਵਟਾਂਦਰਾ ਕੀਤਾ।ਉਨ੍ਹਾਂ ਪਾਵਰਕੌਮ ਟ੍ਰਾਂਸਕੋ ਮੈਨੇਜਮੈਂਟ, ਕੇਂਦਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨਿੱਜੀਕਰਨ, ਸੰਸਾਰੀਕਰਨ ਤੇ ਉਦਾਰੀਕਰਨ ਦੀ ਨੀਤੀ ਤਹਿਤ ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਬੰਦ ਕੀਤਾ ਜਾਵੇ, ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਵੇਚਣਾ ਬੰਦ ਕੀਤਾ ਜਾਵੇ, ਬਿਜਲੀ ਐਕਟ-2003 ਅਤੇ ਬਿਜਲੀ ਬਿੱਲ 2022 ਦੀ ਤਜਵੀਜ਼ ਨੂੰ ਰੱਦ ਕੀਤਾ ਜਾਵੇ, ਸੇਵਾ ਸ਼ਰਤਾਂ ਵਿਚ ਕੀਤੀ ਜਾ ਰਹੀ ਤਬਦੀਲੀ ਰੱਦ ਕੀਤੀ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ, ਠੇਕੇ ਤੇ ਰੱਖੇ ਕਾਮਿਆਂ ਨੂੰ ਯੋਗਤਾ ਅਨੁਸਾਰ ਪੱਕਾ ਕੀਤਾ ਜਾਵੇ, ਹਰ ਅਦਾਰੇ ਵਿਚ ਖਾਲੀ ਅਸਾਮੀਆਂ ਪੱਕੀ ਭਰਤੀ ਰਾਹੀਂ ਭਰੀਆਂ ਜਾਣ, ਚੰਡੀਗੜ੍ਹ ਬਿਜਲੀ ਨਿਗਮ ਨੂੰ ਤੋੜ ਕੇ ਵੱਡੀ ਕੰਪਨੀ ਹਵਾਲੇ ਕਰਨ ਦੀ ਤਰ੍ਹਾਂ ਲਾਲੜੂ ਤੇ ਖਰੜ ਡਵੀਜ਼ਨਾਂ ਦਾ ਕੰਮ ਨਿੱਜੀ ਕੰਪਨੀਆਂ ਨੂੰ ਦੇਣ ਦਾ ਰਸਤਾ ਬੰਦ ਕੀਤਾ ਜਾਵੇ, ਮੁਲਾਜ਼ਮਾਂ ਦੀ ਹੜਤਾਲ ਕਰਨ ਦੇ ਹੱਕ ਖਤਮ ਕਰਨ ਲਈ ਆਊਟ ਸੋਰਸਿੰਗ ਰਾਹੀਂ ਠੇਕੇਦਾਰਾਂ ਤੋਂ ਗੈਂਗਾ ਲੈਣ ਦਾ ਫੈਸਲਾ ਰੱਦ ਕੀਤਾ ਜਾਵੇ, ਮੁਲਾਜ਼ਮਾਂ ਦਾ ਪੇ-ਸਕੇਲਾਂ ਦਾ ਬਕਾਇਆ ਇਕੋ ਕਿਸ਼ਤ ਵਿਚ ਜਲਦ ਤੋਂ ਜਲਦ ਦਿੱਤਾ ਜਾਵੇ, ਡੀਏ ਦੀਆਂ ਰਹਿੰਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ, 44 ਲੇਬਰ ਕੋਡ ਤੋੜ ਕੇ ਬਣਾਏ ਚਾਰ ਕੋਡ ਰੱਦ ਕੀਤੇ ਜਾਣ ਆਦਿ।ਉਨ੍ਹਾਂ ਸਰਕਾਰ ਤੇ ਮੈਨੇਜਮੈਂਟ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਪ੍ਰਵਾਨ ਨਾ ਕੀਤੀਆਂ ਗਈਆਂ ਤਾਂ ਬਿਜਲੀ ਕਾਮੇ 20 ਮਈ ਨੂੰ ਦੇਸ਼ ਵਿਆਪੀ ਹੜਤਾਲ ਕਰਨਗੇ। ਇਸ ਮੌਕੇ ਕੁਲਵਿੰਦਰ ਸਿੰਘ, ਗੁਰਪਿੰਦਰ ਸਿੰਘ, ਬਲਜਿੰਦਰ ਸਿੰਘ, ਨਵਜੋਤ ਕੁਮਾਰ, ਗੁਰਸੇਵਕ ਸਿੰਘ ਮੋਹੀ, ਹਰਜਿੰਦਰ ਸਿੰਘ, ਜਗਦੇਵ ਸਿੰਘ, ਜ਼ਮੀਲ ਮੁਹੰਮਦ, ਜਸਵਿੰਦਰ ਸਿੰਘ, ਲਖਵੀਰ ਸਿੰਘ ਬੈਂਸ, ਰਣਜੀਤ ਸਿੰਘ ਤੇ ਹੋਰ ਹਾਜ਼ਰ ਸਨ।

# ਤਹਿਸੀਲਦਾਰਾਂ ਨੂੰ ਬਿਨਾਂ ਐੱਨਓਸੀ ਰਜਿਸਟਰੀਆਂ ਕਰਨ ਦੀ ਹਦਾਇਤ: ਮੁੰਡੀਆਂ



ਮਾਛੀਵਾੜਾ, 19 ਮਈ (ਪੱਤਰ ਪ੍ਰੇਰਕ)-ਪੰਜਾਬ ਸਰਕਾਰ ਦੇ ਮਾਲ ਵਿਭਾਗ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਅੱਜ ਇਥੇ ਕਿਹਾ ਕਿ ਸੂਬੇ ਦੀ ਕਿਸੇ ਵੀ ਤਹਿਸੀਲ ਵਿੱਚ ਰਜਿਸਟਰੀ ਕਰਵਾਉਣ ਲਈ ਐੱਨਓਸੀ ਦੀ ਕੋਈ ਲੋੜ ਨਹੀਂ ਹੈ ਅਤੇ ਜੇਕਰ ਕੋਈ ਤਹਿਸੀਲਦਾਰ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਤਾਂ ਤੁਰੰਤ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ। ਪੱਤਰਕਾਰਾਂ ਨੇ ਮੰਤਰੀ ਮੁੰਡੀਆਂ ਨੂੰ ਸਵਾਲ ਕੀਤੇ ਕਿ ਪੰਜਾਬ ਦੀਆਂ ਕਈ ਤਹਿਸੀਲਾਂ ਵਿਚ ਤਹਿਸੀਲਦਾਰ ਤੇ ਨਾਇਬ ਤਹਿਸੀਲਦਾਰ ਰਜਿਸਟਰੀ ਕਰਵਾਉਣ ਮੌਕੇ ਐੱਨਓਸੀ ਦੀ ਮੰਗ ਕਰਦੇ ਹਨ ਜਿਸ 'ਤੇ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਐੱਨਓਸੀ ਦੀ ਛੋਟ ਦਿੱਤੀ ਹੋਈ ਹੈ, ਇਸ ਲਈ ਕੋਈ ਵੀ ਤਹਿਸੀਲਦਾਰ ਲੋਕਾਂ ਨੂੰ ਪ੍ਰੇਸ਼ਾਨ ਨਾ ਕਰੇ।ਉਨ੍ਹਾਂ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਸਰਕਾਰੀ ਸਕੂਲਾਂ ਦੇ ਵਿਕਾਸ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ 2 ਹਜ਼ਾਰ ਕਰੋੜ ਰੁਪਏ ਖਰਚੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਰਾਸ਼ੀ ਨਾਲ ਸਰਕਾਰੀ ਸਕੂਲਾਂ ਵਿਚ ਨਵੀਆਂ ਇਮਾਰਤਾਂ ਬਣੀਆਂ, ਵਿਦਿਆਰਥੀਆਂ ਨੂੰ ਨਵਾਂ ਫਰਨੀਚਰ ਮੁਹੱਈਆ ਕਰਵਾਇਆ ਗਿਆ ਅਤੇ ਅੱਜ ਪਿੰਡਾਂ ਦੇ ਬੱਚੇ ਵੀ ਪ੍ਰਾਈਵੇਟ ਸਕੂਲਾਂ ਤੋਂ ਵਧੀਆ ਨਵੀ ਤਕਨੀਕ ਦੇ ਪ੍ਰੋਜੈਕਟਾਂ ਰਾਹੀਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸਰਕਾਰੀ ਸਕੂਲਾਂ ਦੇ ਵਿਕਾਸ ਲਈ ਕੋਈ ਕੰਮ ਨਹੀਂ ਕੀਤਾ ਅਤੇ ਪੁਰਾਣੀਆਂ ਖਸਤਾ ਹਾਲਤ ਇਮਾਰਤਾਂ ਵਿਚ ਬੱਚੇ ਤੱਪੜਾਂ 'ਤੇ ਬੈਠ ਕੇ ਪੜ੍ਹਦੇ ਸਨ ਪਰ ਅੱਜ ਸਾਡੀ ਆਮ ਆਦਮੀ ਪਾਰਟੀ ਸਰਕਾਰ ਨੇ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰ ਦਿੱਤੀ ਹੈ ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਵਿਕਾਸ ਦੇ ਨਾਲ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਨਵੇਂ ਅਧਿਆਪਕ ਵੀ ਭਰਤੀ ਕੀਤੇ ਗਏ ਜਿਸ ਨਾਲ ਪੜ੍ਹੇ ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਮਿਲਿਆ ਉੱਥੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਅਧਿਆਪਕਾਂ ਦੀ ਘਾਟ ਵੀ ਪੂਰੀ ਹੋਈ। ਉਨ੍ਹਾਂ ਕਿਹਾ ਕਿ ਹਲਕਾ ਸਾਹਨੇਵਾਲ ਦੇ ਹਰੇਕ ਸਰਕਾਰੀ ਸਕੂਲ ਦੇ ਵਿਕਾਸ ਲਈ 15 ਤੋਂ 30 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਗਈ ਹੈ ਜਿਨ੍ਹਾਂ ਦੇ ਅੱਜ ਉਦਘਾਟਨ ਕੀਤੇ ਜਾ ਰਹੇ ਹਨ।

### ਜ਼ਿਲ੍ਹੇ ਦੀ ਕਿਸੇ ਵੀ ਤਹਿਸੀਲ 'ਚ ਹੋ ਸਕੇਗੀ ਰਜਿਸਟਰੀ

ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਲੋਕਾਂ ਦੀ ਸਹੂਲਤ ਲਈ ਇੱਕ ਹੋਰ ਨਵਾਂ ਉਪਰਾਲਾ ਕੀਤਾ ਜਾ ਰਿਹਾ ਹੈ ਕਿ ਹੁਣ ਜਿਸ ਜ਼ਿਲ੍ਹੇ ਨਾਲ ਸਬੰਧਤ ਵਿਅਕਤੀ ਦਾ ਆਧਾਰ ਕਾਰਡ ਹੈ ਉਹ ਜ਼ਿਲ੍ਹੇ ਦੀ ਕਿਸੇ ਵੀ ਤਹਿਸੀਲ ਵਿੱਚ ਜਾ ਕੇ ਆਪਣੀ ਜਮੀਨ ਦੀ ਰਜਿਸਟਰੀ ਕਰਵਾ ਸਕੇਗਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਹ ਯੋਜਨਾ ਮੁਹਾਲੀ ਜ਼ਿਲ੍ਹੇ ਤੋਂ ਸ਼ੁਰੂ ਕੀਤੀ ਜਾ ਰਹੀ ਹੈ ਜੋ ਜਲਦ ਸਾਰੇ ਪੰਜਾਬ ਵਿੱਚ ਲਾਗੂ ਕੀਤੀ ਜਾਵੇਗੀ।

# ਸ੍ਰੀ ਕੀਰਤਪੁਰ ਸਾਹਿਬ-ਨੰਗਲ ਹਾਈਵੇ ਪ੍ਰੋਜੈਕਟ 'ਚ ਤੇਜ਼ੀ ਲਿਆਉਣ ਦੇ ਹੁਕਮ

ਚੰਡੀਗੜ੍ਹ , 19 ਮਈ (ਪੱਤਰ ਪ੍ਰੇਰਕ)- ਸ੍ਰੀ ਕੀਰਤਪੁਰ ਸਾਹਿਬ-ਨੰਗਲ ਹਾਈਵੇ ਨੂੰ ਚਹੁੰ-ਮਾਰਗੀ ਕਰਨ ਦੇ ਕੰਮ 'ਚ ਤੇਜ਼ੀ ਲਿਆਉਣ ਦੇ ਯਤਨਾਂ ਤਹਿਤ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਬੰਧਤ ਅਧਿਕਾਰੀਆਂ ਨੂੰ ਇਸ ਪ੍ਰੋਜੈਕਟ ਲਈ ਲੋੜੀਂਦੀ ਜ਼ਮੀਨ ਐਕਵਾਇਰ ਕਰਨ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਹਨ ਅਤੇ ਇਹ ਵੀ ਫੈਸਲਾ ਲਿਆ ਕਿ ਇਸ ਪ੍ਰੋਜੈਕਟ ਦੀ ਪ੍ਰਗਤੀ ਦਾ ਉਹ ਹਫਤਾਵਾਰੀ ਜਾਇਜ਼ਾ ਲੈਣਗੇ। ਇੱਥੇ ਪੰਜਾਬ ਸਿਵਲ ਸਕੱਤਰੇਤ-1 ਵਿਖੇ ਐਨ. ਐਚ.ਏ. ਆਈ., ਐਮ.ਓ.ਆਰ.ਟੀ.ਐਚ. ਤੇ ਲੋਕ ਨਿਰਮਾਣ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ੍ਰੀ ਕੀਰਤਪੁਰ ਸਾਹਿਬ-ਨੰਗਲ ਹਾਈਵੇਅ ਨੂੰ ਚਹੁੰ-ਮਾਰਗੀ ਕਰਨ ਸਬੰਧੀ ਪ੍ਰੋਜੈਕਟ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਇਸਨੂੰ ਇੱਕ 'ਡਰੀਮ ਪ੍ਰੋਜੈਕਟ' ਕਰਾਰ ਦਿੱਤਾ, ਜੋ ਖੇਤਰ ਲਈ ਬਹੁਤ ਲਾਹੇਵੰਦ ਸਾਬਤ ਹੋਵੇਗਾ। ਬੈਂਸ ਨੇ ਕਿਹਾ ਕਿ ਇਹ ਮਾਰਗ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦਰਮਿਆਨ ਅਹਿਮ ਕੜੀ ਵਜੋਂ ਕੰਮ ਕਰਦਾ ਹੈ ਅਤੇ ਵਿਸ਼ੇਸ਼ ਤੌਰ 'ਤੇ ਸ੍ਰੀ ਅਨੰਦਪੁਰ ਸਾਹਿਬ ਅਤੇ ਮਾਤਾ ਨੈਣਾ ਦੇਵੀ ਵਰਗੇ ਪਵਿੱਤਰ ਅਸਥਾਨਾਂ ਕਾਰਨ ਇਸ ਪ੍ਰੋਜੈਕਟ ਦੀ ਅਹਿਮੀਅਤ ਹੋਰ ਵੀ ਵੱਧ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਇਲਾਕਾ ਵਾਸੀਆਂ ਦੀ ਸਹੂਲਤ ਤੇ ਸੁਰੱਖਿਆ ਲਈ ਇਸ ਸੜਕ ਨੂੰ ਚਹੁੰ-ਮਾਰਗੀ ਕਰਨਾ ਅਤਿ ਲੋੜੀਂਦਾ ਹੈ।

# ਜਿਮਨੀ ਚੋਣ: ਕੇਜਰੀਵਾਲ ਤੇ ਭਗਵੰਤ ਮਾਨ ਲੁਧਿਆਣਾ 'ਚ ਲਾਉਣਗੇ ਡੇਰਾ



ਲੁਧਿਆਣਾ, 19 ਮਈ (ਪੱਤਰ ਪ੍ਰੇਰਕ)-ਲੁਧਿਆਣਾ ਦੇ ਵਿਧਾਨਸਭਾ ਹਲਕਾ ਪੱਛਮੀ ਦੀ ਜਿਮਨੀ ਚੋਣ ਦਾ ਸਿਆਸੀ ਪਾਰਾ ਲਗਾਤਾਰ ਵੱਧ ਰਿਹਾ ਹੈ। ਇਹ ਜਿਮਨੀ ਚੋਣ ਇਸ ਵੇਲੇ 'ਆਪ' ਸਰਕਾਰ ਲਈ ਮੁੱਛ ਦਾ ਸਵਾਲ ਬਣੀ ਹੋਈ ਹੈ। ਹਾਲਾਤ ਇਹ ਹਨ ਕਿ 'ਆਪ' ਹੁਣ ਤੱਕ ਹਲਕਾ ਪੱਛਮੀ ਵਿੱਚ ਸਭ ਤੋਂ ਵੱਧ ਕੰਮ ਕਰਵਾ ਚੁੱਕੀ ਹੈ। ਹੁਣ ਇਸ ਚੋਣ ਦੀ ਕਮਾਨ ਸੰਭਾਲਣ ਲਈ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਤੇ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵੀ ਤਿਆਰੀ ਖਿੱਚ ਦਿੱਤੀ ਹੈ। ਲੁਧਿਆਣਾ ਵਿੱਚ ਹੁਣ ਜਲਦ ਹੀ ਚੋਣਾਂ ਦੇ ਲਈ ਅਰਵਿੰਦ ਕੇਜਰੀਵਾਲ ਪੱਕੇ ਡੇਰੇ ਲਗਾ ਸਕਦੇ ਹਨ।ਅੱਜ ਲੁਧਿਆਣਾ ਦੇ ਗੁਰਦੇਵ ਨਗਰ ਇਲਾਕੇ ਵਿੱਚ ਰਾਜ ਸਭਾ ਮੈਂਬਰ ਤੇ 'ਆਪ' ਉਮੀਦਵਾਰ ਸੰਜੀਵ ਅਰੋੜਾ ਦੇ ਨਵੇਂ ਘਰ ਦੇ ਉਦਘਾਟਨ ਲਈ ਖਾਸ ਤੌਰ 'ਤੇ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ, ਮਨੀਸ਼ ਸਿਸੋਦਿਆ ਸਣੇ ਹੋਰ ਕਈ ਵੱਡੇ ਸਿਆਸੀ ਆਗੂ ਪੁੱਜੇ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਮੇਂ ਕੇਜਰੀਵਾਲ ਨੇ ਪਹੁੰਚ ਮੱਥਾ ਟੇਕਿਆ ਤੇ ਰਾਜ ਸਭਾ ਮੈਂਬਰ ਅਰੋੜਾ ਨੂੰ ਘਰ ਲਈ ਮੁਬਾਰਕਾਂ ਦਿੱਤੀਆਂ।ਦਰਅਸਲ, ਸਰਾਭਾ ਨਗਰ ਕੇ 22 ਵਿੱਚ ਇਸ ਸਮੇਂ ਰਾਜ ਸਭਾ ਮੈਂਬਰ ਅਰੋੜਾ ਦਾ ਕੈਂਪ ਆਫਿਸ ਚੱਲ ਰਿਹਾ ਹੈ ਤੇ ਉਨ੍ਹਾਂ ਦੀ ਰਿਹਾਇਸ਼ ਚੰਡੀਗੜ੍ਹ ਰੋਡ 'ਤੇ ਹੈਮਪਟਨ ਹੋਮਜ਼ ਵਿੱਚ ਸੀ। ਹੁਣ ਹਲਕਾ ਪੱਛਮੀ ਵਿੱਚ ਆਪਣੀ ਰਿਹਾਇਸ਼ ਰੱਖਣ ਦੇ ਲਈ ਉਨ੍ਹਾਂ ਨੇ ਗੁਰਦੇਵ ਨਗਰ ਇਲਾਕੇ ਵਿੱਚ ਇਹ ਘਰ ਲਿਆ ਹੈ। ਇਸ ਘਰ ਦੀ ਮਹੂਰਤ ਸਮੇਂ ਸ਼ਹਿਰ ਵਿੱਚ ਇਸ ਗੱਲ ਦੀ ਚਰਚਾ ਸ਼ੁਰੂ ਹੋ ਗਈ ਕਿ ਹੁਣ ਤੋਂ ਸਰਾਭਾ ਨਗਰ ਕੇ 22 ਘਰ ਵਿੱਚ ਕੇਜਰੀਵਾਲ ਜਾਂ ਫਿਰ ਚੋਣ ਪ੍ਰਚਾਰ ਦੀ ਕਮਾਨ ਸੰਭਾਲਣ ਵਾਲੇ ਵੱਡੇ ਲੀਡਰ ਰੁੱਕਿਆ ਕਰਨਗੇ। ਇਹ ਚਰਚਾ ਰਹੀ ਕਿ ਹੁਣ ਆਉਣ ਵਾਲੀਆਂ ਚੋਣਾਂ ਸਮੇਂ ਅਰਵਿੰਦ ਕੇਜਰੀਵਾਲ ਲੁਧਿਆਣਾ ਵਿੱਚ ਖੁੱਦ ਚੋਣ ਕਮਾਨ ਸੰਭਾਲਣਗੇ ਤੇ ਹਲਕਾ ਪੱਛਮੀ ਵਿੱਚ ਜਿੱਤ ਹਾਸਲ ਕਰਵਾਉਣਗੇ। ਦੱਸ ਦਈਏ ਕਿ ਹਲਕਾ ਪੱਛਮੀ ਦੀ ਉੱਪ ਚੋਣ ਦਾ ਐਲਾਨ ਕਿਸੇ ਵੀ ਸਮੇਂ ਕੀਤਾ ਜਾ ਸਕਦਾ ਹੈ। ਹਾਲਾਂਕਿ ਚੋਣ ਬਿਗਲ ਵਜਾ ਦਿੱਤਾ ਗਿਆ ਹੈ। ਪਰ ਹਾਲੇ ਤੱਕ ਤਾਰੀਖ ਦਾ ਐਲਾਨ ਨਹੀਂ ਕੀਤਾ ਗਿਆ ਹੈ। ਰਾਜ ਸਭਾ ਮੈਂਬਰ ਸੰਜੀਵ ਅਰੋੜਾ 'ਆਪ' ਵੱਲੋਂ ਉਮੀਦਵਾਰ ਹਨ, ਜਦੋਂ ਕਿ ਕਾਂਗਰਸ ਨੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਜਦੋਂ ਕਿ ਅਕਾਲੀ ਦਲ ਨੇ ਚੋਣਾਂ ਵਿੱਚ ਸੀਨੀਅਰ ਵਕੀਲ ਪਰਉਪਕਾਰ ਸਿੰਘ ਘੁੰਮਣ ਨੂੰ ਮੈਦਾਨ ਵਿੱਚ ਉਤਾਰਿਆ ਹੈ। ਹਾਲਾਂਕਿ, ਭਾਜਪਾ ਨੇ ਹਾਲੇ ਤੱਕ ਇੱਥੋਂ ਕਿਸੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ। 'ਆਪ' ਦੀ ਸੀਨੀਅਰ ਲੀਡਰਸ਼ਿਪ ਅਤੇ ਖਾਸ ਕਰਕੇ ਪੰਜਾਬ ਦੇ ਮੁੱਖ ਮੰਤਰੀ ਦੀ ਨਜ਼ਰ ਇਸ ਸੀਟ 'ਤੇ ਹੈ। ਉਹ ਕਿਸੇ ਵੀ ਕੀਮਤ 'ਤੇ ਇਹ ਸੀਟ ਜਿੱਤਣਾ ਚਾਹੁੰਦਾ ਹੈ। ਜਿਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਾਰੀ ਕਮਾਨ ਆਪਣੇ ਹੱਥਾਂ ਵਿੱਚ ਲਿੱਤੀ ਹੋਈ ਹੈ।

# ਮਾਣੂੰਕੇ ਨੇ ਬਾਰਦੇਕੇ ਤੋਂ ਆਰੰਭੀ ਨਸ਼ਿਆਂ ਖ਼ਿਲਾਫ਼ ਯਾਤਰਾ



ਜਗਰਾਉਂ, 19 ਮਈ (ਪੱਤਰ ਪ੍ਰੇਰਕ)- ਪੰਜਾਬ ਵਿੱਚ ਨਸ਼ਿਆਂ ਖ਼ਿਲਾਫ਼ ਆਰੰਭੀ ਯਾਤਰਾ ਦੀ ਲੜੀ ਵਿੱਚ ਹਲਕਾ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਅੱਜ ਪਾਰਟੀ ਵਾਲੰਟੀਅਰਾਂ ਨਾਲ ਹਲਕੇ ਦੇ ਪਿੰਡ ਬਾਰਦੇਕੇ ਪਹੁੰਚੇ। ਇਸ ਸਮੇਂ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਦੇ ਇਸ ਢਾਈ ਮਹੀਨੇ ਦੇ ਵਕਫੇ ਵਿੱਚ ਸਰਕਾਰ ਨਸ਼ਿਆਂ ਦਾ ਲੱਕ ਤੋੜਨ ਵਿੱਚ ਕਾਮਯਾਬ ਹੋਈ ਹੈ। ਦਸ ਹਜ਼ਾਰ ਤੋਂ ਵਧੇਰੇ ਛੋਟੇ ਵੱਡੇ ਨਸ਼ਾ ਤਸਕਰ ਫੜ ਕੇ ਜੇਲ੍ਹਾਂ ਵਿੱਚ ਭੇਜੇ ਹਨ ਅਤੇ ਭਾਰੀ ਮਾਤਰਾ ਵਿੱਚ ਨਸ਼ਿਆਂ ਦੀ ਬਰਾਮਦਗੀ ਹੋਈ। ਇਹ ਸਭ ਲੋਕਾਂ ਦੇ ਸਾਥ ਨਾਲ ਹੀ ਸੰਭਵ ਹੈ ਅਤੇ ਭਵਿੱਖ ਵਿੱਚ ਉਨ੍ਹਾਂ ਲੋਕਾਂ ਨੂੰ ਇਸੇ ਤਰ੍ਹਾਂ ਸਾਥ ਦੇਣ ਦੀ ਅਪੀਲ ਕੀਤੀ।ਉਨ੍ਹਾਂ ਹਲਕੇ ਦੀਆਂ ਪੰਚਾਇਤਾਂ ਨੂੰ ਨਸ਼ਿਆਂ ਖ਼ਿਲਾਫ਼ ਮਤੇ ਪਾਉਣ ਤੋਂ ਬਾਅਦ ਹੁਣ ਫਰੰਟ 'ਤੇ ਆ ਕੇ ਨਸ਼ਾ ਮੁਕਤੀ ਵਿੱਚ ਯੋਗਦਾਨ ਪਾਉਣ ਲਈ ਕਿਹਾ। ਇਸ ਸਮੇਂ ਉਨ੍ਹਾਂ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ ਅਤੇ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਨੌਜਵਾਨਾਂ ਲਈ ਵਧੇਰੇ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਤਰਜੀਹੀ ਕੰਮ ਹੈ। ਉਪਰੰਤ ਉਹ ਜਗਰਾਉਂ-ਰਾਏਕੋਟ ਮੁੱਖ ਮਾਰ ਗ ਸਥਿਤ ਅਬੋਹਰ ਬਰਾਂਚ ਦੀ ਅਖਾੜਾ ਨਹਿਰ ਦੇ ਨਵੇਂ ਬਣ ਰਹੇ ਪੁਲ 'ਤੇ ਪਹੁੰਚੇ। ਇਸ ਸਮੇਂ ਉਥੇ ਮੌਜੂਦ ਪਾਰਟੀ ਆਗੂਆਂ ਤੇ ਲੋਕਾਂ ਨੇ ਉਨ੍ਹਾਂ ਦਾ ਪੁਲ ਦੀ ਫਿਟਿੰਗ ਦਾ ਕੰਮ ਸ਼ੁਰੂ ਕਰਵਾਉਣ 'ਤੇ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ। ਵਿਧਾਇਕਾ ਮਾਣੂੰਕੇ ਨੇ ਕਿਹਾ ਕਿ ਕੁਝ ਹੀ ਦਿਨਾਂ ਵਿੱਚ ਇਲਾਕੇ ਦੇ ਲੋਕਾਂ ਨੂੰ ਇਸ 140 ਸਾਲ ਪੁਰਾਣੇ ਤੰਗ ਪੁਲ ਤੋਂ ਰਾਹਤ ਮਿਲੇਗੀ। ਨਵਾਂ ਚੌੜਾ ਪੁਲ ਚਾਲੂ ਹੋਣ ਨਾਲ ਰੋਜ਼ਾਨਾ ਲੱਗਣ ਵਾਲੇ ਜਾਮ ਤੇ ਖੱਜਲ ਖੁਆਰੀ ਤੋਂ ਵੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਆਜ਼ਾਦੀ ਦੀ ਪੌਣੀ ਸਦੀ ਬਾਅਦ ਵੀ ਕਿਸੇ ਸਰਕਾਰ ਨੇ ਇਸ ਪੁਲ ਨੂੰ ਬਣਾਉਣ ਵੱਲ ਧਿਆਨ ਨਹੀਂ ਦਿੱਤਾ ਪਰ ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਕੀਤੇ ਵਾਅਦੇ ਮੁਤਾਬਕ ਇਹ ਕੰਮ ਪਹਿਲ ਦੇ ਆਧਾਰ 'ਤੇ ਕਰਵਾਇਆ। ਬੀਬੀ ਮਾਣੂੰਕੇ ਨੇ ਦੱਸਿਆ ਕਿ ਇਸ ਪੁਲ ਦੀ ਫਿਟਿੰਗ ਦਾ ਕੰਮ ਲਗਭਗ ਡੇਢ ਤੋਂ ਦੋ ਮਹੀਨੇ ਦੌਰਾਨ ਮੁਕੰਮਲ ਹੋ ਜਾਵੇਗਾ ਅਤੇ ਲੋਕਾਂ ਦੀ ਸਹੂਲਤ ਲਈ ਜਲਦ ਹੀ ਚਾਲੂ ਕਰ ਦਿੱਤਾ ਜਾਵੇਗਾ। ਪੁਰਾਣਾ ਪੁਲ ਕੇਵਲ 12 ਫੁੱਟ ਹੀ ਚੌੜਾ ਹੋਣ ਕਾਰਨ ਵੱਡੀ ਦਿੱਕਤ ਆਉਂਦੀ ਸੀ ਜਦਕਿ ਹੁਣ ਨਵਾਂ ਬਣਨ ਵਾਲਾ ਪੁਲ ਲਗਭਗ 60 ਮੀਟਰ ਲੰਮਾ ਅਤੇ 40 ਫੁੱਟ ਚੌੜਾ ਬਣੇਗਾ ਜਿਸ ਉੱਪਰ ਲਗਭਗ 7 ਕਰੋੜ 80 ਲੱਖ ਰੁਪਏ ਦਾ ਖਰਚਾ ਆਵੇਗਾ। ਇਸ ਮੌਕੇ ਮਾਰਕੀਟ ਕਮੇਟੀ ਹਠੂਰ ਦੇ ਚੇਅਰਮੈਨ ਕਰਮਜੀਤ ਸਿੰਘ ਡੱਲਾ, ਅਮਰਦੀਪ ਸਿੰਘ ਟੂਰੇ, ਸਹਿਜਪ੍ਰੀਤ ਸਿੰਘ ਮਾਂਗਟ, ਕਰਮਜੀਤ ਸਿੰਘ ਕਮਾਲਪੁਰਾ, ਵੀਰਪਾਲ ਕੌਰ, ਜਸਕਿਰਨ ਕੌਰ, ਠੇਕੇਦਾਰ ਰਾਹੁਲ ਗਰਗ, ਰੋਹਿਨ ਗਰਗ, ਬਿੱਕਰ ਸਿੰਘ ਤੇ ਹੋਰ ਹਾਜ਼ਰ ਸਨ।

# ਕਾਰ ਗੈਰਾਜ ਵਿਚ ਅੱਗ ਲੱਗੀ, ਕਾਰਾਂ ਤੇ ਹੋਰ ਸਾਮਾਨ ਸੜਿਆ

ਮਾਛੀਵਾੜਾ, 19 ਮਈ (ਪੱਤਰ ਪ੍ਰੇਰਕ)- ਸਮਰਾਲਾ ਰੋਡ 'ਤੇ ਇੱਕ ਕਾਰ ਗੈਰਾਜ ਵਿੱਚ ਬੀਤੀ ਰਾਤ ਭਿਆਨਕ ਅੱਗ ਲੱਗ ਗਈ ਜਿਸ ਕਾਰਨ ਗੈਰਾਜ ਵਿੱਚ ਖੜ੍ਹੀਆਂ ਦੋ ਕਾਰਾਂ ਸਮੇਤ ਹੋਰ ਸਾਮਾਨ ਸੜ ਦੇ ਸੁਆਹ ਹੋ ਗਿਆ। ਗੈਰਾਜ ਦੇ ਮਾਲਕ ਕੁਲਵੰਤ ਸਿੰਘ ਨੇ ਦੱਸਿਆ ਕਿ ਉਸ ਦੀ ਗੱਡੀਆਂ ਦੀ ਡੈਂਟਿੰਗ, ਪੇਂਟਿੰਗ ਦੇ ਨਾਲ-ਨਾਲ ਕਾਰ ਬਾਜ਼ਾਰ ਦਾ ਕੰਮ ਵੀ ਹੈ। ਬੀਤੀ ਰਾਤ ਉਸ ਨੂੰ ਗੁਆਂਢੀਆਂ ਨੇ ਦੱਸਿਆ ਕਿ ਗੈਰਾਜ 'ਚੋਂ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਹਨ। ਕੁਲਵੰਤ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਫਾਇਰਬ੍ਰਿਗੇਡ ਨੂੰ ਸੂਚਿਤ ਕੀਤਾ। ਸਮਰਾਲਾ ਤੋਂ ਆਈਆਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਬੜੀ ਮੁਸ਼ੱਕਤ ਨਾਲ ਅੱਗ ਬੁਝਾਈ।ਕੁਲਵੰਤ ਸਿੰਘ ਅਨੁਸਾਰ ਗੈਰਾਜ ਵਿਚ ਖੜ੍ਹੀਆਂ 2 ਕਾਰਾਂ ਸੜਨ ਕਰਕੇ ਖਤਮ ਹੋ ਗਈਆਂ ਹਨ ਜਦਕਿ ਹੋਰ ਕਾਰਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ। ਗੈਰਾਜ ਵਿੱਚ ਪਿਆ ਹੋਰ ਸਾਮਾਨ ਵੀ ਸੜ ਗਿਆ ਹੈ ਤੇ ਉਸ ਦਾ ਲਗਪਗ 10 ਲੱਖ ਰੁਪਏ ਦਾ ਨੁਕਸਾਨ ਹੋ ਗਿਆ ਹੈ। ਫਾਇਰ ਬ੍ਰਿਗੇਡ ਦੇ ਕਰਮਚਾਰੀ ਸੋਹਣ ਸਿੰਘ ਨੇ ਦੱਸਿਆ ਕਿ ਅੱਗ 'ਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਗਿਆ ਹੈ

# ਬੰਗਲਾਦੇਸ਼ ਤੋਂ ਦਰਾਮਦ 'ਤੇ ਪਾਬੰਦੀ ਨਾਲ ਐੱਮਐੱਸਐੱਮਈ ਨੂੰ ਮਦਦ ਮਿਲੇਗੀ: ਮਾਹਿਰ

ਨਵੀਂ ਦਿੱਲੀ, 19 ਮਈ (ਪੱਤਰ ਪ੍ਰੇਰਕ)-ਭਾਰਤ ਵੱਲੋਂ ਕੁਝ ਬੰਗਲਾਦੇਸ਼ੀ ਵਸਤਾਂ 'ਤੇ ਲਾਈ ਗਈ ਪਾਬੰਦੀ ਨਾਲ ਘਰੇਲੂ ਰੈਡੀਮੇਡ ਕੱਪੜਾ ਸਨਅਤ, ਖਾਸ ਤੌਰ 'ਤੇ ਐੱਮਐੱਸਐੱਮਈ ਨੂੰ ਮੁਕਾਬਲੇਬਾਜ਼ੀ ਵਧਾਉਣ 'ਚ ਮਦਦ ਮਿਲੇਗੀ। ਭਾਰਤ ਨੇ 17 ਮਈ ਨੂੰ ਬੰਗਲਾਦੇਸ਼ ਤੋਂ 77 ਕਰੋੜ ਡਾਲਰ ਦੇ ਸਾਮਾਨ ਦੀ ਦਰਾਮਦ 'ਤੇ ਪਾਬੰਦੀ ਲਗਾ ਦਿੱਤੀ ਸੀ ਜੋ ਦੁਵੱਲੀ ਦਰਾਮਦ ਦਾ ਤਕਰੀਬਨ 42 ਫੀਸਦ ਹਿੱਸਾ ਹੈ। ਕੱਪੜੇ, ਪ੍ਰੋਸੈਸਡ ਖੁਰਾਕੀ ਪਦਾਰਥ ਅਤੇ ਪਲਾਸਟਿਕ ਦੀਆਂ ਵਸਤਾਂ ਜਿਹੇ ਅਹਿਮ ਸਾਮਾਨ ਦੀ ਦਰਾਮਦ ਹੁਣ ਚੋਣਵੀਆਂ ਸਮੁੰਦਰੀ ਬੰਦਰਗਾਹਾਂ ਤੱਕ ਸੀਮਤ ਹੈ ਅਤੇ ਸੜਕੀ ਮਾਰਗਾਂ ਰਾਹੀਂ ਇਨ੍ਹਾਂ 'ਤੇ ਪੂਰੀ ਪਾਬੰਦੀ ਹੈ। ਕੁੱਲ 61.8 ਕਰੋੜ ਡਾਲਰ ਦੇ ਰੈਡੀਮੇਡ ਕੱਪੜੇ ਹੁਣ ਸਿਰਫ਼ ਦੋ ਭਾਰਤੀ ਬੰਦਰਗਾਹਾਂ ਰਾਹੀਂ ਆ ਰਹੇ ਹਨ। ਖੋਜ ਸੰਸਥਾ ਗਲੋਬਲ ਟਰੇਡ ਰਿਸਰਚ ਇਨੀਸ਼ੀਏਟਿਵ (ਜੀ ਟੀ ਆਰ ਆਈ) ਨੇ ਕਿਹਾ, 'ਭਾਰਤੀ ਕੱਪੜਾ ਕੰਪਨੀਆਂ ਨੇ ਲੰਮੇ ਸਮੇਂ ਤੋਂ ਬੰਗਲਾਦੇਸ਼ੀ ਦਰਾਮਦਕਾਰਾਂ ਨੂੰ ਮੁਕਾਬਲੇਬਾਜ਼ੀ 'ਚ ਮਿਲ ਰਹੇ ਲਾਹੇ ਦਾ ਵਿਰੋਧ ਕੀਤਾ ਹੈ ਜੋ ਟੈਕਸ ਮੁਕਤ ਚੀਨੀ ਕੱਪੜੇ ਤੋਂ ਲਾਭ ਹਾਸਲ ਕਰਦੇ ਹਨ ਅਤੇ ਇਨ੍ਹਾਂ ਨੂੰ ਭਾਰਤੀ ਬਾਜ਼ਾਰ 'ਚ 10-15 ਫੀਸਦ ਮੁੱਲ ਦਾ ਲਾਭ ਮਿਲਦਾ ਹੈ।' ਜੀਟੀਆਰਆਈ ਦੇ ਬਾਨੀ ਅਜੈ ਸ੍ਰੀਵਾਸਤਵ ਨੇ ਕਿਹਾ ਕਿ ਬੰਦਰਗਾਹਾਂ 'ਤੇ ਪਾਬੰਦੀ ਨਾਲ ਕੱਪੜਾ ਖੇਤਰ 'ਚ ਭਾਰਤੀ ਐੱਮਐੱਸਐੱਮਈ ਨੂੰ ਮਦਦ ਮਿਲੇਗੀ। ਕੱਪੜਾ ਬਰਾਮਦ ਪ੍ਰਚਾਰ ਕੌਂਸਲ (ਏਈਪੀਸੀ) ਦੇ ਉਪ ਚੇਅਰਮੈਨ ਏ ਸ਼ਕਤੀਵੇਲ ਨੇ ਵੀ ਇਸੇ ਤਰ੍ਹਾਂ ਦੇ ਵਿਚਾਰ ਜ਼ਾਹਿਰ ਕਰਦਿਆਂ ਕਿਹਾ ਕਿ ਘਰੇਲੂ ਬਰਾਮਦਕਾਰਾਂ ਦੀ ਮੰਗ ਸੀ ਕਿ ਇਹ ਪਾਬੰਦੀ ਲਗਾਈ ਜਾਵੇ। ਉਨ੍ਹਾਂ ਕਿਹਾ, 'ਭਾਰਤ ਸਰਕਾਰ ਵੱਲੋਂ ਲਿਆ ਗਿਆ ਇਹ ਚੰਗਾ ਫ਼ੈਸਲਾ ਹੈ। ਇਸ ਨਾਲ ਘਰੇਲੂ ਸਨਅਤ ਨੂੰ ਲਾਭ ਹੋਵੇਗਾ।'

# 'ਚੋਣ ਪਾਕਿ ਤੇ ਜਹੱਨੁਮ 'ਚੋਂ ਹੈ, ਤਾਂ ਮੈਂ ਨਰਕ ਜਾਣਾ ਪਸੰਦ ਕਰਾਂਗਾ': ਜਾਵੇਦ ਅਖ਼ਤਰ ਦਾ ਭਾਰਤ-ਪਾਕਿ ਕੱਟੜਪੰਥੀਆਂ 'ਤੇ ਤਨਜ਼

ਨਵੀਂ ਦਿੱਲੀ, 19 ਮਈ (ਪੱਤਰ ਪ੍ਰੇਰਕ)-ਬਾਲੀਵੁੱਡ ਦੇ ਪ੍ਰਸਿੱਧ ਗੀਤਕਾਰ ਅਤੇ ਪਟਕਥਾ ਲੇਖਕ ਜਾਵੇਦ ਅਖ਼ਤਰ, ਜਿਨ੍ਹਾਂ ਨੂੰ ਅਕਸਰ ਦੇਸ਼ ਭਗਤੀ ਅਤੇ ਧਰਮ ਬਾਰੇ ਆਪਣੇ ਵਿਚਾਰਾਂ ਲਈ ਨਿਸ਼ਾਨਾ ਬਣਾਇਆ ਜਾਂਦਾ ਹੈ, ਦਾ ਕਹਿਣਾ ਹੈ ਕਿ ਜੇ ਉਨ੍ਹਾਂ ਨੂੰ 'ਪਾਕਿਸਤਾਨ ਅਤੇ ਜਹੱਨੁਮ ਭਾਵ ਨਰਕ' ਵਿੱਚੋਂ ਇੱਕ ਦੀ ਚੋਣ ਕਰਨੀ ਪਈ ਤਾਂ ਉਹ 'ਨਰਕ ਵਿੱਚ ਜਾਣਾ ਪਸੰਦ ਕਰਨਗੇ'। ਅਖ਼ਤਰ (80 ਸਾਲ) ਸ਼ਨਿੱਚਰਵਾਰ ਰਾਤ ਮੁੰਬਈ ਵਿੱਚ ਸ਼ਿਵ ਸੈਨਾ (ਯੂਬੀਟੀ) ਦੇ ਨੇਤਾ ਸੰਜੇ ਰਾਊਤ ਦੀ ਕਿਤਾਬ ਰਿਲੀਜ਼ ਕਰਨ ਸਬੰਧੀ ਸਮਾਗਮ ਵਿੱਚ ਬੋਲ ਰਹੇ ਸਨ। ਗ਼ੌਰਤਲਬ ਹੈ ਕਿ ਅਖ਼ਤਰ, ਜੋ ਆਪਣੇ ਆਪ ਨੂੰ ਨਾਸਤਿਕ ( ਮੰਨਦੇ ਹਨ, ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੋਵਾਂ ਦੇ ਕੱਟੜਪੰਥੀ ਰੋਜ਼ਾਨਾ ਉਨ੍ਹਾਂ 'ਤੇ ਗਾਲ੍ਹਾਂ ਕੱਢਦੇ ਹਨ। ਉਨ੍ਹਾਂ ਕਿਹਾ, ਕਿਸੇ ਦਿਨ, ਮੈਂ ਤੁਹਾਨੂੰ ਆਪਣਾ ਟਵਿੱਟਰ (ਹੁਣ ਧ) ਅਤੇ ਰੁ ਦਿਖਾਵਾਂਗਾ। ਮੇਰੇ ਨਾਲ ਦੋਵੇਂ ਪਾਸਿਆਂ ਤੋਂ ਬਦਸਲੂਕੀ ਹੁੰਦੀ ਹੈ। ਮੈਂ ਬਹੁਤ ਖੁਲ੍ਹਦਿਲਾ ਵੀ ਨਹੀਂ ਹਾਂ ਤੇ ਮੈਂ ਕਹਾਂਗਾ ਕਿ ਅਜਿਹੇ ਕੁਝ ਲੋਕ ਵੀ ਹਨ ਜੋ ਮੇਰੀ ਗੱਲ ਦੀ ਕਦਰ ਕਰਦੇ ਹਨ, ਮੈਨੂੰ ਉਤਸ਼ਾਹਿਤ ਕਰਦੇ ਹਨ। ਪਰ ਇਹ ਵੀ ਸੱਚ ਹੈ ਕਿ ਮੈਨੂੰ ਇੱਧਰੋਂ ਅਤੇ ਉੱਧਰੋਂ ਦੋਵੇਂ ਕੱਟੜਪੰਥੀ



ਗਾਲ੍ਹਾਂ ਕੱਢਦੇ ਹਨ। ਪਰ ਇਹ ਸਹੀ ਹੈ। ਜੇ ਉਨ੍ਹਾਂ ਵਿੱਚੋਂ ਕੋਈ ਇਕ ਧਿਰ ਮੈਨੂੰ ਗਾਲ੍ਹਾਂ ਦੇਣੀਆਂ ਬੰਦ ਕਰ ਦਿੰਦੀ ਹੈ, ਤਾਂ ਇਹ ਮੇਰੇ ਲਈ ਚਿੰਤਾ ਦਾ ਵਿਸ਼ਾ ਹੋਵੇਗਾ ਕਿ ਗੜਬੜ ਕਿਥੇ ਹੈ।'' ਉਨ੍ਹਾਂ ਕਿਹਾ, ਇੱਕ ਪਾਸਾ ਕਹਿੰਦਾ ਹੈ 'ਤੁਸੀਂ ਕਾਫ਼ਿਰ ਹੋ ਅਤੇ ਜਹੰਨੁਮ ਵਿੱਚ ਜਾਓਗੇ। ਦੂਜਾ ਪਾਸਾ ਕਹਿੰਦਾ ਹੈ, 'ਜਿਹਾਦੀ, ਪਾਕਿਸਤਾਨ ਚਲੇ ਜਾਹ'। ਹੁਣ ਜੇ ਚੋਣ ਪਾਕਿਸਤਾਨ ਅਤੇ ਜਹੱਨੁਮ ਭਾਵ ਨਰਕ ਵਿੱਚੋਂ ਹੈ, ਤਾਂ ਮੈਂ ਨਰਕ ਵਿੱਚ ਜਾਣਾ ਪਸੰਦ ਕਰਾਂਗਾ। ਉਨ੍ਹਾਂ ਦੀ ਇਸ ਗੱਲ 'ਤੇ ਹਾਲ ਤਾੜੀਆਂ ਨਾਲ ਗੂੰਜ ਪਿਆ। ਪੁਰਸਕਾਰ ਜੇਤੂ ਲੇਖਕ ਨੇ ਹੋਰ ਕਿਹਾ ਕਿ ਇਹ ਚੰਗਾ ਹੋਵੇ ਜੇ ਕੁਝ ਨਾਗਰਿਕ ਕਿਸੇ ਵੀ ਸਿਆਸੀ ਪਾਰਟੀ ਨਾਲ ਸਬੰਧਤ ਨਾ ਹੋਣ।

# ਵਕ਼ਫ਼ ਕਾਨੂੰਨ ਦੇ ਮੁੱਦੇ 'ਤੇ ਸੁਪਰੀਮ ਕੋਰਟ ਤੋਂ ਇਨਸਾਫ਼ ਦੀ ਉਮੀਦ: ਓਵਾਇਸੀ

ਨਵੀਂ ਦਿੱਲੀ, 19 ਮਈ (ਪੱਤਰ ਪ੍ਰੇਰਕ)-ਨਵੇਂ ਵਕਫ਼ ਕਾਨੂੰਨ ਨੂੰ 'ਗ਼ੈਰਸੰਵਿਧਾਨਕ' ਕਰਾਰ ਦਿੰਦਿਆਂ



ਏਆਈਐੱਮਆਈਐੱਮ ਮੁਖੀ ਅਸਦ-ਉਦ-ਦੀਨ ਓਵਾਇਸੀ ਨੇ ਦੋਸ਼ ਲਾਇਆ ਕਿ ਇਸ ਦਾ ਉਦੇਸ਼ ਵਕਫ਼ ਸੰਪਤੀਆਂ ਨੂੰ 'ਢਾਹ' ਲਗਾਉਣਾ ਹੈ ਅਤੇ ਆਸ ਜਤਾਈ ਕਿ ਇਸ ਮਾਮਲੇ 'ਤੇ ਉਨ੍ਹਾਂ ਨੂੰ ਸੁਪਰੀਮ ਕੋਰਟ ਤੋਂ ਇਨਸਾਫ਼ ਮਿਲੇਗਾ। ਪੀਟੀਆਈ ਵੀਡੀਓਜ਼ ਨਾਲ ਇੰਟਰਵਿਊ ਦੌਰਾਨ ਓਵਾਇਸੀ ਨੇ ਵਕਫ਼ ਸੋਧ ਐਕਟ ਦੀ ਸ਼ਲਾਘਾ ਕਰਨ ਵਾਲਿਆਂ ਅਤੇ ਭਾਜਪਾ ਨੂੰ ਚੁਣੌਤੀ ਦਿੱਤੀ ਕਿ ਉਹ ਇਹ ਦੱਸਣ ਕਿ ਨਵੇਂ ਕਾਨੂੰਨ ਦੀਆਂ ਕਿਹੜੀਆਂ ਧਾਰਾਵਾਂ ਵਧੀਆ ਹਨ। ਵਕਫ਼ ਸੋਧ ਬਿੱਲ ਬਾਰੇ ਸੰਸਦ ਦੀ ਸਾਂਝੀ ਕਮੇਟੀ ਦੇ ਮੈਂਬਰ ਰਹੇ ਓਵਾਇਸੀ ਨੇ ਕਿਹਾ, ''ਤੁਸੀਂ ਪਿਛਲੇ ਕਾਨੂੰਨ ਦੀਆਂ ਵਧੀਆ ਮੱਦਾਂ ਨੂੰ ਹਟਾ ਦਿੱਤਾ। ਤੁਸੀਂ ਮੈਨੂੰ ਦੱਸੋ ਕਿ ਨਵੇਂ ਕਾਨੂੰਨ 'ਚ ਕਿਹੜੀਆਂ ਧਾਰਾਵਾਂ ਵਧੀਆ ਹਨ। ਨਾ ਤਾਂ ਸਰਕਾਰ ਅਤੇ ਨਾ ਹੀ ਉਨ੍ਹਾਂ ਦੀ ਹਮਾਇਤ ਕਰ ਰਹੇ ਲੋਕ ਇਸ ਬਾਰੇ ਕੁਝ ਨਹੀਂ ਆਖਣਗੇ।'' ਹੈਦਰਾਬਾਦ ਦੇ ਸੰਸਦ ਮੈਂਬਰ ਨੇ ਕਿਹਾ ਕਿ ਦਾਊਦੀ ਬੋਹਰਾ ਚਾਹੁੰਦੇ ਸਨ ਕਿ ਉਨ੍ਹਾਂ ਨੂੰ ਵਕਫ਼ ਕਾਨੂੰਨ ਦੇ ਘੇਰੇ ਤੋਂ ਬਾਹਰ ਰੱਖਿਆ ਜਾਵੇ। ਵਕਫ਼ ਕਾਨੂੰਨ ਬਾਰੇ ਓਵਾਇਸੀ ਦੀ ਟਿੱਪਣੀ ਅਜਿਹੇ ਸਮੇਂ ਆਈ ਹੈ ਜਦੋਂ ਪਿਛਲੇ ਹਫ਼ਤੇ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ ਵਕਫ਼ ਐਕਟ, 2025 ਨੂੰ ਚੁਣੌਤੀ ਦੇਣ 'ਚ ਅੰਤਰਿਮ ਰਾਹਤ ਦੇ ਨੁਕਤਿਆਂ ਬਾਰੇ 20 ਮਈ ਨੂੰ ਸੁਣਵਾਈ ਕਰੇਗਾ।

# ਅਗਨੀਵੀਰ ਅਕਾਸ਼ਦੀਪ ਦੀਆਂ ਅਸਥੀਆਂ ਜਲ ਪ੍ਰਵਾਹ ਨਾ ਕਰਨ ਦਾ ਐਲਾਨ



ਕੋਟਕਪੂਰਾ, 19 ਮਈ (ਪੱਤਰ ਪ੍ਰੇਰਕ)-ਪਿੰਡ ਚਾਹਿਲ ਦੇ ਸ਼ਹੀਦ ਅਗਨੀਵੀਰ ਅਕਾਸ਼ਦੀਪ ਸਿੰਘ ਦੀ ਮਾਤਾ ਨੇ ਅੱਜ ਅਸਥੀਆਂ ਚੁਗਣ ਮਗਰੋਂ ਐਲਾਨ ਕੀਤਾ ਕਿ ਉਹ ਓਨੀ ਦੇਰ ਤੱਕ ਇਨ੍ਹਾਂ ਨੂੰ ਜਲ ਪ੍ਰਵਾਹ ਨਹੀਂ ਕਰਨਗੇ, ਜਿੰਨੀ ਦੇਰ ਸਰਕਾਰ ਅਕਾਸ਼ਦੀਪ ਨੂੰ ਸ਼ਹੀਦ ਦਾ ਦਰਜਾ ਨਹੀਂ ਦਿੰਦੀ। ਜ਼ਿਕਰਯੋਗ ਹੈ ਕਿ ਵੀਰਵਾਰ ਨੂੰ ਅਗਨਵੀਰ ਅਕਾਸ਼ਦੀਪ ਸਿੰਘ ਦੀ ਡਿਊਟੀ ਦੌਰਾਨ ਸ੍ਰੀਨਗਰ ਵਿੱਚ ਗੋਲੀ ਲੱਗਣ ਕਾਰਨ ਮੌਤ ਹੋ ਗਈ ਸੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪੰਜਾਬ ਵਿਧਾਨ ਸਭਾ ਦੇ ਸਪੀਕਰ ਹਲਕਾ ਵਿਧਾਇਕ ਹੋਣ ਕਰਕੇ ਪਹੁੰਚੇ ਸਨ, ਪਰ ਹਾਲੇ ਤੱਕ ਸੂਬਾ ਸਰਕਾਰ ਵੱਲੋਂ ਅਧਿਕਾਰਤ ਤੌਰ 'ਤੇ ਸ਼ਹੀਦਾਂ ਨੂੰ ਮਿਲਦੀਆਂ ਸਹੂਲਤਾਂ ਬਾਰੇ ਕੋਈ ਐਲਾਨ ਨਹੀਂ ਕੀਤਾ ਗਿਆ। ਅਕਾਸ਼ਦੀਪ ਸਿੰਘ ਦੀ ਮਾਤਾ ਕਰਮਜੀਤ ਕੌਰ ਨੇ ਕਿਹਾ ਕਿ ਉਸ ਦਾ ਪੁੱਤਰ ਸਰਹੱਦ 'ਤੇ ਗੋਲੀ ਲੱਗਣ ਕਾਰਨ ਸ਼ਹੀਦ ਹੋਇਆ ਸੀ, ਪਰ ਤਿੰਨ ਦਿਨਾਂ ਤੋਂ ਸਰਕਾਰ ਦੇ ਮੂੰਹ ਬੰਦ ਹਨ ਅਤੇ ਕਿਸੇ ਨੇ ਘਰ ਆਉਣਾ ਤਾਂ ਦੂਰ ਸੋਗ ਦਾ ਬਿਆਨ ਵੀ ਨਹੀਂ ਦਿੱਤਾ।

ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮਨ ਹੁਣ ਡਰ ਗਿਆ ਹੈ ਅਤੇ ਆਪਣੇ ਛੋਟੇ ਪੁੱਤਰ ਨੂੰ ਐੱਨਸੀਸੀ ਦੇ ਨੈਸ਼ਨਲ ਕੈਂਪ ਲਈ ਮਹਾਰਾਸ਼ਟਰ ਕਿਸੇ ਵੀ ਹਾਲਤ ਵਿੱਚ ਨਹੀਂ ਭੇਜੇਗੀ। ਅਕਾਸ਼ਦੀਪ ਸਿੰਘ ਦੇ ਪਿਤਾ ਬਲਵਿੰਦਰ ਸਿੰਘ ਨੇ ਕਿਹਾ ਕਿ ਫ਼ੌਜ ਨੇ ਮ੍ਰਿਤਕ ਦਾ ਕੜਾ ਹੀ ਘਰ ਭੇਜਿਆ ਹੈ। ਉਸ ਦਾ ਮੋਬਾਈਲ, ਕੱਪੜੇ, ਕਿੱਟ ਅਤੇ ਹੋਰ ਜ਼ਰੂਰੀ ਸਾਮਾਨ ਮੰਗਣ ਦੇ ਬਾਵਜੂਦ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਲਾਸ਼ ਲੈ ਕੇ ਆਏ ਫ਼ੌਜੀ ਅਫ਼ਸਰਾਂ ਤੋਂ ਇਸ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਹਾਲੇ ਜਾਂਚ ਚੱਲ ਰਹੀ ਹੈ। ਆਕਾਸ਼ਦੀਪ ਸਿੰਘ ਦਾ ਸਾਰਾ ਸਾਮਾਨ ਫ਼ੌਜ ਜਲਦੀ ਹੀ ਪਰਿਵਾਰ ਨੂੰ ਸੌਂਪ ਦੇਵੇਗੀ।

# ਨਸ਼ਾ ਮੁਕਤੀ ਯਾਤਰਾ ਸਦਕਾ ਜਲਦ ਹੋਵੇਗਾ ਨਸ਼ਿਆਂ ਦਾ ਸਫਾਇਆ: ਵਿਧਾਇਕ ਨਰਿੰਦਰ ਕੌਰ ਭਰਾਜ

ਸੰਗਰੂਰ, 19 ਮਈ (ਪੱਤਰ ਪ੍ਰੇਰਕ)-ਪੰਜਾਬ ਸਰਕਾਰ ਦੀ ਯੁੱਧ ਨਸ?ਿਆਂ ਵਿਰੁੱਧ ਮੁਹਿੰਮ ਤਹਿਤ ਸਰਕਾਰ ਵੱਲੋਂ ਨਸਾ ਤਸਕਰਾਂ ਉੱਪਰ ਮਿਸਾਲੀ ਕਾਰਵਾਈਆਂ ਕਰ ਕੇ ਬਹੁਤ ਹੱਦ ਤੱਕ ਨਸਾ ਦੀ ਸਪਲਾਈ ਚੇਨ ਨੂੰ ਤੋੜ ਦਿੱਤਾ ਗਿਆ ਹੈ ਅਤੇ ਸੂਬੇ ਨੂੰ ਮੁੜ ਹਸਦਾ-ਵਸਦਾ ਤੇ ਰੰਗਲਾ ਪੰਜਾਬ ਬਨਾਉਣ ਦੇ ਰਾਹ ਪਾਇਆ ਗਿਆ ਹੈ। ਪੰਜਾਬ ਸਰਕਾਰ ਦੇ ਯਤਨਾਂ ਸਦਕਾ ਨਸਾ ਤਸਕਰ ਜਾਂ ਤਾਂ ਜੇਲ੍ਹਾਂ ਵਿੱਚ ਹਨ ਜਾਂ ਫਿਰ ਪੰਜਾਬ ਛੱਡ ਕੇ ਭੱਜ ਚੁੱਕੇ ਹਨ। ਹੁਣ ਇਹ ਮੁਹਿੰਮ ਜਮੀਨੀ ਪੱਧਰ ਭਾਵ ਪਿੰਡਾਂ ਅਤੇ ਵਾਰਡਾਂ ਵਿਚੋਂ ਚੱਲਣ ਲੱਗੀ ਹੈ, ਜਿਸ ਨੂੰ ਨਸਾ ਮੁਕਤੀ ਯਾਤਰਾ ਦਾ ਨਾਮ ਦਿੱਤਾ ਗਿਆ ਹੈ, ਜਿਸ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਹ ਪ੍ਰਗਟਾਵਾ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਪਿੰਡ ਚੰਗਾਲ, ਹਰੇੜੀ ਅਤੇ ਸੰਗਰੂਰ ਵਾਰਡ ਨੰਬਰ 22 ਵਿਖੇ ਡਿਫੈਂਸ ਕਮੇਟੀਆਂ ਨਾਲ ਕੀਤੀਆਂ ਮੀਟਿੰਗਾਂ ਦੌਰਾਨ ਕੀਤਾ। ਹਲਕਾ ਵਿਧਾਇਕ ਨੇ ਡਿਫੈਂਸ ਕਮੇਟੀਆਂ ਨੂੰ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਵੀ ਕੀਤਾ। ਹਲਕਾ ਵਿਧਾਇਕ ਨੇ ਕਿਹਾ ਕਿ ਨਸਾ



ਮੁਕਤੀ ਯਾਤਰਾ ਲੋਕ ਲਹਿਰ ਬਣ ਗਈ ਹੈ ਅਤੇ ਹੁਣ ਜਲਦੀ ਹੀ ਪੰਜਾਬ ਵਿਚੋਂ ਨਸ?ਿਆਂ ਸਫਾਇਆ ਹੋਵੇਗਾ। ਉਹਨਾਂ ਦੱਸਿਆ ਕਿ ਲੋਕ ਪੰਜਾਬ ਸਰਕਾਰ ਦਾ ਨਸਾ ਵਿਰੋਧੀ ਮੁਹਿੰਮ ਵਿੱਚ ਬਿਨਾਂ ਕਿਸੇ ਦਬਾਅ ਤੋਂ ਸਹਿਯੋਗ ਦੇ ਰਹੇ ਹਨ। ਹਲਕਾ ਵਿਧਾਇਕ ਨੇ ਕਿਹਾ ਕਿ ਜੇਕਰ ਹਰੇਕ ਵਾਰਡ ਜਾਂ ਪਿੰਡਾਂ ਦੀਆਂ ਪੰਚਾਇਤਾਂ ਨਸਾ ਮੁਕਤੀ ਦਾ ਪ੍ਰਣ ਲੈਣਗੀਆਂ ਤਾਂ ਨਸਾ ਜਾਂ ਨਸਾ ਤਸਕਰਾਂ ਦਾ ਨਾਮੋ ਨਿਸਾਨ ਵੀ ਨਹੀਂ ਰਹੇਗਾ। ਹੁਣ ਕਿਸੇ ਵੀ ਨਸਾ ਤਸਕਰ ਨੂੰ ਸਿਆਸੀ ਜਾਂ ਹੋਰ ਕੋਈ ਸਹਿਯੋਗ ਨਹੀਂ ਮਿਲ ਰਿਹਾ। ਇਸ ਲਈ ਬਹੁਤ ਜਲਦ ਪੰਜਾਬ ਨਸਾ ਮੁਕਤ ਹੋਵੇਗਾ। ਸ੍ਰੀਮਤੀ ਭਰਾਜ ਨੇ ਸਮੂਹ ਹਾਜਰੀਨ ਨੂੰ ਨਸਾ ਮੁਕਤੀ ਮੁਹਿੰਮ ਵਿੱਚ ਆਪਣਾ ਪੂਰਨ ਸਹਿਜੋਗ ਦੇਣ ਦਾ ਪ੍ਰਣ ਦਿਵਾਇਆ। ਉਹਨਾਂ ਦੱਸਿਆ ਕਿ ਨਸਾ ਪੀੜਤਾਂ ਦਾ ਸਹੀ ਇਲਾਜ ਕਰ ਕੇ ਉਹਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸਾਮਿਲ ਕਰਨ ਲਈ ਸਾਰਥਕ ਯਤਨ ਕੀਤੇ ਜਾ ਰਹੇ ਹਨ। ਹਲਕਾ ਵਿਧਾਇਕ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਸਬੰਧੀ ਪ੍ਰਸ਼ਾਸਨ ਤੇ ਪੁਲਿਸ ਵਿਭਾਗ ਨੂੰ ਸਹਿਯੋਗ ਦੇਣ।

# ਸੁਨੀਲ ਜਾਖੜ ਦੀ ਅਗਵਾਈ ਹੇਠ ਭਾਜਪਾ ਦਾ ਵਫਦ ਮਿਲਿਆ ਰਾਜਪਾਲ ਨੂੰ

ਚੰਡੀਗੜ, 19 ਮਈ (ਪੱਤਰ ਪ੍ਰੇਰਕ)-ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਸੋਮਵਾਰ ਨੂੰ ਦੁਹਰਾਇਆ ਕਿ ਭਗਵੰਤ ਮਾਨ ਦੀ ਸਰਕਾਰ ਨੂੰ ਆਪ ਦੇ ਦਿੱਲੀ ਅਧਾਰਤ ਨੇਤਾਵਾਂ ਨੇ ਪੂਰੀ ਤਰ੍ਹਾਂ ਹਾਈਜੈਕ ਕਰ ਲਿਆ ਹੈ, ਜਿਸ ਕਾਰਨ ਰਾਜ ਵਿੱਚ ਸੰਵਿਧਾਨਕ ਸੰਕਟ ਪੈਦਾ ਹੋ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਦਿੱਲੀ ਆਬਕਾਰੀ ਨੀਤੀ ਦੀ ਸੀਬੀਆਈ ਜਾਂਚ ਦਾ ਦਾਇਰਾ ਵਧਾ ਕੇ ਅੰਮ੍ਰਿਤਸਰ ਸਰਾਬ ਤਰਾਸਦੀ ਦੀ ਜਾਂਚ ਵੀ ਕੀਤੀ ਜਾਵੇ। ਇਹ ਵਿਚਾਰ ਭਾਜਪਾ ਪ੍ਰਧਾਨ ਨੇ ਰਾਜ ਭਵਨ ਦੇ ਬਾਹਰ ਮੀਡੀਆ ਨਾਲ ਗੱਲਬਾਤ ਦੌਰਾਨ ਪ੍ਰਗਟ ਕੀਤੇ, ਜਦੋਂ ਉਹ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਮਿਲਣ ਵਾਲੇ ਭਾਜਪਾ ਵਫਦ ਦੀ ਅਗਵਾਈ ਕਰ ਰਹੇ ਸਨ। ਅੰਮ੍ਰਿਤਸਰ ਸਰਾਬ ਤਰਾਸਦੀ ਦੇ ਮੱਦੇਨਜਰ, ਜਾਖੜ ਨੇ ਰਾਜਪਾਲ ਨੂੰ ਅੰਮ੍ਰਿਤਸਰ ਸਰਾਬ ਤਰਾਸਦੀ ਅਤੇ ਆਪ ਦੇ ਸਰਾਬ ਮਾਫੀਆ ਨਾਲ ਸਬੰਧਾਂ ਦੀ ਸੀਬੀਆਈ ਜਾਂਚ ਦੀ ਮੰਗ ਕੀਤੀ। ਸੁਨੀਲ ਜਾਖੜ ਦੀ ਅਗਵਾਈ ਵਿੱਚ ਭਾਜਪਾ ਵਫਦ ਨੇ ਅੱਜ ਦੁਪਹਿਰ ਰਾਜਪਾਲ ਨੂੰ ਮਿਲ ਕੇ ਇੱਕ ਵਿਸਤ੍ਰਿਤ ਮੰਗ-ਪੱਤਰ ਸੌਂਪਿਆ, ਜਿਸ ਵਿੱਚ ਪੰਜਾਬ ਵਿੱਚ ਆਪ ਦੀ ਅਗਵਾਈ ਦੇ ਸਰਾਬ ਮਾਫੀਆ ਨਾਲ ਸਬੰਧਾਂ ਦੀ ਜਾਂਚ ਦੀ ਮੰਗ ਵੀ ਸਾਮਲ ਸੀ। ਵਫਦ ਨੇ ਮੰਗ ਕੀਤੀ ਕਿ ਇਸ ਗਠਜੋੜ ਨੂੰ ਬੇਨਕਾਬ ਕਰਨ ਲਈ ਈਡੀ ਨੂੰ ਡੂੰਘੀ ਜਾਂਚ ਕਰਨ ਲਈ ਕਿਹਾ ਜਾਵੇ। ਵਫਦ ਵਿੱਚ ਸਾਬਕਾ ਮੰਤਰੀ ਮਨੋਰੰਜਨ ਕਾਲੀਆ, ਵਿਧਾਇਕ ਜੰਗੀ ਲਾਲ ਮਹਾਜਨ, ਜਨਰਲ ਸਕੱਤਰ ਭਾਜਪਾ ਪੰਜਾਬ ਪਰਮਿੰਦਰ ਬਰਾੜ, ਜਨਰਲ ਸਕੱਤਰ ਭਾਜਪਾ ਪੰਜਾਬ ਜਗਮੋਹਨ ਸਿੰਘ ਰਾਜੂ, ਪ੍ਰਧਾਨ ਓਬੀਸੀ ਮੋਰਚਾ ਪੰਜਾਬ ਭਾਜਪਾ ਅਮਰਪਾਲ ਸਿੰਘ ਬੋਨੀ ਅਜਨਾਲਾ, ਰਜਿੰਦਰ ਮੋਹਨ ਸਿੰਘ ਚਿੰਨਾ, ਰਾਜਬੀਰ ਸਰਮਾ, ਰੰਜਮ ਕਾਮਰਾ, ਵਿਨੀਤ ਜੋਸੀ ਅਤੇ ਗੱਜਾ ਰਾਮ ਵਾਲਮੀਕੀ ਸਾਮਲ ਸਨ। ਇਸ ਨੂੰ ਇੱਕ ਟਾਲਣਯੋਗ ਤਰਾਸਦੀ ਦੱਸਦਿਆਂ, ਵਫਦ ਨੇ ਕਿਹਾ ਕਿ 2022 ਵਿੱਚ ਆਪ ਵੱਲੋਂ ਪੰਜਾਬ ਵਿੱਚ ਦਿੱਲੀ ਆਬਕਾਰੀ ਨੀਤੀ ਦੀ ਤਰਜ 'ਤੇ ਲਾਗੂ ਕੀਤੀ ਸਰਾਬ ਨੀਤੀ ਅਧੀਨ ਵੰਡੇ ਗਏ ਕੋਟਿਆਂ ਦੀ ਵੀ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਇਹ ਪਤਾ ਲੱਗ ਸਕੇ ਕਿ ਕਿਸ ਨੂੰ ਗੈਰ-ਕਾਨੂੰਨੀ ਲਾਭ ਮਿਲੇ ਅਤੇ ਕਿੰਨੇ ਹੱਦ ਤੱਕ। ਇਹ ਸਟਾਕ ਰਜਿਸਟਰਾਂ ਦੀ ਜਾਂਚ ਰਾਹੀਂ ਕੀਤਾ ਜਾ ਸਕਦਾ ਹੈ ਤਾਂ ਜੋ ਸਰਾਬ ਨੀਤੀ ਦੀ ਸੱਚਾਈ ਸਾਹਮਣੇ ਆ ਸਕੇ, ਮੰਗ-ਪੱਤਰ ਵਿੱਚ ਕਿਹਾ ਗਿਆ। ਜੁਲਾਈ 2022 ਤੋਂ ਪੰਜਾਬ



ਦੇ ਸਰਾਬ ਠੇਕੇਦਾਰਾਂ ਵੱਲੋਂ ਚੁੱਕੇ ਗਏ ਅਤੇ ਮਨਜੂਰ ਕੀਤੇ ਗਏ ਵਿਦੇਸੀ ਸਰਾਬ ਦੇ ਕੋਟੇ ਦੀ ਮਾਤਰਾ ਦੀ ਜਾਂਚ ਦੀ ਵੀ ਮੰਗ ਕੀਤੀ ਗਈ ਹੈ। ਇੱਕ ਸਵਾਲ ਦੇ ਜਵਾਬ ਵਿੱਚ, ਜਾਖੜ ਨੇ ਕਿਹਾ ਕਿ ਦਿੱਲੀ ਆਬਕਾਰੀ ਨੀਤੀ ਦੀ ਸੀਬੀਆਈ ਜਾਂਚ ਦੇ ਹਿੱਸੇ ਵਜੋਂ ਪੰਜਾਬ ਵਿੱਚ ਵੀ ਛਾਪੇਮਾਰੀ ਕੀਤੀ ਗਈ ਸੀ ਅਤੇ ਮੰਗ ਕੀਤੀ ਕਿ ਚੱਲ ਰਹੀ ਸੀਬੀਆਈ ਜਾਂਚ ਨੂੰ ਤੇਜ ਕੀਤਾ ਜਾਵੇ ਤਾਂ ਜੋ ਪੰਜਾਬ ਦੇ ਆਪ ਨੇਤਾਵਾਂ ਦੀ ਭੂਮਿਕਾ ਵੀ ਜਨਤਾ ਸਾਹਮਣੇ ਲਿਆਂਦੀ ਜਾ ਸਕੇ ਅਤੇ ਦੋਸੀਆਂ ਨੂੰ ਸਜਾ ਦਿੱਤੀ ਜਾਵੇ। "ਐਨਸੀਬੀ ਨੂੰ ਵੀ ਸਾਮਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਗੈਰ-ਕਾਨੂੰਨੀ ਕਮਾਈ ਦਾ ਪਤਾ ਲਗਾਇਆ ਜਾ ਸਕੇ ਅਤੇ ਸੀਬੀਆਈ ਜਾਂਚ ਦਾ ਦਾਇਰਾ ਵਧਾ ਕੇ ਅੰਮ੍ਰਿਤਸਰ ਸਰਾਬ ਤਰਾਸਦੀ ਨੂੰ ਸਾਮਲ ਕੀਤਾ ਜਾਵੇ," ਜਾਖੜ ਨੇ ਅੱਗੇ ਕਿਹਾ। ਮੰਗ-ਪੱਤਰ ਵਿੱਚ ਆਪ ਦੇ ਦਿੱਲੀ ਅਧਾਰਤ ਨੇਤਾਵਾਂ ਨੂੰ ਚੰਡੀਗੜ੍ਹ ਵਿੱਚ ਸਰਕਾਰੀ ਮਕਾਨ ਅਲਾਟ ਕਰਨ ਦੀ ਜਾਂਚ ਦੀ ਵੀ ਮੰਗ ਕੀਤੀ ਗਈ, ਕਿ ਉਹ ਕਿਸ ਅਹੁਦੇ ਅਤੇ ਅਧਿਕਾਰ ਅਧੀਨ ਦਿੱਤੇ ਗਏ ਅਤੇ ਉਨ੍ਹਾਂ ਦੀ ਸਰਕਾਰੀ ਮੀਟਿੰਗਾਂ ਵਿੱਚ ਮੌਜੂਦਗੀ ਦੀ ਜਾਂਚ ਵੀ ਕੀਤੀ ਜਾਵੇ। ਇੱਕ ਹੋਰ ਮਾਮਲੇ ਵਿੱਚ, ਵਫਦ ਨੇ ਹਰਪ੍ਰੀਤ ਸਿੰਘ ਉਰਫ ਹੈਰੀ ਦੇ ਰਹੱਸਮਈ ਢੰਗ ਨਾਲ ਗਾਇਬ ਹੋਣ ਦੀ ਜਾਂਚ ਦੀ ਮੰਗ ਕੀਤੀ, ਜਿਸ ਨੂੰ ਐਫਆਈਆਰ ਨੰਬਰ 120, ਅ/ਧ 302 ਅਤੇ 120-ਬੀ ਆਈਪੀਸੀ, ਮਿਤੀ 12/12/15, ਪੀ.ਐਸ. ਬਹਾਵਵਾਲਾ ਵਿੱਚ ਉਮਰ ਕੈਦ ਦੀ ਸਜਾ ਸੁਣਾਈ ਗਈ ਸੀ, ਜਿਸ ਵਿੱਚ ਇੱਕ ਸਰਾਬ ਠੇਕੇਦਾਰ ਵੀ ਸਾਮਲ ਸੀ। ਹੈਰੀ ਨੂੰ ਐਫਆਈਆਰ ਨੰਬਰ 116/23, ਐਨਡੀਪੀਐਸ ਸੈਕਸਨਾਂ ਅਧੀਨ, ਪੀ.ਐਸ. ਨਥਾਨਾ, ਬਠਿੰਡਾ ਵਿੱਚ ਆਈਐਸਆਈ ਦੀ ਮਦਦ ਨਾਲ ਪਾਕਿਸਤਾਨ ਤੋਂ ਤਸਕਰੀ ਕੀਤੀ ਗਈ ਹੈਰੋਇਨ ਦੀ ਵੱਡੀ ਮਾਤਰਾ ਦੀ ਬਰਾਮਦਗੀ ਲਈ ਦਰਜ ਕੀਤਾ ਗਿਆ ਸੀ। ਹੈਰੀ ਆਪਣੀ ਹਰਨੀਆ ਦੇ ਆਪ੍ਰੇਸਨ ਲਈ ਜਮਾਨਤ ਮਿਲਣ ਤੋਂ ਬਾਅਦ ਰਹੱਸਮਈ ਢੰਗ ਨਾਲ ਗਾਇਬ ਹੋ ਗਿਆ ਹੈ। ਮੰਗ-ਪੱਤਰ ਵਿੱਚ ਪੰਜਾਬ ਵਿੱਚ ਆਪ ਦੇ ਤਿੰਨ ਸਾਲ ਦੇ ਸਾਸਨ ਦੌਰਾਨ ਵਿਧਾਇਕਾਂ, ਮੰਤਰੀਆਂ ਅਤੇ ਉਨ੍ਹਾਂ ਦੇ ਨਜਦੀਕੀ ਰਿਸਤੇਦਾਰਾਂ ਦੀ ਜਾਇਦਾਦ ਵਿੱਚ ਅਸਧਾਰਨ ਵਾਧੇ ਦੀ ਜਾਂਚ ਦੀ ਮੰਗ ਵੀ ਉਠਾਈ ਗਈ।

# ਸਰਕਾਰੀ ਯੋਜਨਾਵਾਂ ਦਾ ਲੋਕਾਂ ਤੱਕ ਜ਼ਮੀਨੀ ਪੱਧਰ 'ਤੇ ਪਹੁਚਾਇਆ ਜਾਵੇ ਲਾਭ : ਡਾ. ਰਾਜ ਕੁਮਾਰ ਚੱਬੇਵਾਲ

ਹੁਸ਼ਿਆਰਪੁਰ, 19 ਮਈ (ਪੱਤਰ ਪ੍ਰੇਰਕ)-ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਨੇ ਕਿਹਾ ਕਿ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਵਿਕਾਸ ਕਾਰਜਾਂ ਨੂੰ ਮਿੱਥੇ ਸਮੇਂ 'ਤੇ ਮੁਕੰਮਲ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਲੋਕਾਂ ਨੂੰ ਇਨ੍ਹਾਂ ਦਾ ਸਮੇਂ ਸਿਰ ਲਾਭ ਪ੍ਰਾਪਤ ਹੋ ਸਕੇ। ਉਹ ਅੱਜ ਜ?ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ?ਿਲ੍ਹਾ ਕੋਆਰਡੀਨੇਸ਼ਨ ਅਤੇ ਮਾਨੀਟਰਿੰਗ ਕਮੇਟੀ (ਦਿਸਾ) ਤਹਿਤ ਮੀਟਿੰਗ ਦੌਰਾਨ ਜ?ਿਲ੍ਹੇ ਵਿਚ ਚੱਲ ਰਹੀਆਂ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦੀ ਸਮੀਖਿਆ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸਨ ਸਿੰਘ ਰੌੜੀ, ਵਿਧਾਇਕ ਹੁਸ?ਿਆਰਪੁਰ ਬ੍ਰਮ ਸੰਕਰ ਜਿੰਪਾ, ਵਿਧਾਇਕ ਉੜਮੁੜ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਦਸੂਹਾ ਕਰਮਬੀਰ ਸਿੰਘ ਘੁੰਮਣ, ਡਿਪਟੀ ਕਮਿਸਨਰ ਆਸ਼ਿਕਾ ਜੈਨ, ਵਧੀਕ ਡਿਪਟੀ ਕਮਿਸਨਰ (ਪੇਂਡੂ ਵਿਕਾਸ) ਨਿਕਾਸ ਕੁਮਾਰ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਲੋਕ ਸਭਾ ਮੈਂਬਰ ਨੇ ਕਿਹਾ ਕਿ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕੀਤਾ ਜਾਵੇ ਤਾਂ ਜੋ ਇਨ੍ਹਾਂ ਯੋਜਨਾਵਾਂ ਦਾ ਸਬੰਧਤ



ਲਾਭਪਾਤਰੀਆਂ ਨੂੰ ਲਾਭ ਪਹੁੰਚਾਇਆ ਜਾ ਸਕੇ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਵਿੱਤੀ ਸਾਲ 24-25 ਦੌਰਾਨ ਹੁਸ?ਿਆਰਪੁਰ ਨੂੰ ਸਮੱਗਰ ਸਿੱਖਿਆ ਮੁਹਿੰਮ ਤਹਿਤ ਕੁੱਲ 25 ਕਰੋੜ 32 ਲੱਖ 77 ਹਜਾਰ 846 ਰੁਪਏ ਦੀ ਗ੍ਰਾਂਟ ਵੱਖ-ਵੱਖ ਦਿੱਤੀ ਗਈ ਹੈ, ਜੋ ਹੁਣ ਤੱਕ ਖਰਚ ਕੀਤੀ ਜਾ ਚੁੱਕੀ ਹੈ। ਸਿਹਤ ਵਿਭਾਗ ਦੀਆਂ ਸਕੀਮਾਂ ਦੀ ਸਮੀਖਿਆ ਕਰਦੇ ਹੋਏ ਉਨ੍ਹਾਂ ਦੱਸਿਆ ਕਿ ਜਨਨੀ ਸੁਰੱਖਿਆ ਯੋਜਨਾ, ਜਨਨੀ ਸ?ਿਸੂ ਸੁਰੱਖਿਆ ਯੋਜਨਾ, ਪਰਿਵਾਰ ਨਿਯੋਜਨ ਮੁਆਵਜਾ, ਰੋਗੀ ਕਲਿਆਣ ਸਮਿਤੀ ਤਹਿਤ 31 ਮਾਰਚ, 2025 ਤੱਕ ਕੁੱਲ 68490945 ਰੁਪਏ ਖਰਚ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਰਾਸਟਰੀ ਡਾਇਲਸਿਸ ਪ੍ਰੋਗਰਾਮ ਤਹਿਤ, ਵਿੱਤੀ ਸਾਲ 2024-25 ਦੌਰਾਨ ਜ?ਿਲ੍ਹੇ ਵਿੱਚ 279 ਮਰੀਜਾਂ ਲਈ 1371 ਸੈਸਨ ਮੁਫਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਡੇਂਗੂ ਅਤੇ ਮਲੇਰੀਆ ਦੇ ਕੇਸਾਂ ਦਾ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਸਾਰੇ ਵਿਭਾਗ ਮੁਖੀਆਂ ਦੀ ਜ?ਿੰਮੇਵਾਰੀ ਬਣਦੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਡੇਂਗੂ ਦਾ ਲਾਰਵਾ ਉਨ੍ਹਾਂ ਦੇ ਦਫਤਰਾਂ ਵਿੱਚ ਪ੍ਰਜਨਨ ਨਾ ਕਰੇ। ਲੋਕ ਸਭਾ ਮੈਂਬਰ ਨੇ ਕਿਹਾ ਕਿ ਪਲਾਸਟਿਕ ਰਹਿੰਦ-ਖੂੰਹਦ ਪ੍ਰਬੰਧਨ ਪ੍ਰੋਗਰਾਮ ਨੂੰ ਪ੍ਰਭਾਵਸਾਲੀ ਢੰਗ ਨਾਲ ਲਾਗੂ ਕੀਤਾ ਜਾਵੇ। ਇਸ ਦੌਰਾਨ ਉਨ੍ਹਾਂ ਪ੍ਰਧਾਨ ਮੰਤਰੀ ਸਵੈਨਿਧੀ ਯੋਜਨਾ, ਸਾਂਸਦ ਆਦਰਸ ਗ੍ਰਾਮ ਯੋਜਨਾ, ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ ਅਤੇ ਸਹਿਰੀ), ਜਲ ਜੀਵਨ ਮਿਸਨ, ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ, ਪ੍ਰਧਾਨ ਮੰਤਰੀ ਕ੍ਰਿਸੀ ਸਿੰਚਾਈ ਯੋਜਨਾ, ਪ੍ਰਧਾਨ ਮੰਤਰੀ ਕ੍ਰਿਸੀ ਸਿੰਚਾਈ ਯੋਜਨਾ, ਮੈਡੀਕਲ ਕਾਲਜ ਦੀ ਉਸਾਰੀ, ਮਿਸ ਸਵੱਛ ਸਮਾਜਕ ਵਿਕਾਸ, ਮਿਸ ਸਵੱਛ ਮੈਡੀਕਲ ਕਾਲਜ, ਐਸ. ਸਕੀਮਾਂ, ਮਨਰੇਗਾ, ਪੀ.ਐੱਮ.ਕੇ.ਵੀ.ਵਾਈ, ਬੀ.ਐੱਸ.ਐੱਨ.ਐੱਲ. ਅਤੇ ਨੈਸਨਲ ਹਾਈਵੇਅ ਅਥਾਰਟੀ ਵੱਲੋਂ ਕੀਤੇ ਜਾ ਰਹੇ ਕੰਮਾਂ ਦਾ ਵੀ ਜਾਇਜ਼ਾ ਲਿਆ। ਵਿਕਾਸ ਕਾਰਜਾਂ ਦੀ ਸਮੀਖਿਆ ਕਰਦਿਆਂ ਕਿਹਾ ਕਿ ਸੁਰੂ ਕੀਤੇ ਕੰਮ ਜਲਦ ਮੁਕੰਮਲ ਕਰਕੇ ਵਰਤੋਂ ਸਰਟੀਫਿਕੇਟ ਭੇਜੇ ਜਾਣ।

## ਪੰਜਾਬ ਭਾਜਪਾ ਵਫ਼ਦ ਨੇ ਗਵਰਨਰ ਨੂੰ ਮਿਲ ਕੇ ਮਜੀਠਾ ਸ਼ਰਾਬ ਕਾਂਡ 'ਤੇ ਚੁੱਕੇ ਗੰਭੀਰ ਸਵਾਲ

ਚੰਡੀਗੜ੍ਹ, 19 ਮਈ (ਪੱਤਰ ਪ੍ਰੇਰਕ)-ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਪੰਜਾਬ ਇਕਾਈ ਦਾ ਇੱਕ ਵਫ਼ਦ ਮਜੀਠਾ ਸ਼ਰਾਬ ਕਾਂਡ ਨੂੰ ਲੈ ਕੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਮਿਲਿਆ। ਇਸ ਵਫ਼ਦ ਦੀ ਅਗਵਾਈ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕੀਤੀ। ਮੀਟਿੰਗ ਦੌਰਾਨ, ਭਾਜਪਾ ਆਗੂਆਂ ਨੇ ਰਾਜਪਾਲ ਨੂੰ ਇੱਕ ਮੰਗ ਪੱਤਰ ਸੌਂਪਿਆ ਜਿਸ ਵਿੱਚ ਮਜੀਠਾ ਵਿੱਚ ਸ਼ਰਾਬ ਦੇ ਕਾਰੋਬਾਰ ਵਿੱਚ ਕਥਿਤ ਬੇਨਿਯਮੀਆਂ ਅਤੇ ਭ੍ਰਿਸ਼ਟਾਚਾਰ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਗਈ। ਪਾਰਟੀ ਨੇ ਸੂਬਾ ਸਰਕਾਰ 'ਤੇ ਇਸ ਮਾਮਲੇ ਵਿੱਚ ਕੋਈ ਠੋਸ ਕਦਮ ਚੁੱਕਣ ਵਿੱਚ ਅਸਫਲ ਰਹਿਣ ਦਾ ਦੋਸ਼ ਲਗਾਇਆ। ਭਾਜਪਾ ਨੇ ਰਾਜਪਾਲ ਤੋਂ ਇਸ ਸ਼ਰਾਬ ਕਾਂਡ ਦੀ ਨਿਰਪੱਖ ਅਤੇ ਡੂੰਘਾਈ ਨਾਲ ਜਾਂਚ ਦੀ ਮੰਗ ਕੀਤੀ ਹੈ। ਪਾਰਟੀ ਦਾ ਕਹਿਣਾ ਹੈ ਕਿ ਸਰਕਾਰ ਦੀ ਅਣਗਹਿਲੀ ਕਾਰਨ ਇਸ ਮਾਮਲੇ ਵਿੱਚ ਭ੍ਰਿਸ਼ਟਾਚਾਰ ਵੱਧ ਰਿਹਾ ਹੈ, ਅਤੇ ਇਸਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਇਹ ਮੀਟਿੰਗ ਸੂਬੇ ਵਿੱਚ ਮਜੀਠਾ ਸ਼ਰਾਬ ਘੁਟਾਲੇ ਨੂੰ ਲੈ ਕੇ ਵਧ ਰਹੇ ਵਿਵਾਦ ਦੇ ਵਿਚਕਾਰ ਹੋ ਰਹੀ ਹੈ, ਜਿੱਥੇ ਭਾਜਪਾ, ਵਿਰੋਧੀ ਧਿਰ ਵਜੋਂ, ਰਾਜ ਸਰਕਾਰ 'ਤੇ ਸਵਾਲ ਉਠਾ ਰਹੀ ਹੈ।

# ਪੰਜਾਬ ਸਰਕਾਰ ਨੇ ਪਿਛਲੇ ਤਿੰਨ ਸਾਲਾ 'ਚ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ : ਹਰਮੀਤ ਸਿੰਘ ਪਠਾਣਮਾਜਰਾ

ਸਨੌਰ/ਪਟਿਆਲਾ, 19 ਮਈ (ਪੱਤਰ ਪ੍ਰੇਰਕ)- ਮੁੱਖ ਮੰਤਰੀ ਪੰਜਾਬ



ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਵੱਲੋਂ ਹਲਕੇ ਦੇ ਤਿੰਨ ਪਿੰਡਾਂ ਰਾਜਗੜ੍ਹ, ਭਸਮੜਾ ਤੇ ਉਲਟਪੁਰ ਦੇ ਸਕੂਲਾਂ 'ਚ ਹੋਏ ਲੱਖਾ ਦੇ ਵਿਕਾਸ ਕਾਰਜ ਅੱਜ ਵਿਦਿਆਰਥੀਆਂ ਨੂੰ ਸਮਰਪਿਤ ਕੀਤੇ ਗਏ। ਇਹ ਕਾਰਜ ਸਿੱਖਿਆ ਕ੍ਰਾਂਤੀ ਤਹਿਤ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲਿਆਂ ਦਾ ਹਿੱਸਾ ਹਨ, ਜਿਨ੍ਹਾਂ ਰਾਹੀਂ ਸਕੂਲਾਂ ਵਿੱਚ ਸਿੱਖਿਆ ਦੇ ਮਾਹੌਲ ਨੂੰ ਹੋਰ ਬਿਹਤਰ ਬਣਾਇਆ ਜਾ ਰਿਹਾ ਹੈ। ਇਸ ਮੌਕੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਸਕੂਲੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ, ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਭਵਿੱਖ ਨੂੰ ਰੁਸਨਾਉਣ ਲਈ ਅਹਿਮ ਜਰੀਆ ਸਾਬਤ ਹੋ ਰਹੀ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀ ਆਪਣੀ ਕਾਬਲੀਅਤ ਅਤੇ ਮਿਹਨਤ ਸਦਕਾ ਹਰ ਖੇਤਰ ਵਿੱਚ ਮੋਹਰੀ ਸਥਾਨ ਹਾਸਲ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਿਛਲੇ ਤਿੰਨ ਸਾਲਾ 'ਚ ਸਰਕਾਰੀ ਸਕੂਲਾਂ ਦੀ ਨੁਹਾਰ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਮੁਹਿੰਮ ਯੋਜਨਾਬੱਧ ਤਰੀਕੇ ਨਾਲ ਚਲਾਈ ਜਾ ਰਹੀ ਹੈ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਅਜਿਹਾ ਉਸਾਰੂ ਮਾਹੌਲ ਸਿਰਜਿਆ ਜਾ ਸਕੇ ਜਿਸ ਨਾਲ ਨਵੇਂ ਦਾਖਲਿਆਂ ਮੌਕੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਉਡੀਕ ਨਾ ਕਰਨੀ ਪਵੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਕੂਲਾਂ ਵਿਚ ਨਵੀਂ ਚਾਰਦੀਵਾਰੀ, ਨਵੇਂ ਕਮਰੇ ਅਤੇ ਹੋਰ ਵਿਕਾਸ ਕਾਰਜ ਕੀਤੇ ਗਏ ਹਨ। ਇਸ ਮੌਕੇ ਉਲਟਪੁਰ ਦੇ ਸਰਪੰਚ ਸਿਮਰਪ੍ਰੀਤ ਸਿੰਘ, ਹਰਬੰਸ ਸਿੰਘ, ਪਰਦੀਪ ਕੌਰ ਲਖਵਿੰਦਰ ਸਿੰਘ ਲਾਡੀ, ਸੁਰਿੰਦਰ ਸਿੰਘ ਥਿੰਦ, ਕੁਲਦੀਪ ਸਿੰਘ, ਜਸਵਿੰਦਰ ਸਿੰਘ ਪੱਪੂ, ਹਰਵਿੰਦਰ ਸਿੰਘ ਕਾਲਾ, ਕਸਮੀਰ ਸਿੰਘ, ਸੁਰਜੀਤ ਸਿੰਘ, ਬੀ ਆਰ ਸੀ ਹਰਿੰਦਰ ਸਿੰਘ, ਪਰਗਟ ਸਿੰਘ, ਸੀ ਐਚ ਟੀ ਸੁਖਜਿੰਦਰ ਕੁਮਾਰ, ਸੀ ਐਚ ਸੀ ਐਚ ਟੀ ਕ੍ਰਿਸਨ ਕੌਰ, ਡਾਕਟਰ ਕਰਮ ਸਿੰਘ ਰਾਜਗੜ੍ਹ, ਰਮੇਸ ਕੁਮਾਰ ਐਚ ਟੀ ਪੰਜੇਟਾਂ, ਸੁਖਜੀਵਨ ਸਿੰਘ ਅਧਿਆਪਕ ਸਾਹਿਬਾਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਕੂਲ ਮਾਪੇ ਅਤੇ ਬੱਚੇ ਹਾਜ਼ਰ ਸਨ।

## ਪੰਜਾਬ ਪੁਲਿਸ ਵੱਲੋਂ ਦੋ ਕਥਿਤ ਜਾਸੂਸ ਗ੍ਰਿਫਤਾਰ, ਪਾਕਿ ਨੂੰ ਖੁਫੀਆ ਜਾਣਕਾਰੀ ਦੇਣ ਦਾ ਦੋਸ਼

ਗੁਰਦਾਸਪੁਰ, 19 ਮਈ (ਪੱਤਰ ਪ੍ਰੇਰਕ)-ਗੁਰਦਾਸਪੁਰ ਪੁਲਿਸ ਨੇ ਫੌਜ ਦੀ ਖੁਫ਼ੀਆ ਜਾਣਕਾਰੀ ਲੀਕ ਕਰਨ 'ਚ ਸ਼ਾਮਲ ਦੋ ਕਥਿਤ ਜਾਸੂਸਾਂ ਨੂੰ ਗ੍ਰਿਫ਼ਤਾਰ ਕਰਕੇ ਕੌਮੀ ਸੁਰੱਖਿਆ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ। ਇਹ ਜਾਣਕਾਰੀ ਡੀਜੀਪੀ ਗੌਰਵ ਯਾਦਵ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਰੋਸੇਯੋਗ ਖੁਫੀਆ ਸੂਚਨਾ ਮਿਲੀ ਸੀ ਕਿ ਮੁਲਜ਼ਮ ਸੁਖਪ੍ਰੀਤ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਆਦੀਆਂ ਤੇ ਕਰਨਬੀਰ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਚੰਦੂਵਡਾਲਾ ਆਪਰੇਸ਼ਨ ਸਿੰਦੂਰ ਨਾਲ ਸਬੰਧਤ ਗੁਪਤ ਜਾਣਕਾਰੀ ਸਾਂਝੀ ਕਰਨ 'ਚ ਲੱਗੇ ਹੋਏ ਸਨ। ਇਸ ਜਾਣਕਾਰੀ 'ਚ ਫੌਜ ਦੀਆਂ ਗਤੀਵਿਧੀਆਂ ਤੇ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ 'ਚ ਮੁੱਖ ਰਣਨੀਤਕ ਸਥਾਨ ਸ਼ਾਮਲ ਸਨ। ਦੋਵਾਂ ਦੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਨਾਲ ਸਬੰਧ ਹਨ। ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਦੇ ਮੋਬਾਈਲ ਫੋਨ ਦੀ ਫੋਰੈਂਸਿਕ ਜਾਂਚ ਤੋਂ ਖੁਫੀਆ ਜਾਣਕਾਰੀ ਲੀਕ ਕਰਨ ਦੀ ਪੁਸ਼ਟੀ ਹੋਈ।

# ਫਾਜ਼ਿਲਕਾ ਪੁਲਿਸ ਵੱਲੋਂ ਨਜਾਇਜ਼ ਸ਼ਰਾਬ 17 ਹਜ਼ਾਰ ਲੀਟਰ ਤੋਂ ਵੱਧ ਲਾਹਣ ਨਸ਼ਟ

ਫਾਜ?ਿਲਕਾ, 19 ਮਈ (ਪੱਤਰ ਪ੍ਰੇਰਕ)-"ਯੁੱਧ ਨਸ?ਿਆਂ ਵਿਰੁੱਧ" ਚੱਲ ਰਹੀ ਰਾਜ-ਪੱਧਰੀ ਮੁਹਿੰਮ ਤਹਿਤ ਫਾਜ਼ਿਲਕਾ ਪੁਲਿਸ ਵੱਲੋਂ ਅੱਜ ਇੱਕ ਹੋਰ ਸਖ਼ਤ ਕਾਰਵਾਈ ਨੂੰ ਅੰਜਾਮ ਦਿੱਤਾ ਗਿਆ ਹੈ। ਮਾਨਯੋਗ ਡਾਇਰੈਕਟਰ ਜਨਰਲ ਆਫ ਪੁਲਿਸ ਪੰਜਾਬ ਸ੍ਰੀ ਗੌਰਵ ਯਾਦਵ (), ਡਿਪਟੀ ਇੰਸਪੈਕਟਰ ਜਨਰਲ ਫਿਰੋਜਪੁਰ ਰੇਂਜ ਸ੍ਰੀ ਹਰਮਨਬੀਰ ਸਿੰਘ ਗਿੱਲ ਅਤੇ ਐਸ.ਐਸ.ਪੀ ਫਾਜ਼ਿਲਕਾ ਸ੍ਰੀ ਵਰਿੰਦਰ ਸਿੰਘ ਬਰਾੜ ਜੀ ਦੀ ਅਗਵਾਈ ਹੇਠ ਇਹ ਮੁਹਿੰਮ ਦ੍ਰਿੜਤਾ ਨਾਲ ਚਲਾਈ ਜਾ ਰਹੀ ਹੈ। ਅੱਜ ਜਿਲ੍ਹਾ ਫਾਜ਼ਿਲਕਾ ਦੇ ਸਾਰੇ ਸਬ ਡਵੀਜਨਾਂ ਵਿੱਚ ਇੱਕ ਸਮੁੱਚੇ ਓਪਰੇਸਨ ਦੌਰਾਨ ਨਜਾਇਜ ਸਰਾਬ ਦੇ ਕਾਰੋਬਾਰ ਵਿਰੁੱਧ ਵੱਡੀ ਮਾਰ ਪਾਈ ਗਈ। ਹਲਕਾ ਅਫਸਰਾਂ ਦੀ ਨਿਗਰਾਨੀ ਹੇਠ, ਆਬਕਾਰੀ ਵਿਭਾਗ ਦੇ ਅਧਿਕਾਰੀਆਂ ਅਤੇ 300 ਤੋਂ ਵੱਧ ਪੁਲਿਸ ਕਰਮਚਾਰੀਆਂ ਨੇ ਸਾਂਝੇ ਤੌਰ 'ਤੇ 71 ਥਾਵਾਂ ਤੇ ਛਾਪੇ ਮਾਰੇ। 207 ਸਰਾਬ ਤਸਕਰਾਂ ਦੇ ਠਿਕਾਣਿਆਂ ਦੀ ਗਹਿਰੀ ਤਲਾਸੀ ਲਈ ਗਈ, ਜਿਸ ਦੌਰਾਨ 13 ਵਿਅਕਤੀਆਂ ਨੂੰ ਰਾਊਂਡਅੱਪ ਕੀਤਾ ਗਿਆ ਅਤੇ



ਮੁਕੱਦਮਾ ਦਰਜ ਕਰਕੇ 257 ਲੀਟਰ ਨਜਾਇਜ ਸਰਾਬ ਬਰਾਮਦ ਹੋਈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਵੱਖ ਵੱਖ ਥਾਵਾਂ ਤੋਂ ਲਗਭਗ 17,200 ਲੀਟਰ ਲਾਹਨ (ਕੱਚੀ ਸਰਾਬ) ਨੂੰ ਮੌਕੇ 'ਤੇ ਹੀ ਨਸਟ ਕਰ ਦਿੱਤਾ ਗਿਆ, ਜੋ ਕਿ ਨਸਾ ਮਾਫੀਆ ਲਈ ਇੱਕ ਵੱਡਾ ਝਟਕਾ ਹੈ। ਇਹ ਓਪਰੇਸਨ ਹਾਲ ਹੀ ਵਿੱਚ ਮਜੀਠਾ ਹਲਕੇ ਵਿੱਚ ਜਹਿਰੀਲੀ ਸਰਾਬ ਨਾਲ ਹੋਈਆਂ ਮੌਤਾਂ ਦੇ ਮਾਮਲੇ ਤੋਂ ਬਾਅਦ ਸਖਤੀ ਨਾਲ ਲਾਗੂ ਕੀਤਾ ਗਿਆ ਹੈ। ਐਸ.ਐਸ.ਪੀ ਵਰਿੰਦਰ ਸਿੰਘ ਬਰਾੜ ਨੇ ਸੂਚਿਤ ਕੀਤਾ ਕਿ ਨਜਾਇਜ ਸਰਾਬ ਦਾ ਧੰਦਾ ਕਰਨ ਵਾਲਿਆਂ ਨਾਲ ਬਿਲਕੁਲ ਵੀ ਰਿਆਇਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਵੀ ਚੇਤਾਵਨੀ ਦਿੱਤੀ ਜੋ ਇਸ ਤਰ੍ਹਾਂ ਦੀ ਜਹਿਰੀਲੀ ਤੇ ਸਿਹਤ ਲਈ ਖਤਰਨਾਕ ਸਰਾਬ ਦਾ ਧੰਦਾ ਕਰਦੇ ਹਨ, ਉਹ ਬੰਦ ਕਰ ਦੇਣ। ਨਹੀ ਤਾਂ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਦੇ ਨਾਲ ਹੀ ਫਾਜ?ਿਲਕਾ ਪੁਲਿਸ ਵਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਨਜਾਇਜ ਸਰਾਬ ਦੇ ਕਾਰੋਬਾਰ ਦੀ ਜਾਣਕਾਰੀ ਨਿਕਟਮ ਪੁਲਿਸ ਥਾਣੇ ਜਾਂ ਹੈਲਪਲਾਈਨ ਰਾਹੀਂ ਦੇਣ ਅਤੇ ਸਮਾਜ ਨੂੰ ਨਸਾ ਮੁਕਤ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।

# ਲੁਧਿਆਣਾ ਵਿੱਚ ਟ੍ਰੈਫਿਕ ਭੀੜ ਘਟਾਉਣ ਦੇ ਯਤਨ ਹੋਏ ਤੇਜ: ਸੰਸਦ ਮੈਂਬਰ ਅਰੋੜਾ

ਲੁਧਿਆਣਾ, 19 ਮਈ (ਪੱਤਰ ਪ੍ਰੇਰਕ)-ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਪੁਲਿਸ ਕਮਿਸਨਰ ਸਵਪਨ ਸਰਮਾ, ਏਡੀਸੀਪੀ ਗੁਰਪ੍ਰੀਤ ਕੌਰ ਪੁਰੇਵਾਲ, ਨਗਰ ਨਿਗਮ ਕਮਿਸਨਰ ਆਦਿੱਤਿਆ ਡਚਲਵਾਲ, ਪੰਜਾਬ ਸੜਕ ਸੁਰੱਖਿਆ ਪ੍ਰੀਸਦ ਦੇ ਮੈਂਬਰ ਰਾਹੁਲ ਵਰਮਾ ਅਤੇ ਪੰਜਾਬ ਸਰਕਾਰ ਦੇ ਸਲਾਹਕਾਰ ਨਵਦੀਪ ਅਸੀਜਾ ਨਾਲ ਮਿਲ ਕੇ ਸੋਮਵਾਰ ਨੂੰ ਸਰਕਟ ਹਾਊਸ ਵਿਖੇ ਇੱਕ ਸਾਂਝੀ ਪ੍ਰੈਸ ਕਾਨਫਰੰਸ ਕਰਕੇ ਲੁਧਿਆਣਾ ਵਿੱਚ ਟ੍ਰੈਫਿਕ ਨਾਲ ਸਬੰਧਤ ਭਖਦੇ ਮੁੱਦਿਆਂ 'ਤੇ ਚਰਚਾ ਕੀਤੀ। ਪ੍ਰੈਸ ਕਾਨਫਰੰਸ ਦੌਰਾਨ, ਐਮ.ਪੀ. ਅਰੋੜਾ ਨੇ "ਰੋਡ ਐਕਸੀਡੈਂਟ ਬਲੈਕ-ਸਪਾਟ ਇੰਪਰੂਵਮੈਂਟ ਪਲਾਨ ਫਾਰ ਲੁਧਿਆਣਾ ਮਿਉਂਸਪਲ ਕਾਰਪੋਰੇਸਨ ਰੋਡਜ" ਨਾਮਕ ਇੱਕ ਕਿਤਾਬਚਾ ਜਾਰੀ ਕੀਤਾ, ਜੋ ਕਿ ਨਗਰ ਨਿਗਮ ਲੁਧਿਆਣਾ ਵੱਲੋਂ ਪੰਜਾਬ ਰੋਡ ਸੇਫਟੀ ਐਂਡ ਟ੍ਰੈਫਿਕ ਰਿਸਰਚ ਸੈਂਟਰ, ਐਸ.ਏ.ਐਸ. ਨਗਰ ਦੇ ਸਹਿਯੋਗ ਨਾਲ ਪ੍ਰਕਾਸ?ਿਤ ਕੀਤਾ ਗਿਆ ਹੈ। ਪੰਜਾਬ ਰੋਡ ਸੇਫਟੀ ਕੌਂਸਲ ਦੇ ਮੈਂਬਰ ਰਾਹੁਲ ਵਰਮਾ ਨੇ ਰਿਪੋਰਟ ਦੇ ਮੁੱਖ ਅੰਸ ਪੇਸ ਕੀਤੇ ਜਿਨ੍ਹਾਂ ਵਿੱਚ ਸਹਿਰ ਭਰ ਵਿੱਚ



ਟ੍ਰੈਫਿਕ ਰੁਕਾਵਟਾਂ ਨੂੰ ਦੂਰ ਕਰਨ ਅਤੇ ਵਾਹਨਾਂ ਦੇ ਪ੍ਰਵਾਹ ਨੂੰ ਸੁਚਾਰੂ ਬਣਾਉਣ ਲਈ ਕੀਮਤੀ ਸੁਝਾਅ ਦਿੱਤੇ ਗਏ। ਪੰਜਾਬ ਸਰਕਾਰ ਦੇ ਸਲਾਹਕਾਰ ਨਵਦੀਪ ਅਸੀਜਾ ਨੇ ਵੀ ਇੱਕ ਹੋਰ ਪੇਸਕਾਰੀ ਦਿੱਤੀ। ਪੇਸਕਾਰੀ ਵਿੱਚ ਲੁਧਿਆਣਾ ਵਿੱਚ ਕੁੱਲ 12 ਸੜਕ ਦੁਰਘਟਨਾ ਬਲੈਕ ਸਪਾਟਾਂ ਦੀ ਪਛਾਣ ਕੀਤੀ ਗਈ। ਇਹਨਾਂ ਵਿੱਚ ਸਾਮਲ ਹਨ: ਯੂਪੀਐਸਸੀ ਜੈਨ ਚੈਰੀਟੇਬਲ ਹਸਪਤਾਲ; ਬੌਬੀ ਪੈਲੇਸ ਤੋਂ ਸ?ਿੰਗਾਰ ਸਿਨੇਮਾ; ਸੇਠੀ ਆਈਸ ਕਰੀਮ ਟੀ-ਪੁਆਇੰਟ, ਮੈਟਰੋ ਰੋਡ; ਪੰਜਾਬ ਨੈਸਨਲ ਬੈਂਕ; ਇੱਟਾ ਵਾਲਾ ਚੌਕ; ਵਿਸਵਕਰਮਾ ਚੌਕ; ਦੁਰਗਾ ਮਾਤਾ ਮੰਦਰ; ਜਗਰਾਉਂ ਪੁਲ; ਜੈ ਮਾਤਾ ਚਿੰਤਪੁਰਨੀ ਢਾਬਾ ਤੋਂ ਭਾਰਤ ਪੈਟਰੋਲ ਪੰਪ; ਸਟੇਟ ਬੈਂਕ ਆਫ ਇੰਡੀਆ ਤੋਂ ਪੈਵੇਲੀਅਨ ਮਾਲ; ਪੁਲਿਸ ਲਾਈਨ, ਦੀਪ ਨਗਰ; ਅਤੇ ਸਬਜੀ ਮੰਡੀ ਚੌਕ। ਇਨ੍ਹਾਂ ਸਥਾਨਾਂ ਨੂੰ ਦੁਰਘਟਨਾਵਾਂ ਦੇ ਅੰਕੜਿਆਂ ਦੇ ਆਧਾਰ 'ਤੇ ਉੱਚ-ਜੋਖਮ ਵਾਲੇ ਖੇਤਰਾਂ ਵਜੋਂ ਪਛਾਣਿਆ ਗਿਆ ਹੈ ਅਤੇ ਸੁਧਾਰਾਤਮਕ ਕਾਰਵਾਈ ਲਈ ਤਰਜੀਹ ਦਿੱਤੀ ਜਾਵੇਗੀ। ਅਰੋੜਾ ਅਤੇ ਅਧਿਕਾਰੀਆਂ ਨੂੰ ਪੇਸਕਾਰੀ ਰਾਹੀਂ ਇਹ ਵੀ ਦੱਸਿਆ ਗਿਆ ਕਿ ਪੁਲਿਸ ਅਤੇ ਸਿਵਲ ਪ੍ਰਸਾਸਨ ਦੇ ਤਾਲਮੇਲ ਵਾਲੇ ਯਤਨਾਂ ਸਦਕਾ, ਲੁਧਿਆਣਾ ਵਿੱਚ ਸੜਕ ਹਾਦਸਿਆਂ ਨਾਲ ਸਬੰਧਤ ਮੌਤਾਂ ਵਿੱਚ ਕਮੀ ਆਈ ਹੈ। ਜਦੋਂ ਕਿ 2023 ਵਿੱਚ 403 ਮੌਤਾਂ ਦਰਜ ਕੀਤੀਆਂ ਗਈਆਂ ਸਨ, 2024 ਵਿੱਚ ਇਹ ਗਿਣਤੀ ਘੱਟ ਕੇ 377 ਹੋ ਗਈ, ਜੋ ਕਿ ਟ੍ਰੈਫਿਕ ਸੁਰੱਖਿਆ ਪਹਿਲਕਦਮੀਆਂ ਵਿੱਚ ਪ੍ਰਗਤੀ ਨੂੰ ਦਰਸਾਉਂਦੀ ਹੈ। ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਅਰੋੜਾ ਨੇ ਕਮਿਸਨਰ ਸਵਪਨ ਸਰਮਾ ਅਤੇ ਏਡੀਸੀਪੀ ਗੁਰਪ੍ਰੀਤ ਕੌਰ ਪੁਰੇਵਾਲ ਦਾ ਟ੍ਰੈਫਿਕ ਭੀੜ ਘਟਾਉਣ ਅਤੇ ਸੜਕ ਸੁਰੱਖਿਆ ਵਧਾਉਣ ਦੇ ਯਤਨਾਂ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਕਿ ਬਹੁਤ ਸਾਰੇ ਕਦਮ ਪਹਿਲਾਂ ਹੀ ਚੁੱਕੇ ਜਾ ਚੁੱਕੇ ਹਨ, ਭਵਿੱਖ ਵਿੱਚ ਹੋਰ ਵੀ ਉਪਾਅ ਲਾਗੂ ਕੀਤੇ ਜਾਣਗੇ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਦੁਰਘਟਨਾ ਸੰਭਾਵਿਤ ਖੇਤਰਾਂ ਨੂੰ ਸਰਗਰਮੀ ਨਾਲ ਸੰਬੋਧਿਤ ਕੀਤਾ ਜਾ ਰਿਹਾ ਹੈ ਤਾਂ ਜੋ ਮੌਤਾਂ ਦੀ ਸੰਭਾਵਨਾ ਨੂੰ ਘੱਟ ਕੀਤਾ ਜਾ ਸਕੇ। ਅਰੋੜਾ ਨੇ ਅੱਗੇ ਦੱਸਿਆ ਕਿ ਸਹਿਰ ਭਰ ਵਿੱਚ, ਖਾਸ ਕਰਕੇ ਛੁੱਟੀ ਦੇ ਸਮੇਂ ਦੌਰਾਨ ਵਿਦਿਅਕ ਸੰਸਥਾਵਾਂ ਦੇ ਨੇੜੇ ਟ੍ਰੈਫਿਕ ਸਮੱਸਿਆਵਾਂ ਨਾਲ ਨਜਿੱਠਣ ਲਈ 140 ਵਾਧੂ ਟ੍ਰੈਫਿਕ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ।

